
ISSN: 2277-9930

70

ਅਕਤੂਬਰ-ਦਸੰਬਰ 2021

# ਪ੍ਰਤਿਮਾਨ

ਮੁੱਲ: 50/-



# ਕਵਿਤਾਵਾਂ / ਸੋਹਣ ਸਿੰਘ ਮੀਸ਼ਾ

**ਸੋਹਣ ਸਿੰਘ ਮੀਸ਼ਾ (30 ਅਗਸਤ 1934 -22 ਸਤੰਬਰ 1986) ਦਾ ਜਨਮ ਪਿੰਡ ਭੇਟ, ਕਪੂਰਥਲਾ ਰਿਆਸਤ (ਪੰਜਾਬ) ਵਿੱਚ ਹੋਇਆ। ਉਨ੍ਹਾਂ ਦੀ ਸਿੱਖਿਆ ਐਮ.ਏ. ਅੰਗ੍ਰੇਜ਼ੀ ਹੈ। ਉਹ ਪੰਜਾਬੀ ਕਵਿਤਾ ਦੇ ਆਧੁਨਿਕ ਦੌਰ ਦੇ ਉੱਘੇ ਰੁਮਾਂਟਿਕ, ਭਰਮ-ਭੁਲੇਖੇ ਤੋੜਨ ਵਾਲੇ ਯਥਾਰਥਵਾਦੀ ਕਵੀ ਹਨ। ਉਨ੍ਹਾਂ ਨੂੰ 'ਕੱਚ ਦੇ ਵਸਤਰ' ਲਈ ਭਾਰਤੀ ਸਾਹਿਤ ਅਕਾਦਮੀ ਦਾ ਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਇਆ। ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਹਨ: ਚੁਰਸਤਾ (1961), ਦਸਤਕ (1966), ਧੀਮੇ ਬੋਲ (1972), ਕੱਚ ਦੇ ਵਸਤਰ (1974), ਚਪਲ ਚੇਤਨਾ (ਮੌਤ ਤੋਂ ਬਾਅਦ ਪ੍ਰਕਾਸ਼ਿਤ)।**

## ਸ਼ੁਭ-ਇਛਾਵਾਂ

ਭਾਰਤ ਦੇ ਦਿਲ
ਦਿੱਲੀ ਸ਼ਹਿਰ 'ਚ ਵਸਦੇ ਯਾਰਾ
ਹੈ ਰਸਮਾਂ ਦਾ ਭਾਈਚਾਰਾ
ਮਿਲ ਗਈਆਂ ਨੇ
ਮਿਲੀਆਂ ਕੁਝ ਪਛੜ ਕੇ ਭਾਵਾਂ
ਤੂੰ ਜੋ ਘੱਲੀਆਂ ਨਵੇਂ ਸਾਲ ਦੀਆਂ
ਸ਼ੁਭ-ਇਛਾਵਾਂ।
ਮੈਂ ਸ਼ਰਮਿੰਦਾ ਜੋ ਇਸ ਵਾਰੀ
ਰੰਗ-ਬਰੰਗੇ ਫੁੱਲਾਂ ਵਾਲਾਂ
ਛਪਿਆ ਰਸਮੀ ਖ਼ਤ
ਨਹੀਂ ਪਾਇਆ
ਉਂਜ ਮੈਂ ਪਿਛਲੇ ਸਾਲ ਵਾਂਗ ਹੀ
ਇਸ ਵਾਰੀ ਹੀ ਚਾਹਿਆ
ਨਵੇਂ ਸਾਲ ਤੂੰ ਮੌਜਾਂ ਮਾਣੇ
ਬਿਜਲੀ ਪਾਣੀ ਦੁੱਧ ਮਿੱਟੀ ਦਾ ਤੇਲ
ਖੰਡ ਸਬਜ਼ੀ ਤੇ ਆਟਾ
ਕਿਸੇ ਚੀਜ਼ ਦਾ ਰਹੇ ਨਾ ਘਾਟਾ
ਏਸ ਸਾਲ ਵਿਚ
ਘਰ ਤੋਂ ਦਫ਼ਤਰ ਅਤੇ
ਦਫ਼ਤਰੋਂ ਘਰ ਨੂੰ
ਰੋਜ਼ ਸੁਵਖਤੇ ਬੱਸ ਮਿਲ ਜਾਵੇ
ਬਹੁਤਾ ਚਿਰ ਨਾ
ਖੜ੍ਹਨਾ ਪਏ ਪਾਲ ਵਿਚ
ਚੜ੍ਹਦੇ ਸਾਲ 'ਚ
ਤੈਨੂੰ ਕੋਈ ਨਾ ਤੰਗੀ ਹੋਵੇ
ਵਧਦੇ ਭਾਵਾਂ ਜਿੰਨੀ ਹੀ
ਤਨਖਾਹ ਵਧ ਜਾਏ
ਤੇ ਇਸ ਵਾਰ ਦੀ
ਏ.ਸੀ.ਆਰ. ਵੀ ਚੰਗੀ ਹੋਵੇ
ਆ ਜਾਏ ਸਰਕਾਰੀ
ਕੋਟੇ ਵਿਚੋਂ ਵਾਰੀ
ਦਫ਼ਤਰ ਲਾਗੇ ਘਰ ਮਿਲ ਜਾਵੇ



ਵਿਚੋਂ ਇਕ
ਕਮਰੇ ਲਈ ਬਾਇਤਬਾਰ
ਕਰਾਏਦਾਰ ਵੀ
ਪੁੱਤਰ ਨੂੰ ਰੁਜ਼ਗਾਰ ਤੇ ਧੀ ਨੂੰ ਸਰਦਾ
ਪੁਜਦਾ ਵਰ ਮਿਲ ਜਾਵੇ
ਜੇ ਹੁਣ ਤੀਜੀ ਐਮ.ਏ. ਕਰਦੀ
ਮੀਆਂ ਬੀਵੀ ਦੇ ਵਿਚਕਾਰ
ਹੋਏ ਨਾ ਕੋਈ ਗੱਲ ਰੋਸ ਦੀ
ਤੇ ਜੋ ਪਿੰਡ ਦੀ
ਕਿਸੇ ਨਿਗੁਣੀ ਜਾਇਦਾਦ ਦੀ
ਕਿਸੇ ਕਚਹਿਰੀ ਵਿਚ
ਅਪੀਲ ਚਿਰੋਕੀ ਅੜੀ ਪਈ ਹੈ
ਨਵੇਂ ਸਾਲ ਵਿਚ ਨਿਕਲ ਆਏ
ਤਰੀਕ ਓਸਦੀ
ਜੇ ਮੈਂ ਤੈਨੂੰ
ਛਪਿਆ ਰਸਮੀ ਖੱਤ
ਨਹੀਂ ਪਾਇਆ
ਇਹ ਨਾ ਸਮਝੀਂ ਮਨੋਂ ਭੁਲਾਇਆ
ਕੀ ਕੀ ਦੱਸਾਂ
ਇਸ ਵਾਰੀ ਵੀ
ਮੈਂ ਤੇਰੇ ਲਈ ਕੀ ਕੀ ਚਾਹਿਆ।

## ਮੋਮਜਾਮਾ

ਪੋਹ ਫੁਟਾਲੇ
ਮੇਹਤਰਾਂ ਦੀ ਮਦਦ ਨਾਲ
ਰੇਹੜੇ ਉੱਤੇ ਲਾਸ਼
ਲੱਦੀ ਜਾ ਰਹੀ ਸੀ
ਗਲ 'ਚ ਖੁੱਲ੍ਹੇ ਵਾਲ
ਪਤਨੀ ਪਿੱਟਦੀ ਦੋਹਥੱੜੀ
ਕੁਰਲਾ ਰਹੀ ਸੀ
ਫਰਜ਼-ਬੱਧੀਆਂ ਕੁਝ
ਨਰਸਾਂ ਸਨ ਉਦਾਲੇ
ਵੱਡੇ ਪੁੱਤਰ ਦੇ ਕਲਾਵੇ ਵਿਚ
ਮਾਂ ਬੇਹੋਸ਼ ਸੀ
ਕੀ ਕਿਸੇ ਦਾ ਦੋਸ਼ ਸੀ।
ਲਾਸ਼ ਲੱਦੀ ਗਈ ਤਾਂ
ਇਕ ਚੁਕੰਨੀ
ਨਰਸ ਨੇ ਕੋਲੋਂ ਕਿਹਾ
ਨਾਲ ਚਲਿਆ ਜਾਏ ਨਾ
ਮੋਮਜਾਮਾ ਲਾਸ਼ ਦੇ ਹੇਠਾਂ ਰਿਹਾ
ਮਰਨ ਵਾਲੇ ਦੇ ਪਿਉ ਨੇ
ਆਪਣੇ ਪੁੱਤਰ ਦੇ ਹੇਠੋਂ
ਮਲਕ ਜਹੇ ਖਿਸਕਾ ਲਈ
ਉਹ ਸਫ਼ਾ-ਖਾਨੇ ਦੀ ਚੀਜ਼
ਬਿਰਧ ਸੋਗੀ ਕੰਬਦੇ ਹੱਥਾਂ ਦੇ ਵਿਚੋਂ
ਉਸ ਚੁਕੰਨੀ ਨਰਸ ਦੇ
ਪੈਰਾਂ ਦੇ ਉਤੇ ਡਿੱਗ ਪਈ
ਮੱਥੇ ਤੇ ਪਾ ਕੇ ਤਿਊੜੀ
ਜਾਣ ਲੱਗੇ
ਰੇਹੜੇ ਵੱਲ ਨੂੰ
ਘੂਰ ਕੇ ਉਸਨੇ ਕਿਹਾ
ਬਦਤਮੀਜ਼।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2021 ਅੰਕ 70

ISSN: 2277-9930

RNI No. PUNPUN/2006/16230

**ਸੰਪਾਦਕ (ਆਨਰੇਰੀ)**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in

**ਸਲਾਹਕਾਰ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ,
ਸੁਰਿੰਦਰ ਗੀਤ (ਕੈਨੇਡਾ)

**TITLE PAINTING BY**

BIMAL BISHWAS

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ

### ਸੰਪਾਦਕੀ


ਕਿਸਾਨ ਸੰਘਰਸ਼ ਦੀ ਜਿੱਤ / 2


### ਵਿਸ਼ੇਸ਼ ਲੇਖ


ਮਾਂ ਰੋ ਰਹੀ ਸੀ ਜਾਂ ਵਰਖਾ ਹੋ ਰਹੀ ਸੀ / ਕਿਸਲੋਵਸਕੀ / 3


### ਕਹਾਣੀਆਂ


ਕੱਚੀ ਪੌੜੀ / ਜਸਬੀਰ ਕਲਸੀ / 6, ਕੁਰਕੀ / ਬਲਵੀਰ ਕੌਰ ਰੀਹਲ / 15, ਸਟੇਟ ਅਵਾਰਡੀ / ਅਸ਼ੋਕ ਸੋਨੀ / 20


### ਕਵਿਤਾ / ਗ਼ਜ਼ਲ / ਗੀਤ


ਡਾ. ਮਨਮੋਹਨ / 4, ਜਗਵਿੰਦਰ ਜੋਧਾ / 5, ਦੇਵਿੰਦਰ ਕੌਰ, ਮਨਿੰਦਰ ਕੌਰ ਮਨ / 12, ਬੂਟਾ ਸਿੰਘ ਚੌਹਾਨ, ਮੀਨਾ ਮਹਿਰੋਕ / 13, ਦਰਸ਼ਨ ਬੁਲੰਦਵੀ / 14, ਮੋਹਣ ਮਤਿਆਲਵੀ ਰਮਿੰਦਰ ਰੰਮੀ / 18, ਅਸੰਗ ਘੋਸ਼, ਸੱਤਯ ਪ੍ਰਕਾਸ਼ ਉੱਪਲ / 19, ਪ੍ਰਤਿਭਾ ਚੌਹਾਨ, ਬਿਲੋਕ ਸ਼ਰਮਾ, ਉਤਪਲ ਡੇਕਾ / 21, ਦੀਪਾ ਕਾਂਡਪਾਲ, ਕੁਲਜੀਤ ਕੌਰ ਪਟਿਆਲਾ, ਛਿੰਦਰ ਕੌਰ / 22, ਡਾ. ਮਧੂ ਸ਼ਰਮਾ ਕਾਤਿਆਇਨੀ / 25, ਭੁਪਿੰਦਰ ਬਿਸ਼ਟ, ਨਰੇਸ਼ ਅਗਰਵਾਲ / 26, ਜੋਗਿੰਦਰ ਨੂਰਮੀਤ, ਪੁਸ਼ਪਿੰਦਰ ਵਿਰਕ / 27, ਜਯੋਤੀਕ੍ਰਿਸ਼ਨ ਵਰਮਾ / 30 ਡਾ. ਓਮ ਪ੍ਰਕਾਸ਼ ਸ਼ਰਮਾ / 34, ਡਾ. ਸਨੋਬਰ / 44, ਹਰਦੀਪ ਬਾਵਾ / 46


### ਆਲੋਚਨਾ ਨਿਬੰਧ / ਰੀਵੀਊ


ਤੇਰਾ ਸਿੰਘ ਚੰਨ : ਜੀਵਨ ਤੇ ਰਚਨਾ ਜਗਤ / ਰਮਨਦੀਪ ਕੌਰ / 23, ਆਵਾਸੀ ਮਜ਼ਦੂਰਾਂ ਦੀ ਹਾਸ਼ੀਆਗਤ ਪਛਾਣ: ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ / ਬਲਜਿੰਦਰ ਸਿੰਘ / 28, ਮੱਧਕਾਲੀ ਮੁਹਾਵਰੇ 'ਚ ਸਮਕਾਲ ਨੂੰ ਸੰਬੋਧਿਤ ਕਵੀ: ਦਰਸ਼ਨ ਬੁੱਟਰ / ਡਾ. ਰੁਪਿੰਦਰ ਕੌਰ, ਮਸ਼ਾਲਚੀ ਨਾਵਲ ਦੇ ਸਮਾਜਿਕ ਭਾਸ਼ਾਈ ਸਰੋਕਾਰ / ਡਾ. ਰਜਵੰਤ ਕੌਰ / 35, ਮੜ੍ਹੀ ਦਾ ਦੀਵਾ ਨਾਵਲ ਦੇ ਸਮਾਜ ਭਾਸ਼ਾਈ ਸਰੋਕਾਰ / ਡਾ. ਸੁਰਜੀਤ ਸਿੰਘ / 38, ਪੰਜਾਬੀ ਸੱਭਿਆਚਾਰ ਵਿੱਚ ਅੱਲ / ਪ੍ਰੋ. ਸੁਖਵਿੰਦਰ ਸਿੰਘ ਢਿੱਲੋਂ / 41, ਪੰਜਾਬੀ ਨਾਵਲ ਵਿੱਚ ਸੈਨਿਕ ਜੀਵਨ ਦੇ ਆਰਥਿਕ ਪਾਸਾਰ / ਕਿਰਨਦੀਪ ਕੌਰ / 43, ਸਵੈ-ਜੀਵਨੀ-ਮਨਪ੍ਰੀਤ ਕੌਰ / 45, ਮੇਰੀ ਨੰਨੀ ਲਿਲਾਹ: ਇਕ ਵਿਸ਼ਲੇਸ਼ਣ / ਡਾ. ਅੰਮ੍ਰਿਤਪਾਲ ਕੌਰ / 47



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।


## ਸੰਪਾਦਕੀ / ਕਿਸਾਨ ਸੰਘਰਸ਼ ਦੀ ਜਿੱਤ

ਦਿੱਲੀ ਦੀਆਂ ਬਰੂਹਾਂ ਤੇ ਬੈਠੇ ਕਿਸਾਨ ਮਜਦੂਰਾਂ ਦਾ 377 ਦਿਨਾਂ ਦਾ ਸੰਘਰਸ਼ ਅਨੇਕ ਦੁਸ਼ਵਾਰੀਆਂ, ਮੁਸੀਬਤਾਂ ਅਤੇ ਧੁੱਪਾਂ ਬਰਸਾਤਾਂ ਆਪਣੇ ਪਿੰਡੇ ਤੇ ਹੰਢਾਉਂਦਾ ਹੁਣ ਆਪਣੀ ਜਿੱਤ ਦੇ ਮੁਕਾਮ ਤੇ ਪਹੁੰਚਿਆ ਹੈ। ਇਸ ਅੰਦੋਲਨ ਨੇ ਦੁਨੀਆਂ ਨੂੰ ਬਹੁਤ ਕੁਝ ਸਿੱਖਣ ਲਈ ਦਿੱਤਾ ਹੈ। ਸਭ ਤੋਂ ਵੱਡਾ ਸੁਨੇਹਾ ਇਹੀ ਹੈ ਕਿ ਅਨਿਆਂ ਦੇ ਖਿਲਾਫ਼ ਜੰਗ ਲੜਨੀ ਹੀ ਮਨੁੱਖ ਦਾ ਸੱਚਾ ਧਰਮ ਹੈ। ਆਪਣੇ ਹੱਕਾਂ ਦੀ ਰਾਖੀ ਕਰਨੀ ਤੇ ਸ਼ਾਂਤਮਈ ਅਤੇ ਅਹਿੰਸਕ ਰਹਿ ਕੇ ਕਿਸ ਤਰਾਂ ਜੰਗ ਨੂੰ ਜਿੱਤ ਦੀ ਕਗਾਰ ਤੱਕ ਲੈ ਕੇ ਜਾਣਾ ਹੈ, ਇਹ ਸਬਕ ਇਸ ਅੰਦੋਲਨ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਰਕਾਰੀ ਚਾਲਾਂ, ਇਲਜ਼ਾਮਾਂ, ਦੂਸ਼ਣਾਂ ਅਤੇ ਤੋਹਮਤਾਂ ਨਾਲ ਸਹਿਜ ਰਹਿ ਕੇ ਕਿਸ ਤਰਾਂ ਨਿਪਟਣਾ ਹੈ ਅਤੇ ਘੋਲ ਨੂੰ ਜਾਰੀ ਰੱਖਣਾ ਹੈ, ਇਹ ਸਿੱਖਿਆ ਵੀ ਇਸ ਅੰਦੋਲਨ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅਨੇਕ ਤਰਾਂ ਦੀਆਂ ਚਾਲਾਂ ਦੇ ਬਾਵਜੂਦ ਵੀ ਸਰਕਾਰ ਇਸ ਅੰਦੋਲਨ ਨੂੰ ਕਮਜ਼ੋਰ ਕਰਨ ਵਿਚ ਨਾਕਾਮਯਾਬ ਰਹੀ ਅਤੇ ਕਿਸਾਨ ਯੋਧਿਆਂ ਦੇ ਹੌਂਸਲਿਆਂ ਨੂੰ ਕਮਜ਼ੋਰ ਨਹੀਂ ਕਰ ਸਕੀ। ਅੰਦੋਲਨ ਵਿੱਚ ਸੱਤ ਸੌ ਤੋਂ ਵੱਧ ਕਿਸਾਨ ਵੀਰਾਂ ਭੈਣਾਂ ਦੇ ਸ਼ਹੀਦ ਹੋਣ ਦੇ ਬਾਵਜੂਦ ਕਿਸ ਤਰਾਂ ਕਿਸਾਨ ਵੀਰਾਂ ਨੇ ਆਪਣਾ ਸਬਰ ਸਿਦਕ ਕਾਇਮ ਰੱਖਿਆ, ਇਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਦਰਜ ਕੀਤੀ ਜਾਵੇਗੀ। ਇਸ ਸੰਘਰਸ਼ ਨੇ ਸਿਰਫ਼ ਪੰਜਾਬ ਵਿਚ ਹੀ ਨਹੀਂ ਬਲਕਿ ਸਮੁੱਚੇ ਦੇਸ਼ ਵਿਚ ਤੇ ਵਿਦੇਸ਼ਾਂ ਵਿਚ ਵੀ ਮਨੁੱਖੀ ਭਾਈਚਾਰਕ ਸਾਂਝ ਨੂੰ ਮਜਬੂਤ ਕੀਤਾ। ਪੰਜਾਬ, ਹਰਿਆਣਾ, ਪੱਛਮੀ ਬੰਗਾਲ ਅਤੇ ਉੱਤਰ ਪ੍ਰਦੇਸ਼ ਦੇ ਸਭ ਕਿਸਾਨ ਮਜਦੂਰਾਂ ਦੇ ਏਕੇ ਨੇ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਬਾਰਡਰਾਂ ਤੇ ਬੈਠੇ ਕਿਸਾਨ ਯੋਧਿਆਂ ਦੇ ਨਾਲ ਲੇਖਕਾਂ, ਗਾਇਕਾਂ, ਤੇ ਸਮਾਜ ਦੇ ਹਰ ਵਰਗ ਨੇ ਆਪਣਾ ਯੋਗਦਾਨ ਪਾਇਆ। ਵਿਦੇਸ਼ਾਂ ਵਿਚੋਂ ਵੀ ਆਪਣੇ ਆਪਣੇ ਢੰਗ ਨਾਲ ਅੰਦੋਲਨ ਦੀ ਡਟਵੀਂ ਹਮਾਇਤ ਅਤੇ ਸਹਾਇਤਾ ਕੀਤੀ ਗਈ। ਇਸ ਅੰਦੋਲਨ ਨੇ ਦੱਸ ਦਿੱਤਾ ਹੈ ਕਿ ਕੋਈ ਵੀ ਸਰਕਾਰ ਬਹੁਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਆਪਣੇ ਤਾਨਾਸ਼ਾਹੀ, ਅਨੈਤਿਕ ਅਤੇ ਲੋਕ-ਵਿਰੋਧੀ ਫੈਸਲੇ ਜਨਤਾ ਤੇ ਨਹੀਂ ਠੋਸ ਸਕਦੀ। ਕਿਸਾਨ ਆਗੂਆਂ ਨੇ ਜਿਸ ਸੂਝ ਅਤੇ ਸਮਝਦਾਰੀ ਨਾਲ ਇਸ ਅੰਦੋਲਨ ਦੀ ਅਗਵਾਈ ਕੀਤੀ ਹੈ ਉਹ ਬੇਹੱਦ ਸਲਾਹੁਣਯੋਗ ਹੈ। ਇਸ ਅੰਦੋਲਨ ਨੇ ਆਮ ਸਾਧਾਰਣ ਜਨਤਾ ਨੂੰ ਕਾਲੇ ਕਨੂੰਨਾਂ ਦੇ ਪਿੱਛੇ ਕੰਮ ਕਰ ਰਹੀਆਂ ਕਾਰਪੋਰੇਟ ਤਾਕਤਾਂ ਦੇ ਅਸਲੀਅਤ ਤੋਂ ਜਾਣੂੰ ਕਰਵਾਇਆ ਹੈ। ਮੁਜ਼ਫ਼ਰ ਨਗਰ ਵਿਚ ਹੋਈ ਰੈਲੀ ਵਿਚ ਲੋਕਾਂ ਦੇ ਇਕੱਠ ਨੂੰ ਦੇਖਦੇ ਅਤੇ ਦੇਸ਼ ਵਿਦੇਸ਼ ਵਿਚ ਸਰਕਾਰ ਦੀ ਹੁੰਦੀ ਤੋਏ ਤੋਏ ਨੂੰ ਤੱਕਦੇ ਆਉਂਦੀਆਂ ਚੋਣਾਂ ਵਿਚ ਸਰਕਾਰ ਨੂੰ ਆਪਣੀ ਹਾਰ ਨਜ਼ਰ ਆਉਣ ਲੱਗੀ ਸੀ, ਜਿਸ ਕਾਰਨ ਸਰਕਾਰ ਨੂੰ ਆਪਣੇ ਹੀ ਬਣਾਏ ਖੇਤੀ ਕਾਨੂੰਨਾਂ ਨੂੰ ਵਾਪਿਸ ਲੈਣ ਲਈ ਮਜਬੂਰ ਹੋਣਾ ਪਿਆ ਅਤੇ ਲੋਕਤੰਤਰ ਦੇ ਸਾਹਮਣੇ ਝੁਕਣਾ ਪਿਆ। ਪਰ ਇਹ ਮੋਰਚਾ ਜਿੱਤ ਲੈਣਾ ਹੀ ਅੰਤਿਮ ਜਿੱਤ ਨਹੀਂ ਹੈ, ਅੱਗੇ ਬਹੁਤ ਹੀ ਔਝੜ ਪੈਂਡੇ ਨੇ, ਚੋਣਾਂ ਦਾ ਮੌਸਮ ਹੈ ਅਤੇ ਲੜਾਈਆਂ ਵੀ ਬਹੁਤ ਪੇਚੀਦਾ ਨੇ ਪਰ ਸਾਨੂੰ ਪੰਜਾਬੀਆਂ ਦੀ ਇੱਕਜੁਟਤਾ ਤੇ ਭਾਈਚਾਰੇ ਤੇ ਕੋਈ ਸ਼ੱਕ ਨਹੀਂ, ਇਹ ਯੋਧੇ ਹਰ ਜੰਗ ਵਿਚੋਂ ਵਿਜਈ ਹੋ ਕੇ ਜਿੱਤ ਦੇ ਨਗਾਰੇ ਵਜਾਉਂਦੇ ਪਰਤਣਗੇ।

# ਮਾਂ ਰੋ ਰਹੀ ਸੀ ਜਾਂ ਵਰਖਾ ਹੋ ਰਹੀ ਸੀ / ਕਿਸਲੋਵਸਕੀ

ਅਸੀਂ ਬੇਹੱਦ ਗਰੀਬ ਪਰਵਾਰ ਵਿੱਚੋਂ ਸਾਂ। ਮੇਰੇ ਪਿਤਾ ਜੀ ਸਿਵਲ ਇੰਜਨੀਅਰ ਸਨ ਅਤੇ ਮੇਰੀ ਮਾਂ ਦਫ਼ਤਰ ਵਿੱਚ ਕਲਰਕ। ਮੇਰੇ ਪਿਤਾ ਜੀ ਨੂੰ ਟੀਬੀ ਸੀ ਅਤੇ ਦੂਜੇ ਸੰਸਾਰ ਯੁੱਧ ਦੇ ਬਾਅਦ ਬਾਰਾਂ ਸਾਲ ਉਹ ਹਰ ਪਲ ਉਸ ਨਾਲ਼ ਜੂਝਦੇ ਹੋਏ ਮਰਦੇ ਰਹੇ। ਉਨ੍ਹਾਂ ਨੂੰ ਹਮੇਸ਼ਾ ਸੈਨੀਟੋਰੀਅਮ ਵਿੱਚ ਭੇਜਿਆ ਜਾਂਦਾ ਸੀ। ਹਾਲਾਂਕਿ ਅਸੀਂ, ਯਾਨੀ ਮੇਰੀ ਮਾਂ, ਮੇਰੀ ਭੈਣ ਅਤੇ ਮੈਂ ਉਨ੍ਹਾਂ ਦੇ ਕਰੀਬ ਰਹਿਣਾ ਚਾਹੁੰਦੇ ਸਾਂ, ਇਸ ਲਈ ਅਸੀਂ ਉਨ੍ਹਾਂ ਦੇ ਨਾਲ-ਨਾਲ ਚਲੇ ਜਾਂਦੇ। ਜਿਸ ਸ਼ਹਿਰ ਦੇ ਸੈਨੀਟੋਰੀਅਮ ਵਿੱਚ ਉਨ੍ਹਾਂ ਨੂੰ ਭਰਤੀ ਕਰਾਇਆ ਜਾਂਦਾ, ਮੇਰੀ ਮਾਂ ਉਸੇ ਸ਼ਹਿਰ ਦੇ ਕਿਸੇ ਦਫਤਰ ਵਿੱਚ ਨੌਕਰੀ ਕਰ ਲੈਂਦੀ।

ਬਚਪਨ ਵਿੱਚ ਮੇਰੇ ਫੇਫੜੇ ਵੀ ਬੇਹੱਦ ਕਮਜ਼ੋਰ ਸਨ। ਹਮੇਸ਼ਾ ਇਹ ਸੰਦੇਹ ਬਣਿਆ ਰਹਿੰਦਾ ਕਿ ਮੈਨੂੰ ਵੀ ਟੀਬੀ ਹੋ ਜਾਵੇਗੀ। ਦੂਜੇ ਬੱਚਿਆਂ ਦੀ ਤਰ੍ਹਾਂ ਮੈਂ ਵੀ ਫੁਟਬਾਲ ਖੇਡ ਲੈਂਦਾ ਜਾਂ ਸਾਇਕਲ ਚਲਾ ਲੈਂਦਾ, ਲੇਕਿਨ ਬਹੁਤਾ ਸਮਾਂ ਮੈਂ ਬੀਮਾਰ ਰਹਿੰਦਾ, ਇਸ ਲਈ ਮੇਰੇ ਉੱਪਰ ਕੰਬਲ ਜਾਂ ਚਾਦਰ ਦੇ ਕੇ ਬਰਾਂਡੇ ਵਿੱਚ ਲਿਟਾ ਦਿੱਤਾ ਜਾਂਦਾ ਸੀ। ਬਰਾਂਡੇ ਜਾਂ ਵਿਹੜੇ ਵਿੱਚ ਇਸ ਲਈ ਤਾਂਕਿ ਮੇਰੇ ਫੇਫੜਿਆਂ ਨੂੰ ਤਾਜ਼ਾ ਹਵਾ ਮਿਲਦੀ ਰਹੇ। ਅਜਿਹੇ ਵਿੱਚ ਮੇਰੇ ਕੋਲ ਕਾਫ਼ੀ ਵਕਤ ਹੁੰਦਾ। ਮੈਂ ਉਸ ਵਕਤ ਦਾ ਇਸਤੇਮਾਲ ਪੜ੍ਹਨ ਲਈ ਕੀਤਾ। ਜਦੋਂ ਮੈਨੂੰ ਠੀਕ ਤਰ੍ਹਾਂ ਪੜ੍ਹਨਾ ਨਹੀਂ ਆਉਂਦਾ ਸੀ, ਮੇਰੀ ਮਾਂ ਮੈਨੂੰ ਕਿਤਾਬਾਂ ਪੜ੍ਹ ਕੇ ਸੁਣਾਇਆ ਕਰਦੀ ਸੀ। ਬਹੁਤ ਛੇਤੀ ਮੈਂ ਪੜ੍ਹਨ ਲੱਗ ਪਿਆ। ਮੈਂ ਬਹੁਤ ਤੇਜ਼ ਪੜ੍ਹਦਾ ਸੀ। ਮੈਂ ਰਾਤ ਨੂੰ ਛੋਟੀ ਜਿਹੀ ਟਾਰਚ ਜਾਂ ਮੋਮਬੱਤੀ ਦੀ ਰੋਸ਼ਨੀ ਵਿੱਚ ਵੀ ਪੜ੍ਹ ਲੈਂਦਾ ਸੀ। ਅਕਸਰ ਚਾਦਰ ਦੇ ਅੰਦਰ ਮੂੰਹ ਢੱਕ ਕੇ ਸਵੇਰ ਤੱਕ ਉਸੇ ਤਰ੍ਹਾਂ ਪੜ੍ਹਦਾ ਰਹਿੰਦਾ।



ਜਿਸ ਦੁਨੀਆਂ ਵਿੱਚ ਮੈਂ ਰਹਿੰਦਾ ਸੀ, ਉਸ ਵਿੱਚ ਦੋਸਤ ਸਨ, ਸਾਇਕਲਾਂ ਸਨ, ਇੱਧਰ-ਓਧਰ ਘੁੰਮ ਫਿਰ ਆਉਣਾ ਵੀ ਸੀ। ਪਰ ਮੇਰੇ ਲਈ ਕਿਤਾਬਾਂ ਦੀ ਦੁਨੀਆਂ ਵੀ ਓਨੀ ਹੀ ਅਸਲ ਸੀ। ਅਜਿਹਾ ਨਹੀਂ ਕਿ ਮੇਰੇ ਕੋਲ਼ ਸਿਰਫ ਕਾਮੂ ਅਤੇ ਦੋਸਤੋਵਸਕੀ ਹੀ ਸਨ, ਇਹ ਤਾਂ ਮੇਰੀ ਦੁਨੀਆਂ ਦਾ ਇੱਕ ਹਿੱਸਾ ਸਨ। ਉਸ ਦੁਨੀਆਂ ਵਿੱਚ ਕਾਉ-ਬੁਆਏਜ਼ ਵੀ ਸਨ ਅਤੇ ਦੇਸੀ ਨਾਇਕ ਵੀ। ਲੰਬੇ ਸਮੇਂ ਤੱਕ ਮੈਂ ਇਹ ਮੰਨਦਾ ਰਿਹਾ ਕਿ ਦੁਨੀਆਂ ਵਿੱਚ ਭੌਤਿਕ ਦੇ ਇਲਾਵਾ ਕੁੱਝ ਚੀਜ਼ਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਨੂੰ ਤੁਸੀ ਛੂ ਨਹੀਂ ਸਕਦੇ ਜਾਂ ਦੁਕਾਨਾਂ ਵਿੱਚ ਖਰੀਦ ਨਹੀਂ ਸਕਦੇ। ਕਿਤਾਬਾਂ ਪੜ੍ਹਨਾ ਅਜਿਹਾ ਹੀ ਇੱਕ ਅਨੁਭਵ ਹੈ।

ਮੇਰੇ ਲਈ ਮੇਰੇ ਪਿਤਾ ਜ਼ਿਆਦਾ ਅਹਿਮ ਹਨ, ਬਜਾਏ ਮਾਂ ਦੇ, ਕਿਉਂਕਿ ਪਿਤਾ ਬਹੁਤ ਜਲਦੀ ਚੱਲ ਬਸੇ ਸਨ। ਲੇਕਿਨ ਅੱਜ ਮੈਂ ਇਹ ਕਹਿ ਸਕਦਾ ਹਾਂ ਕਿ ਮੇਰੀ ਮਾਂ ਵੀ ਓਨੀ ਹੀ ਅਹਿਮ ਸੀ, ਕਿਉਂਕਿ ਉਸੇ ਦੀ ਵਜ੍ਹਾ ਨਾਲ਼ ਮੈਂ ਫ਼ਿਲਮ ਸਕੂਲ ਗਿਆ ਅਤੇ ਫ਼ਿਲਮ ਲਾਈਨ ਵਿੱਚ ਆਇਆ।

ਫ਼ਿਲਮ ਸਕੂਲ ਦੀ ਦਾਖ਼ਲਾ ਪਰੀਖਿਆ ਮੈਂ ਦੂਜੀ ਵਾਰ ਦਿੱਤੀ ਸੀ। ਉਸਦੇ ਬਾਅਦ ਅਜਿਹੀ ਘਟਨਾ ਘਟੀ, ਜਿਸ ਨੇ ਮੇਰੀਆਂ ਵੱਡ-ਅਕਾਂਖਿਆਵਾਂ ਨੂੰ ਭੜਕਾ ਦਿੱਤਾ। ਪਰੀਖਿਆ ਦੇ ਬਾਅਦ ਮੈਂ ਘਰ ਆਇਆ। ਮਾਂ ਨੂੰ ਫੋਨ ਕੀਤਾ ਅਤੇ ਤੈਅ ਕੀਤਾ ਕਿ ਆਪਾਂ ਵਾਰਸਾ ਦੇ ਚੁਰਾਹੇ ਦੀਆਂ ਪੌੜੀਆਂ ਦੇ ਕੋਲ ਮਿਲ਼ਾਂਗੇ। ਮਾਂ ਨੂੰ ਬਹੁਤ ਆਸ ਸੀ ਕਿ ਮੈਂ ਫ਼ਿਲਮ ਸਕੂਲ ਵਿੱਚ ਦਾਖ਼ਲਾ ਲੈ ਲਵਾਂਗਾ। ਮੇਰਾ ਕੈਰੀਅਰ ਬਣ ਜਾਵੇਗਾ। ਪਰ ਮੈਨੂੰ ਪਤਾ ਸੀ ਕਿ ਮੈਂ ਦੂਜੀ ਵਾਰ ਵੀ ਫੇਲ੍ਹ ਹੋ ਚੁੱਕਿਆ ਹਾਂ। ਉਹ ਪੌੜੀਆਂ ’ਤੇ ਉੱਪਰੋਂ ਆਈ ਅਤੇ ਮੈਂ ਹੇਠਾਂ ਵੱਲੋਂ। ਮੈਂ ਚਲਦੇ-ਚਲਦੇ ਉਸਦੇ ਕੋਲ ਗਿਆ। ਮੋਹਲੇਧਾਰ ਵਰਖਾ ਹੋ ਰਹੀ ਸੀ। ਉਥੇ ਖੜ੍ਹੀ ਖੜ੍ਹੀ ਮਾਂ ਪੂਰੀ ਤਰ੍ਹਾਂ ਭਿੱਜ ਗਈ। ਫ਼ਿਲਮ ਸਕੂਲ ਦੀ ਦਾਖ਼ਲਾ ਪਰੀਖਿਆ ਵਿੱਚ ਮੈਂ ਦੂਜੀ ਵਾਰ ਵੀ ਫੇਲ੍ਹ ਹੋ ਗਿਆ ਸੀ, ਇਹ ਜਾਣਕੇ ਉਹ ਬੇਹੱਦ ਦੁਖੀ ਅਤੇ ਨਿਰਾਸ਼ ਹੋ ਗਈ। ਉਸ ਨੇ ਬੇਹੱਦ ਅਫ਼ਸੋਸ ਨਾਲ਼ ਕਿਹਾ, ਸ਼ਾਇਦ ਤੂੰ ਫ਼ਿਲਮਾਂ ਲਈ ਬਣਿਆ ਹੀ ਨਹੀਂ ਹੈਂ।

ਮੈਨੂੰ ਨਹੀਂ ਪਤਾ, ਉਹ ਰੋ ਰਹੀ ਸੀ ਜਾਂ ਮੀਂਹ ਦੇ ਕਾਰਨ ਉਸ ਦਾ ਚਿਹਰਾ ਅਤੇ ਅੱਖਾਂ ਗਿੱਲੀਆਂ ਸਨ, ਪਰ ਮਾਂ ਨੂੰ ਏਨਾ ਦੁਖੀ ਵੇਖ ਕੇ ਮੈਂ ਉਸ ਨਾਲ਼ੋਂ ਵੀ ਜ਼ਿਆਦਾ ਦੁਖੀ ਹੋ ਗਿਆ। ਉਹੀ ਪਲ ਸੀ, ਜਦੋਂ ਮੈਂ ਇਹ ਤੈਅ ਕੀਤਾ, ਚਾਹੇ ਦੁਨੀਆ ਏਧਰ ਤੋਂ ਉੱਧਰ ਹੋ ਜਾਵੇ, ਹੁਣ ਮੈਂ ਫ਼ਿਲਮ ਸਕੂਲ ਵਿੱਚ ਦਾਖ਼ਲਾ ਲੈ ਕੇ ਹੀ ਰਹਾਂਗਾ। ਹੁਣ ਮੈਂ ਪੂਰੀ ਦੁਨੀਆਂ ਦੇ ਸਾਹਮਣੇ ਇਹ ਸਾਬਤ ਕਰਕੇ ਰਹਾਂਗਾ ਕਿ ਮੈਂ ਸਿਰਫ਼ ਅਤੇ ਸਿਰਫ਼ ਫ਼ਿਲਮਾਂ ਲਈ ਹੀ ਬਣਿਆ ਹਾਂ ।

ਸਾਲਾਂ ਬਾਅਦ ਇੱਕ ਵੱਡੇ ਉਤਸਵ ਵਿੱਚ ਸੰਪਾਦਕ ਸਾਰੇ ਨਿਰਦੇਸ਼ਕਾਂ ਨੂੰ ਸਵਾਲ ਕਰ ਰਹੇ ਸਨ ਕਿ ਜੇਕਰ ਉਹ ਫ਼ਿਲਮ ਨਾ ਬਣਾਉਂਦੇ, ਤਾਂ ਕੀ ਕਰਦੇ? ਸਭ ਨੇ ਖ਼ੂਬ ਜਵਾਬ ਦਿੱਤੇ। ਮੇਰੀ ਵਾਰੀ ਆਈ, ਤਾਂ ਮੈਨੂੰ ਵਾਰਸਾ ਦੇ ਉਸ ਚੁਰਾਹੇ ’ਤੇ ਖੜੀ ਮਾਂ ਦਾ ਦੁਖੀ ਚਿਹਰਾ ਯਾਦ ਆ ਗਿਆ। ਮੈਂ ਜਵਾਬ ਦਿੱਤਾ, ਕਿਉਂਕਿ ਮੈਨੂੰ ਕੋਈ ਦੂਜਾ ਕੰਮ ਨਹੀਂ ਆਉਂਦਾ, ਕਿਉਂਕਿ ਮੈਂ ਫ਼ਿਲਮਾਂ ਲਈ ਹੀ ਬਣਿਆ ਹਾਂ। ਉੱਥੇ ਮੌਜੂਦ ਫ਼ਿਲਮਕਾਰਾਂ ਵਿੱਚ ਇਹ ਸਭ ਤੋਂ ਛੋਟਾ ਜਵਾਬ ਸੀ। ਪਰ ਸੱਚ ਤਾਂ ਇਹ ਹੈ ਕਿ ਮੈਂ ਅੱਜ ਤੱਕ ਨਹੀਂ ਜਾਣਦਾ, ਉਸ ਰੋਜ਼ ਮਾਂ ਰੋ ਰਹੀ ਸੀ ਜਾਂ ਵਰਖਾ ਹੋ ਰਹੀ ਸੀ।

(ਕਿਸਲੋਵਸਕੀ ਆਨ ਕਿਸਲੋਵਸਕੀ ਵਿੱਚੋਂ)

## ਕਵਿਤਾਵਾਂ / ਡਾ. ਮਨਮੋਹਨ



### ਰਹੱਸ

ਪਾਠਕ ਵਾਂਗ ਕਿਤਾਬ ਦੀ ਵੀ ਮਰਜ਼ੀ ਹੁੰਦੀ
ਕਦੋਂ ਕਿੱਥੇ ਕਿਵੇਂ ਕਿਸ ਕੋਲ਼ੋਂ ਪੜ੍ਹ ਹੋਣੈ
ਪਾਠਕ ਘੜ ਲਵੇ ਕਿੰਨੀਆਂ ਤਰਕੀਬਾਂ
ਪੜ੍ਹਨੀ ਹੀ ਪੜ੍ਹਨੀ ਇਹ ਕਿਤਾਬ
ਪੜ੍ਹੇ ਜਾਣਾ ਹੁੰਦੈ ਜਦੋਂ ਉਦੋਂ ਹੀ
ਆਪਣੇ ਆਪ ਨੂੰ ਪੜ੍ਹਾਉਂਦੀ ਕਿਤਾਬ
ਸੋਚਿਆ ਹੁੰਦਾ ਪਾਠਕ ਨੇ ਕਿ ਹੱਥਲੀ ਕਿਤਾਬ
ਪੜ੍ਹ ਦੇਣੀ ਦਿਨਾਂ 'ਚ ਹੀ ਕਿ ਹੋਰ ਕੰਮ ਆ ਪੈਂਦਾ
ਰਹਿ ਜਾਂਦੀ ਅੱਧ ਵਿਚਾਲ਼ੇ ਕਿਸੇ ਦਿਨ ਅਚਾਨਕ
ਹੱਥ ਲੱਗ ਜਾਂਦੀ ਹੈ ਕੋਈ ਹੋਰ ਕਿਤਾਬ
ਬਹੁਤ ਦੂਰੋਂ ਸਬੰਧਿਤ ਹੁੰਦੀ ਹੱਥਲੀ ਕਿਤਾਬ
ਓਸ ਕਿਤਾਬ ਨਾਲ਼ ਲੰਬਿਤ ਹੁੰਦੀ ਜੋ ਦਿਨਾਂ ਤੋਂ
ਜਿਵੇਂ ਯਾਦ ਆ ਜਾਵੇ ਭੁੱਲਿਆ ਵਿਸਰਿਆ ਪ੍ਰੇਮ
ਪੜ੍ਹਨ ਤੇ ਪ੍ਰੇਮ ਕਰਨ ਦੇ ਸਾਰੇ ਸੰਯੋਗ ਪੂਰਵ ਨਿਸਚਿਤ
ਸਮਝ ਨਹੀਂ ਸਕਿਆ ਕੋਈ ਅੱਜ ਤੱਕ ਏਹ ਅਧਿਆਤਮ।

### ਡੀਲਰਨਿੰਗ

ਕਮਰਾ ਮੇਰਾ ਨਾਲ਼ ਕਿਤਾਬਾਂ ਭਰਿਆ
ਚਾਰੋ ਪਾਸੇ ਧੁਰ ਛੱਤ ਤੱਕ ਚਿਣੀਆਂ
ਰੰਗ ਬਰੰਗੀਆਂ ਕਈ ਵਿਸ਼ਿਆਂ ਵਿਧਾਵਾਂ
ਅਨੁਸ਼ਾਸਨਾਂ ਭਾਸ਼ਾਵਾਂ ਦੀਆਂ ਕਿਤਾਬਾਂ
ਭਟਕਦਾ ਰਹਿਨਾਂ ਚੱਤੋ ਪਹਿਰ ਦਿਨ ਰਾਤ
ਕਦੇ ਡੋਰ ਭਰਿਆ ਕਦੇ ਡਰਿਆ ਕਦੇ
ਆਨੰਦ ਵਿਭੋਰਾ ਕਿਤਾਬਾਂ ਵਿੱਚ ਘਿਰਿਆ
ਪੋਤੇ ਟੌਂਟੀ ਦੇ ਆਉਣ ਬਾਅਦ ਇਨ੍ਹੀਂ ਦਿਨੀਂ
ਹੁਣ ਰਹਿਣ ਮੇਰੇ ਆਸੇ ਪਾਸੇ ਖਿੱਲਰੇ
ਰੰਗ ਬਰੰਗੇ ਵੰਨ ਸੁਵੰਨੇ ਖਿਡੌਣੇ...
ਜਹਾਜ਼ ਸ਼ੇਰ ਹਾਥੀ ਖ਼ਰਗੋਸ਼ ਚੂਹੇ
ਅਜੀਬੋ ਗ਼ਰੀਬ ਧੁਨੀਆਂ ਵਾਲ਼ੇ
ਅਲੋਕਾਰ ਗਤੀਆਂ ਵਾਲ਼ੇ ਘੁੱਗੂ ਘੋੜੇ
ਤੁਰਨ ਫਿਰਨ ਆਲ਼ੇ ਦੁਆਲ਼ੇ ਮੇਰੇ
ਕਿਤਾਬਾਂ ਖਿਡੌਣਿਆਂ ਵਾਂਗ ਦਿੱਸਣ
ਖਿਡੌਣੇ ਕਿਤਾਬਾਂ ਵਰਗੇ ਜਾਪਣ...!
ਭੁੱਲ ਰਿਹਾਂ ਕਿਤਾਬਾਂ ਨਾਲ਼
ਖਿਡੌਣਿਆਂ ਵਾਂਗ ਖੇਡਣ ਦੀ ਕਲਾ
ਸਿੱਖ ਰਿਹਾਂ ਖਿਡੌਣਿਆਂ ਨੂੰ
ਕਿਤਾਬਾਂ ਵਾਂਗ ਪੜ੍ਹਨ ਦੀ ਭਾਸ਼ਾ...।

### ਇਉਂ ਵੀ...

ਅੱਸੂ ਕੱਤਕ ਦਾ ਨਿੰਮਾਂ ਨਿੰਮਾਂ ਮੌਸਮ
ਛਾਂਵੇਂ ਰਤਾ ਕੁ ਠੰਢ ਧੁੱਪੇ ਕੁਝ ਗਰਮ
ਪ੍ਰਾਂਗਣ 'ਚ ਖਿੜੇ ਪਏ ਪਾਰੀਜਾਤ ਦੇ ਫੁੱਲ
ਕੋਮਲ ਕਾਇਆ ਅਲਪ ਆਯੂ
ਬੜੀ ਥੋੜ੍ਹ ਚਿਰੀ ਹਲ ਚਲ
ਡਿੱਗਦੇ ਰਹਿਣ ਰਾਤ ਭਰ ਹਰ ਪਲ
ਠਹਿਰੀ ਚੁੱਪ 'ਚ ਲਗਾਤਾਰ ਸੁਣੀਂਦੀ
ਡਿੱਗਣ ਦੀ ਸਹਿਜ ਸੂਖਮ ਕਲ ਕਲ
ਸੂਰਜ ਚੜ੍ਹਨ ਤੱਕ ਘਾਹ 'ਤੇ ਵਿੱਛ ਜਾਂਦੀ
ਕੇਸਰੀ ਚਿੱਟੀ ਕੇਸੂ ਰੰਗੀ ਚਾਦਰ ਝੀਣੀ ਬੀਣੀ
ਜਿਸ ਉੱਪਰ ਆ ਘੜੀ ਪਲ ਬਹਿਣਾ ਕਿਸੇ ਨਹੀਂ
ਜਿਵੇਂ ਤੇਰਾ ਆਉਣਾ ਬਿਨਾ ਕੋਈ ਗੱਲ ਕੀਤਿਓਂ
ਮਲਕ ਦੇਣੀ ਅਣਦੱਸੀ ਦਿਸ਼ਾ ਵੰਨੀ ਤੁਰ ਜਾਣਾ
ਛੱਡ ਜਾਂਦੈ ਪਿੱਛੇ ਹਵਾ ਦਾ ਦੇਰ ਤੱਕ ਸਿਸਕਣਾ
ਕੁਝ ਸੰਯੋਗ ਘਟਨਾਵਾਂ ਕਿਉਂ ਲੱਗਣ ਇੱਕੋ ਜਿਹੀਆਂ...!

### ਖੋਜ ਯਾਤਰਾ

ਮੇਰੇ ਗੋਲਾਰਧ ਦਾ ਕੇਂਦਰ
ਤੇਰੀ ਭੂਮੱਧ ਰੇਖਾ ਦੇ ਨਿਕਟ
ਤੂੰ ਆਪਣੇ ਹਰ ਰੂਪ 'ਚ ਰਹਿ ਮੁਗਧ
ਜੀਰ ਲੈਣਗੇ ਦਿੱਸਹਦੇ ਸਮੁੰਦਰਾਂ ਦੇ ਰੰਗ
ਲੰਗਰ ਸੁੱਟੀ ਜਹਾਜ਼ ਦਾ ਲੰਮੀ ਯਾਤਰਾ ਬਾਰੇ
ਸੁਪਨਾ ਰਹਿ ਗਿਆ ਰਾਤੀਂ ਅੱਧ ਵਿਚਾਲ਼ੇ...!
ਖੋਜਾਂ ਤੇ ਗਲੋਬਾਂ ਦੀਆਂ ਪਰਿਧੀਆਂ ਅੰਤਹੀਣ
ਮਨਾਂ 'ਚ ਛੁਪੇ ਜਵਾਰ ਭਾਟਿਆਂ ਦੇ ਜਹਾਜ਼ਰਾਨ
ਨਵੀਆਂ ਧਰਤੀਆਂ ਲੱਭਦੇ ਕਦ ਦੇਸ ਪਰਤਣ...?

82839-48811

## ਚਾਰ ਗ਼ਜ਼ਲਾਂ / ਜਗਵਿੰਦਰ ਜੋਧਾ

1.
ਜੋ ਨੈਤਿਕਤਾ ਦੇ ਪਹਿਰੇਦਾਰ ਸਨ ਉਹ ਤੰਗ ਕੀਤੇ
ਮੈਂ ਹਰ ਤਰਤੀਬ ਤੋੜੀ, ਸਭ ਤਵਾਜ਼ਨ ਭੰਗ ਕੀਤੇ

ਕਲਦਾਨਾਂ ਨੂੰ ਮੇਰੀ ਚਿਤਰਕਾਰੀ ਤੇ ਗਿਲਾ ਹੈ
ਮੈਂ ਕਾਗਜ਼ ਦੀ ਜਗ੍ਹਾ ਬੇਰੰਗ ਸੁਪਨੇ ਰੰਗ ਕੀਤੇ

ਜੋ ਅਪਣੇ ਆਪ ਨੂੰ ਅਸਮਾਨ ਵਾਂਗੂੰ ਸਮਝਦੇ ਸਨ
ਮੈਂ ਜ਼ੱਰਾ ਹੋ ਕੇ ਵੀ ਗਾਹੇ-ਬਗਾਹੇ ਦੰਗ ਕੀਤੇ

ਉਡਾ ਦਿੰਦਾ ਤਾਂ ਬਣ ਜਾਣੇ ਸੀ ਜੁਗਨੂੰ ਜਾਂ ਕਬੂਤਰ
ਲੁਕੋ ਕੇ ਉਸਦੇ ਖ਼ਤ ਸੰਦੂਕ ਵਿਚ ਬਦਰੰਗ ਕੀਤੇ

ਇਵੇਂ ਲਗਦੈ ਮੈਂ ਅੱਜ ਦੇ ਦੌਰ ਦਾ ਜੌਨ ਏਲੀਆ ਹਾਂ
ਉਨ੍ਹੇ ਵੀ ਤੰਗ ਕੀਤੇ ਲੋਕ ਮੈਂ ਵੀ ਤੰਗ ਕੀਤੇ

2.
ਕੋਈ ਮੰਤਰ, ਰਾਗ ਜਾਂ ਫਿਰ ਫ਼ਲਸਫ਼ਾ ਚੇਤੇ ਨਹੀਂ
ਮੈਂ ਦੇ ਸ਼ੀਸ਼ੇ ਸਾਹਵੇਂ ਕੋਈ ਦੂਸਰਾ ਚੇਤੇ ਨਹੀਂ

ਉਹ ਤੇ ਮੈਂ ਜਿਸਮਾਂ 'ਚੋਂ ਕਿਰ ਕੇ ਰੇਤ ਦੀ ਮੁੱਠ ਹੋ ਗਏ
ਕਿਉਂ, ਕਦੋਂ, ਕਿਸ ਹਾਲ, ਕਿੱਦਾਂ, ਕਿਸ ਜਗ੍ਹਾ ਚੇਤੇ ਨਹੀਂ

ਉਸ ਸ਼ਨਾਖਤ ਕਾਰਡ ਪੜ੍ਹ ਕੇ ਮੇਰਾ ਚਿਹਰਾ ਦੇਖਿਆ
ਮੈਂ ਕਿਹਾ 'ਉਹੀ ਹਾਂ ਮੈਂ', ਉਸਨੇ ਕਿਹਾ 'ਚੇਤੇ ਨਹੀਂ'

ਯਾਦ ਹੈ ਇਕ ਚੇਤ ਵਿਚ ਖੁਸ਼ਬੂ ਕਿਰਾਏਦਾਰ ਸੀ
ਉਸ ਤੋਂ ਮਗਰੋਂ ਕੌਣ ਇਸ ਘਰ ਵਿਚ ਰਿਹਾ ਚੇਤੇ ਨਹੀਂ

ਹੋ ਗਿਆ ਹਮਦਰਦ ਪਿੱਛੇ ਜਿਸਮ 'ਤੇ ਫੁੱਲ ਮਾਰ ਕੇ
ਬਾਅਦ ਵਿਚ ਕਿਸ ਕਿਸ ਨੇ ਪੱਥਰ ਮਾਰਿਆ ਚੇਤੇ ਨਹੀਂ

ਦਰਦ ਦਾ ਹੱਦ ਤੋਂ ਗੁਜ਼ਰਨਾ ਵੀ ਦਵਾਈ ਵਾਂਗ ਹੈ
ਮੀਰ ਜਾਂ ਗਾਲਿਬ 'ਚੋਂ ਕਿਸ ਨੇ ਆਖਿਆ,ਚੇਤੇ ਨਹੀਂ

3.
ਨਦੀ ਨੂੰ ਮੇਰੇ ਡੁੱਬਣ ਦਾ ਨਜ਼ਾਰਾ ਚਾਹੀਦਾ ਸੀ
ਤੇ ਮੇਰੀ ਜ਼ਿਦ ਨੂੰ ਹਰ ਹੀਲੇ ਕਿਨਾਰਾ ਚਾਹੀਦਾ ਸੀ



ਬਿਖਰਿਆ ਸੀ ਬੜੇ ਥਾਈਂ ਉਹ ਸੈਆਂ ਟੁਕੜਿਆਂ ਵਿਚ
ਜੋ ਤੈਨੂੰ ਜ਼ਬਤ ਵਿਚ ਸਾਰੇ ਦਾ ਸਾਰਾ ਚਾਹੀਦਾ ਸੀ

ਮੁਸਾਫ਼ਿਰ ਹੋਣ ਤੋਂ ਪਹਿਲਾਂ ਦੁਬਾਰਾ ਸੋਚਦਾ, ਜੇ
ਸਫ਼ਰ ਵਿਚ ਵੀ ਉਹੀ ਘਰ ਦਾ ਖਿਲਾਰਾ ਚਾਹੀਦਾ ਸੀ

ਕਈ ਸੁਖਣਾਂ ਦਾ ਸਿਰ 'ਤੇ ਬੋਝ ਲੈ ਕੇ ਟੁੱਟ ਗਿਆ ਮੈਂ
ਉਨ੍ਹੂੰ ਹਰ ਹਾਲ ਇਕ ਸਾਬਤ ਸਿਤਾਰਾ ਚਾਹੀਦਾ ਸੀ

ਜਿਵੇਂ ਕੋਈ ਹਾਰ ਕੇ ਬਾਜ਼ੀ ਨੂੰ ਫਿਰ ਤੋਂ ਖੇਡਦਾ ਹੈ
ਮੈਂ ਉਸਨੂੰ ਠੀਕ ਏਦਾਂ ਹੀ ਦੁਬਾਰਾ ਚਾਹੀਦਾ ਸੀ

ਮੈਂ ਕਿਹੜਾ ਬੁੱਧ ਸਾਂ ਤੁਰਿਆ ਸੀ ਜੋ ਨਿਰਵਾਣ ਖ਼ਾਤਰ
ਮੈਂ ਮੁੜ ਆਉਣਾ ਸੀ ਬਸ ਉਸਦਾ ਇਸ਼ਾਰਾ ਚਾਹੀਦਾ ਸੀ

4.
ਘਣੀ ਪੱਤਝੜ ਹੈ ਬਰਕੈਣਾਂ ਦੇ ਪੱਤਰ ਝੜਨ ਲੱਗੇ
ਮੁਹੱਬਤ ਵਾਲੀਆਂ ਗੱਲਾਂ 'ਤੇ ਆਪਾਂ ਲੜਨ ਲੱਗੇ

ਸਲੇਟ ਉੱਤੇ ਮਿਟਾ ਕੇ ਫੇਰ ਵਾਹੇ ਹਰਫ਼ ਵਾਂਗੂੰ
ਅਸੀਂ ਮਰਜ਼ੀ ਮੁਤਾਬਿਕ ਦੇ ਖ਼ੁਦਾ ਨੂੰ ਘੜਨ ਲੱਗੇ

ਕਦੇ ਦਿਲ ਨੂੰ ਕਦੇ ਕਦਮਾਂ ਨੂੰ ਨਾ ਵਿਸ਼ਵਾਸ ਹੋਇਆ
ਨਿਵਾਣਾਂ ਨਾਲ ਹੀ ਰਹੀਆਂ ਚੜ੍ਹਾਈ ਚੜ੍ਹਨ ਲੱਗੇ

ਤਦੇ ਥੁੱਕ ਲਾ ਕੇ ਨੋਟਾਂ ਵਾਂਗ ਵਰਕੇ ਪਰਤਦੇ ਨੇ
ਰੁਪਈਏ ਗਿਣਨ ਵਾਲੇ ਹੁਣ ਕਿਤਾਬਾਂ ਪੜ੍ਹਨ ਲੱਗੇ।

**94654-64502**

ਕਹਾਣੀ

# ਕੱਚੀ ਪੌੜੀ / ਜਸਬੀਰ ਕਲਸੀ

ਚਾਰ ਕੁ ਘੰਟਿਆਂ ਤੋਂ ਬਿਜਲੀ ਬੰਦ ਸੀ।

ਆਪਣੇ ਸਾਰੇ ਸਰੀਰ ਉੱਤੇ ਮੁੜ੍ਹਕਾ ਮਹਿਸੂਸ ਕਰਦੇ ਅਤੇ ਵੱਧ ਗਰਮੀ ਮੰਨਦਿਆਂ ਛੱਤ ਉਪਰ ਸੀਮੈਂਟਡ ਬਨੇਰੇ ਨੂੰ ਆਪਣੇ ਦੋਵੇਂ ਹੱਥ ਪਾਈ ਖੜ੍ਹੇ ਸੂਰਜ ਸਿੰਘ ਨੇ ਸੋਚਿਆ 'ਆ ਤਾਂ ਵੱਡਾ ਨੁਕਸ ਪੈ ਗਿਆ ਲੱਗਦਾ ਏ।'



ਰਾਤ ਦੀ ਸ਼ੁਰੂਆਤ ਦੇ ਵੇਲੇ ਜਦੋਂ ਉਹ ਪਟਿਆਲੇ ਵਾਲੇ ਧਰਨੇ ਤੋਂ ਬਾਅਦ ਵਾਪਸ ਪਿੰਡ ਮੁੜਿਆ ਤਾਂ ਦਿਨ ਵੇਲੇ ਦੀ ਬਹੁਤ ਜ਼ਿਆਦਾ ਗਰਮੀ ਪਈ ਹੋਣ ਕਾਰਨ ਵਧੇਰੇ ਹੁੰਮਸ ਹੋ ਗਿਆ। ਮੀਂਹ ਹਨ੍ਹੇਰੀ ਆਉਣ ਦਾ ਮੌਕਾ ਬਣਦਾ ਜਾ ਰਿਹਾ ਸੀ। ਜਦੋਂ ਤੱਕ ਉਹ ਆਪਣੇ ਘਰ ਪਹੁੰਚਿਆਂ ਤਾਂ ਗਰਮ ਹਵਾ ਦੇ ਤੇਜ਼ ਬੁੱਲ੍ਹੇ ਚੱਲਣੇ ਸ਼ੁਰੂ ਹੋ ਗਏ ਸਨ। ਦੇਖਦੇ ਹੀ ਦੇਖਦੇ ਅਕਾਸ਼ ਵੱਲ ਨੂੰ ਉੱਠਿਆ ਕਾਲਾ ਸ਼ਾਹ ਕਾਲਾ ਵਰੋਲਾ ਚਾਰ-ਚੁਫ਼ੇਰੇ ਫੈਲ ਗਿਆ ਅਤੇ ਉਸਨੇ ਆਲੇ-ਦੁਆਲੇ ਨੂੰ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਚੱਕਰ ਵਿੱਚ ਲੈ ਲਿਆ। ਅੱਧਾ ਘੰਟਾ ਤੇਜ਼ ਹਨ੍ਹੇਰੀ ਚੱਲੀ ਕਿ ਬਹੁਤੇ ਦਰੱਖਤਾਂ ਦੇ ਟਾਹਣੇ ਟੁੱਟ ਗਏ। ਕਈਆਂ ਨੂੰ ਹਨ੍ਹੇਰੀ ਨੇ ਜੜ੍ਹੋਂ ਹੀ ਪੁੱਟ ਦਿੱਤਾ। ਬਿਜਲੀ ਬੰਦ ਹੋ ਗਈ। ਸਾਰਾ ਪਿੰਡ ਘੁੱਪ ਹਨ੍ਹੇਰੇ ਵਿੱਚ ਡੁੱਬ ਗਿਆ।

ਮੰਜੇ ਤੋਂ ਉੱਠ ਉਹ ਆਪਣੇ ਮੋਬਾਇਲ ਫੋਨ ਦੀ ਰੌਸ਼ਨੀ ਵਿੱਚ ਪੌੜੀਆਂ ਚੜ੍ਹਿਆ। ਤੇਜ਼ ਹਵਾ ਚੱਲਦੀ ਪਈ ਸੀ। ਉਹ ਛੱਤ ਉੱਪਰ ਗਿਆ ਤਾਂ ਪੈਰ ਲੜਖੜ੍ਹਾਏ। ਉਹ ਹੌਲੀ-ਹੌਲੀ ਸੰਭਲ-ਸੰਭਲ ਕੇ ਪੈਰ ਟਿਕਾਉਂਦਿਆਂ ਬੰਨ੍ਹੇਰੇ ਤੱਕ ਅੱਪੜਿਆ।

'ਲੱਗਦਾ ਹਨ੍ਹੇਰੀ ਕੁਝ ਘੱਟਗੀ ਐ।' ਪਰ ਥੋੜ੍ਹੇ ਸਮੇਂ ਬਾਅਦ ਹੀ ਗਰਮ ਹਵਾ ਦਾ ਤੇਜ਼ ਬੁੱਲ੍ਹਾ ਉਸਦੇ ਮੂੰਹ ਉੱਤੇ ਆ ਵੱਜਿਆ। ਅੱਖਾਂ ਵਿੱਚ ਰੇਤੇ ਦੀ ਮੁੱਠ ਪੈ ਗਈ ਲੱਗੀ। ਸੂਰਜ ਸਿੰਘ ਨੇ ਆਪਣੀਆਂ ਅੱਖਾਂ ਘੁੱਟ ਕੇ ਮੀਚੀਆਂ ਤਾਂ ਰੇਤੇ ਦੇ ਬਰੀਕ ਕਣ ਇਉਂ ਰੜਕੇ ਜਿਵੇਂ ਕਿਸੇ ਨੇ ਉਸ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਦਿੱਤੀਆਂ ਹੋਣ। ਅੱਖਾਂ ਮਲਦਾ ਉਹ ਕੁਝ ਸਮਾਂ ਉੱਥੇ ਹੀ ਖੜ੍ਹਾ ਰਿਹਾ। ਉਸ ਪਲ ਉਸਨੂੰ ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਜਿਉਂ ਹੀ ਉਹ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕਰਦਾ ਤਾਂ ਉਦੋਂ ਹੀ ਰੇਤੇ ਦੇ ਕਣ ਇਉਂ ਰੜਕਣ ਲੱਗ ਪੈਂਦੇ ਜਿਵੇਂ ਕੋਈ ਤਿੱਖਾ ਨੋਕੀਲਾ ਉਸਦੀਆਂ ਅੱਖਾਂ ਵਿੱਚ ਫਿਰ ਰਿਹਾ ਹੋਵੇ।

ਮੋਬਾਇਲ ਦੀ ਰੌਸ਼ਨੀ ਵਿੱਚ ਹੌਲੀ-ਹੌਲੀ ਪੌੜੀਆਂ ਉਤਰਿਆ। ਟੂਟੀ ਕੋਲ ਪਹੁੰਚਿਆ। ਕੁਝ ਸਮਾਂ ਉਹ ਅੱਖਾਂ ਵਿੱਚ ਪਾਣੀ ਦੇ ਛਿੱਟੇ ਮਾਰਦਾ ਰਿਹਾ। ਅੱਖਾਂ ਝਮਕ-ਝਮਕ ਕੇ ਵੇਖਿਆ ਤਾਂ ਉਸਨੂੰ ਆਲੇ-ਦੁਆਲੇ ਪਹਿਲਾਂ ਤਰ੍ਹਾਂ ਹੀ ਹਨ੍ਹੇਰਾ ਪਸਰਿਆ ਮਹਿਸੂਸ ਹੋਇਆ। ਮੋਬਾਇਲ ਫੋਨ ਦੀ ਰੌਸ਼ਨੀ ਵਿੱਚ ਮੁੜ ਦੁਬਾਰਾ ਛੱਤ ਉੱਪਰ ਚਲਾ ਗਿਆ। ਬਿਜਲੀ ਨਹੀਂ ਸੀ ਆਈ। ਚਾਰ-ਚੁਫ਼ੇਰੇ ਹਨ੍ਹੇਰਾ ਹੀ ਹਨ੍ਹੇਰਾ ਸੀ। ਕਿਸੇ ਪਾਸੇ ਵੀ ਕੁਝ ਨਹੀਂ ਦਿਸਦਾ ਸੀ।

'ਮੀਂਹ ਪਿਆ ਲੱਗਦਾ ਕਿਤੇ।' ਠੰਢਕ ਜਿਹੀ ਲੱਗੀ ਇਕਦਮ। ਫਿਰ ਹਵਾ ਦਾ ਬੁੱਲਾ ਵੀ ਆਇਆ ਮਹਿਸੂਸ ਕੀਤਾ ਸੂਰਜ ਸਿੰਘ ਨੇ। ਮੁੜਕਾ ਅਤੇ ਗਰਮੀ ਕਿੱਧਰੇ ਉੱਡ-ਪੁੱਡ ਗਈ ਲੱਗੀ। ਪਰ ਬਿਜਲੀ ਨਾ ਹੋਣ ਕਰਕੇ ਕਾਲੀ ਚਾਦਰ ਨੇ ਧਰਤੀ-ਅਸਮਾਨ ਨੂੰ ਇੱਕੋ ਜਿਹਾ ਕੀਤਾ ਹੋਇਆ ਸੀ।

ਅਚਾਨਕ ਅਕਾਸ਼ ਦੇ ਇੱਕ ਨੀਵੇਂ ਜਿਹੇ ਪਾਸਿਓਂ ਬਿਜਲੀ ਲਿਸ਼ਕੀ। ਬੱਦਲ ਵੀ ਗਰਜਿਆ। ਇਸ ਲਿਸ਼ਕੀ ਬਿਜਲੀ ਵਿੱਚ ਸੂਰਜ ਸਿੰਘ ਨੂੰ ਪ੍ਰਗਟ ਦਾ ਚਿਹਰਾ ਵਿਖਾਈ ਦਿੱਤਾ ਤਾਂ 'ਪੰਜਾਬ ਸਰਕਾਰ ਮੁਰਦਾਬਾਦ' ਬੋਲ ਵੀ ਨਾਲ ਹੀ ਉਸਦੇ ਮੂੰਹੋਂ ਝੱਟ ਪੱਟ ਬਾਹਰ ਆਏ। ਪ੍ਰਗਟ ਦੇ ਚਮਕਦੇ ਚਿਹਰੇ ਨੂੰ ਵੇਖ ਸੂਰਜ ਸਿੰਘ ਨੂੰ ਲੱਗਿਆ ਕਿ ਜਿਵੇਂ ਸੂਰਜ ਚੜ੍ਹ ਆਇਆ ਤੇ ਸਾਰਾ ਹਨ੍ਹੇਰਾ ਡਰ ਕੇ ਅੱਗੇ ਲੱਗ ਭੱਜ ਤੁਰਿਆ। ਉਹ ਹੱਸ ਪਿਆ।

ਸੂਰਜ ਦੀ ਜੱਥੇਬੰਦੀ ਠੀਕ ਠਾਕ ਚੱਲ ਰਹੀ ਸੀ। ਉਸਦੀ ਸਕੂਲ ਮਾਸਟਰੀ ਅਤੇ ਘਰ-ਪਰਿਵਾਰ ਆਮ ਰੋਜ਼ਾਨਾ ਜੀਵਨ ਨਾਲ ਨੌਂ ਤੀਆ ਬਾਈ ਹੁੰਦਾ ਹੋਇਆ, ਡਿੱਗਦਾ ਢਹਿੰਦਾ ਸਮੇਂ ਨੂੰ ਧੱਕੀ ਜਾ ਰਿਹਾ ਸੀ। ਉਸਨੂੰ ਰਾਜ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਨੇ 2008 ਈਸਵੀ ਸੰਨ ਵਿੱਚ ਸਰਵ ਸਿੱਖਿਆ ਅਭਿਆਨ ਸਕੀਮ ਹੇਠ ਠੇਕੇ ਉੱਤੇ ਇੱਕ ਅਧਿਆਪਕ ਵਜੋਂ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਸਤੇ ਰੱਖ ਲਿਆ ਸੀ। ਜਦੋਂ ਕਿ ਉਸਨੇ ਈ.ਟੀ.ਟੀ ਅਤੇ ਐਮ.ਏ, ਬੀ.ਐੱਡ ਪਾਸ ਕੀਤੀ ਹੋਈ ਸੀ ਤੇ ਬੇਰੋਜ਼ਗਾਰੀ ਦਾ ਸੰਘਰਸ਼ ਲੜਿਆ ਕਈ ਸਾਲ। ਤਿੰਨ ਚਾਰ ਵਾਰ ਵਿਭਾਗੀ ਇਮਤਿਹਾਨ ਦਿੱਤਾ। ਪਰ ਰੈਗੂਲਰ ਸਰਵਿਸ ਨਹੀਂ ਮਿਲੀ। ਪਰ ਰੈਗੂਲਰ ਹੋਣ ਵਾਸਤੇ ਆਪਣੇ ਸਾਥੀਆਂ ਦੇ ਸੰਗ ਸਾਥ ਨਾਲ ਜੱਥੇਬੰਦ ਹੋ ਗਿਆ। ਰਾਜ ਸਰਕਾਰ ਨਾਲ ਅਨੇਕਾਂ ਮੌਕਿਆਂ ਉੱਤੇ ਧਰਨਿਆਂ ਮੁਜ਼ਾਹਰਿਆਂ ਨਾਲ ਆਪਣੇ ਹੱਕ ਲੈਣ ਦੀ ਜੰਗ ਜਾਰੀ ਰੱਖੀ। ਅਧਿਕਾਰੀਆਂ ਤੇ ਮੰਤਰੀਆਂ ਮੁੱਖ ਮੰਤਰੀ ਨਾਲ ਟੇਬਲ ਟਾਕ ਕੀਤੀ। ਘਰ ਵਿਚ ਕੁਆਰੇ ਤੋਂ ਵਿਆਹਿਆ ਵਰਿਆ ਹੋ ਗਿਆ। ਬੱਚਿਆਂ ਦਾ ਬਾਪ ਬਣ ਗਿਆ। ਦਸ ਵਰ੍ਹੇ ਇੰਝ ਲੰਘ ਗਏ। ਇਸ ਸਮੇਂ ਦੌਰਾਨ ਪ੍ਰਗਟ ਅਤੇ ਹੋਰ ਕਈ ਸੰਘਰਸ਼ੀ ਸਾਥੀਆਂ ਦਾ ਸਾਥ ਸਾਂਝੀ ਲੜਾਈ ਦੀ ਸਾਂਝ ਤੋਂ ਵੱਧ

ਕੇ ਦਿਲੀ ਦੋਸਤ ਤੇ ਪਰਿਵਾਰਕ ਮੈਂਬਰਾਂ ਨਾਲ ਮਿਲਵਰਤਨ ਤੱਕ ਦੇ ਰਸਤੇ ਵਾਲਾ ਇੱਕ ਪੱਕਾ ਰਾਹ ਬਣ ਗਿਆ ਸੀ। ਜਿਸ ਸਰਕਾਰ ਨੇ ਨਿਯੁਕਤੀ ਦਿੱਤੀ ਸੀ ਉਹ ਰੈਗੂਲਰ ਕਰਨ ਦੇ ਵਾਰ-ਵਾਰ ਵਾਅਦੇ ਕਰਦੀ ਰਹੀ। ਚੋਣ ਮਨੋਰਥ ਪੱਤਰ ਵਿਚ ਪੱਕਾ ਏਜੰਡਾ ਪਾਇਆ ਪਰ ਆਪ ਵਿਰੋਧੀ ਪਾਰਟੀ ਤੋਂ ਹਾਰ ਕੇ ਮੂੰਧੇ ਮੂੰਹ ਜਾ ਡਿੱਗੀ। ਨਵੀਂ ਸਰਕਾਰ ਨੇ ਵੀ ਜਿੱਤ ਗਏ ਤਾਂ ਰੈਗੂਲਰ ਕਰਨ ਦੀ ਸਹੁੰ ਖਾ ਲਈ ਸੀ ਪਰ ਆਪਣਾ ਲੁਕਿਆ ਰੰਗ ਪੌਣੇ ਦੋ ਸਾਲ ਲੰਘਾ ਕੇ ਵਿਖਾ ਹੀ ਦਿੱਤਾ।

'ਪਟਿਆਲਾ ਧਰਨਾ?' ਆਪਣੇ ਚਿਤ ਚੇਤੇ ਵਿੱਚ ਇਕੱਠੇ ਹੋ ਗਏ ਖ਼ਿਆਲਾਂ ਦੇ ਖੰਭਾਂ ਨੂੰ ਕੱਠੇ ਕਰਦਿਆਂ ਸੂਰਜ ਨੇ ਆਪਣੇ ਆਪ ਨੂੰ ਪੁੱਛਿਆ ਤਾਂ ਉਸਨੇ ਇੱਕ ਕਾਲੀ ਚਾਦਰ ਹੋਏ ਧਰਤੀ ਅਸਮਾਨ ਨੂੰ ਕਾਲਾ ਸ਼ਾਹ ਕਾਲਾ ਖੂਹ ਬਣਿਆ ਵੇਖਿਆ। ਉਹ ਡਰ ਗਿਆ। ਉਸਨੂੰ ਕੁਝ ਸਮਾਂ ਪਹਿਲਾਂ ਇਸ ਖੂਹ ਦੇ ਇੱਕ ਪਾਸਿਓਂ ਲਿਸ਼ਕੀ ਬਿਜਲੀ ਦੇ ਚਾਨਣ ਵਿੱਚ ਪ੍ਰਗਟ ਸਿੰਘ ਵਿਖਾਈ ਦੇ ਗਿਆ ਯਾਦ ਆ ਗਿਆ ਤੇ ਨਾਲ ਹੀ ਉਸ ਦੇ ਗੂੰਜਦੇ ਬੋਲ ਸੁਣੇ, 'ਪੰਜਾਬ ਸਰਕਾਰ ਮੁਰਦਾਬਾਦ', 'ਸਾਡਾ ਸੰਘਰਸ਼ ਜ਼ਿੰਦਾਬਾਦ।'

ਪਟਿਆਲੇ ਮਹਿਲ ਦੇ ਅੱਗੋਂ ਲੰਘਦੀ ਸੜਕ ਉੱਤੇ ਵੱਡੇ ਇਕੱਠ ਅੰਦਰ ਤਿਲ ਸੁੱਟਣ ਜੋਗੀ ਥਾਂ ਵੀ ਨਹੀਂ ਸੀ। ਜਿੱਧਰ ਵੀ ਨਜ਼ਰ ਜਾਂਦੀ, ਉੱਧਰ ਹੀ ਜੈਂਟਸ ਤੇ ਲੇਡੀਜ਼ ਦੇ ਸਿਰਾਂ ਦਾ ਹੜ੍ਹ ਆਇਆ ਲੱਗਦਾ ਸੀ। ਉਹ ਸਾਰੇ ਮੁੱਖ ਮੰਤਰੀ ਦੇ ਘਰ ਮੂਹਰੇ ਲਲਕਾਰਨ ਵਾਲੇ ਰੋਸ ਧਰਨੇ ਮੁਜ਼ਾਹਰੇ ਵਿੱਚ ਸ਼ਾਮਿਲ ਹੋਣ ਲਈ ਪਹੁੰਚੇ ਹੋਏ ਸਨ। ਪ੍ਰਗਟ ਦੇ ਆਪਣੇ ਪਿੰਡ ਤੋਂ ਬਿਨਾਂ ਆਂਢ ਗੁਆਂਢ ਦੇ ਪਿੰਡਾਂ ਦੇ ਨਾਲ-ਨਾਲ ਪੂਰੇ ਪੰਜਾਬ ਤੋਂ ਸਕੂਲ ਅਧਿਆਪਕਾਂ ਤੇ ਉਹਨਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦੀ ਵੀ ਹਾਜ਼ਰੀ ਸੀ।

''ਦਲੇਰ ਯੋਧਾ ਐ ਪ੍ਰਗਟ ਤਾਂ, ਜਵਾਂ ਡੋਲ੍ਹਦਾ ਦੇਖਿਆ ਈ ਨ੍ਹੀਂ।'' ਧਰਨੇ ਤੋਂ ਬਾਅਦ ਉੱਥੇ ਇਕੱਠੇ ਹੋਏ ਵੱਖ-ਵੱਖ ਬੁਲਾਰਿਆਂ ਦੇ ਪ੍ਰਗਟ ਬਾਰੇ ਪ੍ਰਗਟਾਏ ਵਿਚਾਰ ਸੂਰਜ ਦੇ ਕੰਨਾਂ ਵਿੱਚ ਮੁੜ ਮਹਿਸੂਸ ਹੋਏ ਤਾਂ ਉਸਨੂੰ ਆਪਣੇ ਸਾਹਮਣੇ ਹਨ੍ਹੇਰੇ ਦੀ ਚਾਦਰ ਉਪਰ ਪ੍ਰਗਟ ਉਸਦੇ ਆਪਣੇ ਵੱਲ ਤੁਰਿਆ ਆਉਂਦਾ ਵਿਖਾਈ ਦਿੱਤਾ।

ਪ੍ਰਗਟ ਬਾਰੇ ਧਰਨੇ ਵਿੱਚ ਆਖੀਆਂ ਬਹੁਤੀਆਂ ਗੱਲਾਂ ਬਾਰੇ ਸੂਰਜ ਨੂੰ ਪਹਿਲਾਂ ਹੀ ਪਤਾ ਸੀ ਪਰ ਕਈ ਨਵੀਆਂ ਗੱਲਾਂ ਦਾ ਵੀ ਪਤਾ ਲੱਗਿਆ। ਜਦ ਕਦੇ ਵੀ ਸੂਰਜ ਨੇ ਉਸਨੂੰ ਕਿਸੇ ਕੰਮ ਲਈ ਆਖਿਆ ਤਾਂ ਪ੍ਰਗਟ ਉਦੋਂ ਹੀ ਉੱਠ ਕੇ ਉਸ ਨਾਲ ਤੁਰ ਪੈਂਦਾ। ਉਸ ਸਮੇਂ ਸੂਰਜ ਨੂੰ ਲੱਗਦਾ ਜਿਵੇਂ ਪ੍ਰਗਟ ਉਸਦੇ ਬਹੁਤ ਨੇੜੇ ਹੈ ਪਰ ਇਸ ਪਟਿਆਲੇ ਦੇ ਮਹਾਂ ਧਰਨੇ ਸਮੇਂ ਉੱਥੇ ਪ੍ਰਗਟ ਦੀ ਪਹਿਲਾਂ ਨਾਲੋਂ ਵੱਖਰੀ ਤੇ ਵੱਡੀ ਬਹੁਤ ਹੀ ਬੇ-ਡਰ ਯੋਧੇ ਵਾਲੀ ਸ਼ਖ਼ਸੀਅਤ ਨੂੰ ਵੇਖ ਕੇ ਅਤੇ ਉੱਥੇ ਧਰਨੇ ਵਿੱਚ ਇਕੱਠੇ ਹੋਏ ਸਾਥੀਆਂ ਦੇ ਪ੍ਰਗਟ ਬਾਰੇ ਵਿਚਾਰ ਸੁਣ ਕੇ ਸੂਰਜ ਨੂੰ ਲੱਗਿਆ ਕਿ ਪ੍ਰਗਟ ਸਿਰਫ਼ ਉਸ ਦੇ ਹੀ ਨਹੀਂ ਦੂਸਰੇ ਸਾਰੇ ਸਾਥੀਆਂ ਦੇ ਵੀ ਦਿਲ ਵਿੱਚ ਵੱਸਦਾ ਹੈ, ਸਾਰੇ ਹੀ ਉਸਦੀ ਸਲਾਹੁਤਾ ਕਰਦੇ ਨੇ। ਉਸਨੂੰ ਪਿਆਰ ਕਰਦੇ ਨੇ।

'ਜੇ ਪ੍ਰਗਟ ਵਰਗਾ ਯੋਧਾ ਲੀਡਰ ਨਾ ਹੁੰਦਾ ਤਾਂ ਮਹਾਂ ਧਰਨਾ ਸਫ਼ਲ ਨਹੀਂ ਸੀ ਹੋਣਾ।' ਸੂਰਜ ਦਾ ਦਿਮਾਗ ਬੋਲਿਆ ਹੀ ਸੀ ਕਿ ਸਾਢੇ ਚਾਰ ਘੰਟਿਆਂ ਬਾਅਦ ਮੁੜ ਆਈ ਬਿਜਲੀ ਨਾਲ ਇਕਦਮ ਸਾਰਾ ਆਲਾ ਦੁਆਲਾ ਚਮਕ ਆਇਆ। ਘਰਾਂ ਦੀਆਂ ਸ਼ਕਲਾਂ, ਰੁੱਖਾਂ ਦੇ ਪਰਛਾਵੇਂ ਮੁੜ ਜਿਵੇਂ ਜਿਉਂਦੇ ਹੋ ਗਏ ਸਨ। ਕਾਲੇ ਸ਼ਾਹ ਕਾਲੇ ਹਨ੍ਹੇਰੇ ਦੀ ਚਾਦਰ ਹੁਣ ਰੰਗ ਬਰੰਗੇ ਡਿਜ਼ਾਇਨਾਂ ਵਿੱਚ ਬਦਲ ਗਈ ਇਕਦਮ।

ਕਮਰੇ ਅੰਦਰ ਤੇਜ਼ ਚੱਲਦੇ ਪੱਖੇ ਦੀ ਹਵਾ ਵਿੱਚ ਸੂਰਜ ਨੇ ਸੌਖਾ-ਸੌਖਾ ਮਹਿਸੂਸ ਕੀਤਾ। ਪਲੰਘ ਉਪਰ ਲੰਮੇ ਪਏ ਨੂੰ ਅੱਖਾਂ ਅੱਗੇ ਪ੍ਰਗਟ ਹੀ ਵਿਖਾਈ ਦੇ ਰਿਹਾ ਸੀ। 'ਪੰਜਾਬ ਸਰਕਾਰ ਮੁਰਦਾਬਾਦ, ਸੰਘਰਸ਼ਸ਼ੀਲ ਅਧਿਆਪਕ ਯੋਧੇ ਜ਼ਿੰਦਾਬਾਦ।' ਅਤੇ '15000 ਹਜ਼ਾਰ ਨਾਲ ਸਰਕਾਰ ਦੇ ਸਿਰ ਚੜ੍ਹ ਮਰ ਜਾਵਾਗੇ, ਮਰ ਕੇ ਲੋਕਾਂ ਨੂੰ ਜਗਾਵਾਗੇ।' ਉਸਦੇ ਹੀ ਗੜ੍ਹਕਵੇਂ ਬੋਲ ਕੰਨਾਂ ਵਿੱਚ ਗੂੰਜ ਰਹੇ ਸਨ।

''ਮੇਰਾ ਫੋਨ ਨੰਬਰ ਨੋਟ ਕਰ ਲੈ। ਜਦੋਂ ਵੀ ਤੈਨੂੰ ਕਿਸੇ ਤਰ੍ਹਾਂ ਦੀ ਵੀ ਲੋੜ ਹੋਵੇ ਤਾਂ ਬਿਨਾਂ ਕਿਸੇ ਨੂੰ ਪੁੱਛੇ ਤੂੰ ਮੇਰੇ ਨਾਲ ਸਿੱਧੀ ਗੱਲ ਕਰਨੀ ਆ।'' ਜੱਥੇਬੰਦੀ ਦੇ ਸੰਬੰਧ ਵਿੱਚ ਜਦੋਂ ਪਹਿਲੀ ਵਾਰ ਪ੍ਰਗਟ ਨੂੰ ਸੂਰਜ ਮਿਲਿਆ ਤਾਂ ਪ੍ਰਗਟ ਨੇ ਇਹ ਬੋਲ ਬੋਲੇ ਸਨ।

ਪਿਛਲੇ ਸੱਤ-ਅੱਠ ਵਰ੍ਹਿਆਂ ਦੀ ਜੱਥੇਬੰਦਕ ਸਾਂਝ ਦਰਮਿਆਨ ਪ੍ਰਗਟ ਨੇ ਸੂਰਜ ਨੂੰ ਕਦੇ ਵੀ ਨਿਰਾਸ਼ ਨਹੀਂ ਸੀ ਕੀਤਾ। ਕਦੇ ਉਹਨਾਂ ਦਾ ਧਰਨਾ ਲੰਬੀ ਹੁੰਦਾ ਕਦੇ ਚੰਡੀਗੜ੍ਹ ਕਦੇ ਬਠਿੰਡੇ ਕਦੇ ਗੁਰਦਾਸਪੁਰ ਕਦੇ ਪਟਿਆਲੇ ਉਹ ਇਕੱਠੇ ਹੀ ਰਹਿੰਦੇ।

''ਏ ਜਿਹੜਾ ਤੂੰ ਕੰਮ ਕਰ ਰਿਹਾ ਏਂ ਉਸ ਬਾਰੇ ਲੋਕਾਂ ਨੂੰ ਪਤਾ ਤਾਂ ਲੱਗੇ ਕਿ ਉਸ ਨਾਲ ਸਭ ਕੁਝ ਲਈ ਕੌਣ ਜ਼ਿੰਮੇਵਾਰ ਏ?'' ਪ੍ਰਗਟ ਨੇ ਇਹ ਉਦੋਂ ਕਿਹਾ ਜਦੋਂ ਸੂਰਜ ਨੇ ਆਪਣੇ ਜੱਥੇਬੰਦੀ ਵਿੱਚ ਕੰਮ ਕਰਨ ਬਾਰੇ ਦੱਸਿਆ ਸੀ।

ਸੂਰਜ ਜੱਥੇਬੰਦੀ ਵਿੱਚ ਕਾਮਯਾਬ ਹੋਣ ਲਈ ਪ੍ਰਗਟ ਦੇ ਨਾਲ-ਨਾਲ ਰਹਿੰਦਾ ਸੀ। ਪ੍ਰਗਟ ਦੇ ਪਿੰਡ ਬਹੁਤ ਵਾਰੀ ਗਿਆ ਸੀ। ਸੂਰਜ ਨੂੰ ਯਾਦ ਆਏ ਉਹ ਦਿਨ ਜਦੋਂ ਉਹ ਪ੍ਰਗਟ ਦੇ ਘਰ ਚਲਾ ਜਾਂਦਾ ਸੀ ਤਾਂ ਇੱਕ ਦਿਨ ਪ੍ਰਗਟ ਨੇ ਉਸ ਤੋਂ ਜੱਥੇਬੰਦਕ ਸੰਘਰਸ਼ ਬਾਰੇ ਆਪਣੇ ਘਰ ਆਏ ਨੂੰ ਆਪਣੇ ਸਾਹਮਣੇ ਬੈਠਾ ਕੇ ਪੁੱਛਿਆ ਸੀ। ਸੂਰਜ ਨੇ ਦੱਸਿਆ ਸੀ, 'ਮੈਂ ਨਵਾਂ ਨਵਾਂ ਅਧਿਆਪਕ ਲੱਗਿਆ ਸੀ। ਸਾਡੇ ਪਰਿਵਾਰ ਵਿਚੋਂ ਮੈਂ ਪਹਿਲਾਂ ਬੰਦਾ ਆਂ ਜਿਸ ਨੇ ਪਲੱਸ ਟੂ ਕਰਕੇ ਈ.ਟੀ.ਟੀ

ਕੀਤੀ। ਨੌਕਰੀ ਨਾ ਮਿਲੀ। ਪ੍ਰਾਈਵੇਟ ਵਿੱਚ ਧੱਕੇ ਖਾਧੇ। ਨਾਲ ਦੀ ਨਾਲ ਬੀ.ਏ.ਐਮ.ਏ ਕਰਲੀ। ਬੀ.ਐੱਡ ਕਰਲੀ। ਪਰ ਨੌਕਰੀ ਈ.ਟੀ.ਟੀ ਵਾਲੀ ਮਿਲੀ। ਮੈਂ ਸਵੇਰੇ ਸਕੂਲ ਜਾਣਾ ਤੇ ਆਥਣ ਨੂੰ ਘਰ ਆ ਜਾਣਾ। ਬਸ ਇਉਂ ਦਿਨ ਲੰਘੀ ਜਾਂਦੇ ਸੀ। ਸਾਡੇ ਸਰੀਕੇ ਵਿਚੋਂ ਮੇਰਾ ਤਾਇਆ ਮਾਸਟਰ ਲੱਗਾ ਹੋਇਆ। ਹਾਂ ਜਿਹੜੀ ਗੱਲ ਜੱਥੇਬੰਦੀ ਦੀ ਐ, ਉਹ ਗੱਲ ਇਉਂ ਬਣੀ ਕਿ ਮੇਰੇ ਤਾਏ ਦੇ ਨਾਲ ਪੜ੍ਹਾਉਂਦਾ ਜਰਨੈਲ ਸਿੰਘ ਸੰਧੂ ਇੱਕ ਦਿਨ ਆ ਐਥੇ ਆਪਣੇ ਘਰ ਆ ਗਿਆ। ਮੇਰੇ ਤਾਏ ਬਾਰੇ ਦੱਸਿਆ। ਤਾਏ ਤੋਂ ਮੇਰੇ ਸਕੂਲ ਅਧਿਆਪਕ ਹੋਣ ਬਾਰੇ ਪਤਾ ਲੱਗਣ ਦਾ ਦੱਸਿਆ। ਇੰਝ ਸਾਡੀ ਪਹਿਲੀ ਮੁਲਾਕਾਤ ਹੋਈ ਸੀ। ਪਹਿਲੀ ਵਾਰ ਤਾਂ ਏਧਰੀਆਂ ਓਧਰਲੀਆਂ ਗੱਲਾਂ ਮਾਰ ਉਹ ਚਲੇ ਗਏ ਸਨ ਚਾਹ ਪਾਣੀ ਪੀ ਕੇ। ਫਿਰ ਛੇਤੀ ਹੀ ਦੂਜੀ ਵਾਰ ਘਰ ਆ ਕੇ ਪਹਿਲਾਂ ਤਰ੍ਹਾਂ ਗੱਲਾਂ ਕਰਦੇ-ਕਰਦੇ ਅਖੀਰ ਤੇ ਤੁਰਨ ਲੱਗਿਆ ਨੇ ਮੈਨੂੰ ਕਿਹਾ, 'ਤੂੰ ਜੁਆਨ ਬੰਦਾ ਏਂ। ਤੈਨੂੰ ਸਾਡੇ ਨਾਲ ਜੱਥੇਬੰਦੀ ਵਿਚ ਸਾਥ ਦੇਣਾ ਚਾਹੀਦਾ। ਤੇਰੀ ਹੁਣ ਕੰਮ ਕਰਨ ਦੀ ਉਮਰ ਐ। ਜੱਥੇਬੰਦੀ ਵਿੱਚ ਕੰਮ ਕਰੇਗਾ ਤਾਂ ਤੈਨੂੰ ਮਾਣ ਹੋਊਗਾ ਕਿ ਮੈਂ ਲੋਕਾਂ ਵਾਸਤੇ ਵੀ ਕੁਝ ਕੀਤਾ ਏ। ਆਵਦੇ ਲਈ ਤਾਂ ਸਾਰੇ ਈ ਕਰਦੇ ਨੇ। ਉਹ ਮੈਨੂੰ ਅਗਲੇ ਹਫ਼ਤੇ ਨੂੰ ਮੋਗੇ ਹੋ ਰਹੇ ਧਰਨੇ ਦਾ ਇਸ਼ਤਿਹਾਰ ਦੇ ਗਏ ਸੀ।'

ਸੂਰਜ ਆਪਣੀ ਗੱਲ ਖਤਮ ਕਰਕੇ ਪ੍ਰਗਟ ਦੇ ਮੂੰਹ ਵੱਲ ਹੀ ਵੇਖੀ ਗਿਆ। ਪ੍ਰਗਟ ਦੀਆਂ ਅੱਖਾਂ ਵਿੱਚ ਹੈਰਾਨਗੀ ਸੀ। ਸੂਰਜ ਨੂੰ ਵਿਦਿਆਰਥੀ ਜੀਵਨ ਤੋਂ ਹੀ ਪ੍ਰਗਟ ਦੇ ਲੋਕ ਸੰਘਰਸ਼ ਬਾਰੇ ਪਤਾ ਸੀ। ਉਸ ਸਮੇਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਉਹ ਮੂਹਰਲੇ ਆਗੂਆਂ ਵਿਚੋਂ ਸੀ। ਕਈ ਧਰਨਿਆਂ, ਰੋਸ ਰੈਲੀਆਂ ਵਿੱਚ ਪ੍ਰਗਟ ਉਸਦੇ ਕਾਲਜ ਆਇਆ ਸੀ। ਸੂਰਜ ਵੀ ਆਪਣੀ ਕਹਾਣੀ ਤਰ੍ਹਾਂ ਪ੍ਰਗਟ ਦੀ ਜੱਥੇਬੰਦਕ ਕਹਾਣੀ ਸੁਣਨਾ ਚਾਹੁੰਦਾ ਸੀ ਤੇ ਹੌਸਲਾ ਕਰਕੇ ਉਸ ਨੇ ਪ੍ਰਗਟ ਨੂੰ ਪੁੱਛ ਲਿਆ, 'ਵੱਡੇ ਵੀਰ ਜੀ, ਤਸੀਂ ਕਿਵੇਂ ਏਸ ਲਾਈਨ ਵਿੱਚ?' ਸੂਰਜ ਦੇ ਇਹਨਾਂ ਬੋਲਾਂ ਦੇ ਖਤਮ ਹੁੰਦਿਆਂ ਹੀ ਪ੍ਰਗਟ ਨੇ ਬੋਲਣਾ ਸ਼ੁਰੂ ਕਰ ਦਿੱਤਾ ਸੀ,
'ਛੋਟੇ ਵੀਰ, ਮੇਰੀ ਕਹਾਣੀ ਤੇਰੇ ਨਾਲੋਂ ਕੁਝ ਵੱਖਰੀ ਆ। ਲੈ ਸੁਣ, ਤੂੰ ਆ ਮਿਲਦਾ ਈ ਰਹਿੰਨਾਂ ਮੇਰੇ ਪਿਤਾ ਜੀ ਨੂੰ। ਹੁਣ ਤਾਂ ਬਿਰਧ ਨੇ। ਪਹਿਲਾਂ ਜਦੋਂ ਕੰਮ ਕਰਦੇ ਸੀ ਤਾਂ ਉਦੋਂ ਏ ਹਜ਼ਾਮਤਾਂ ਦਾ ਕੰਮ ਕਰਦੇ ਹੁੰਦੇ ਸੀ। ਹੱਟੀ ਤੇ ਕਈ ਤਰ੍ਹਾਂ ਦੇ ਲੋਕ ਆਉਂਦੇ ਹੁੰਦੇ ਸੀ। ਪਾਪਾ ਜੀ ਦੱਸਦੇ ਹੁੰਦੇ ਆ ਕਿ ਇੱਕ ਵਾਰ ਇੱਕ ਫ਼ਿਰੋਜਪੁਰ ਤੋਂ ਕਾਮਰੇਡ ਆਪਣੇ ਪਾਲਟੀ ਦੇ ਕੰਮ ਬੇਟ ਵਿੱਚ ਆਇਆ ਸੀ। ਉਹ ਕਟਿੰਗ ਕਰਾਉਣ ਆ ਗਿਆ ਮੇਰੀ ਹੱਟੀ ਤੇ ਬਲਾ ਮਿੱਠਾ-ਮਿੱਠਾ ਬੋਲਦਾ ਸੀ। ਉਹਨੇ ਨਿੱਕੀਆਂ-ਨਿੱਕੀਆਂ ਗੱਲਾਂ ਕਰੀ ਜਾਣੀਆਂ। ਦੋ ਚਹੁੰ ਮਹੀਨਿਆਂ ਵਿੱਚ ਪੰਜ ਸੱਤ ਵਾਰੀ ਆ ਗਿਆ। ਇੱਕ ਦਿਨ ਉਸਨੇ ਪਾਪਾ ਨੂੰ ਕਿਹਾ ਬਈ ਤੈਨੂੰ ਵੀ ਪਾਲਟੀ ਮੈਂਬਰ ਬਣਾਉਣੈ? ਪਾਪਾ ਨੂੰ ਉਸਦੀਆਂ ਗੱਲਾਂ ਵਿੱਚ ਆ ਗਰੀਬਾਂ ਦੇ ਕੰਮ ਆਉਣਾ ਤੇ ਪੜ੍ਹਾਈ ਲਿਖਾਈ ਦੀਆਂ ਗੱਲਾਂ ਅਮੀਰ ਗਰੀਬ ਦੇ ਫਰਕ ਦੀਆਂ ਗੱਲਾਂ ਚੰਗੀਆਂ ਲੱਗੀਆਂ ਸਨ, ਪਾਪਾ ਨੇ ਮਿੰਟ ਵੀ ਨ੍ਹੀਂ ਲਾਇਆ ਉਸਦੇ ਫਾਰਮ ਉੱਤੇ ਸਾਈਨ ਕਰਨ ਨੂੰ। ਬਸ ਉਹ ਦਿਨ ਤੇ ਆ ਦਿਨ, ਸਾਡੇ ਘਰ ਨੂੰ ਕਾਮਰੇਡ ਦਾ ਘਰ ਈ ਕਹਿੰਦੇ ਨੇ। ਪਾਪਾ ਜੀ ਨੂੰ ਕਾਮਰੇਡ ਕਹਿ ਕੇ ਈ ਬੁਲਾਉਂਦੇ ਨੇ ਸਾਰੇ ਵੱਡੇ ਛੋਟੇ। ਮੈਨੂੰ ਤਾਂ ਘਰ ਵਿਚੋਂ ਈ ਜੰਮਦੇ ਨੂੰ ਵਰਗ-ਵੰਡ ਲਈ ਲੜਨ ਦੀ ਗੁੜਤੀ ਮਿਲਗੀ ਸੀ ਸੂਰਜ। ਬਾਕੀ ਦਾ ਤਾਂ ਤੈਨੂੰ ਪਤਾ ਈ ਆ।'

ਰਾਤ ਹੌਲੀ-ਹੌਲੀ ਅਗਾਂਹ ਨੂੰ ਤੁਰੀ ਜਾ ਰਹੀ ਸੀ। ਪਰ ਸੂਰਜ ਤਾਂ ਬੀਤ ਚੁੱਕੇ ਵੱਲ ਨੂੰ ਤੁਰਿਆ ਜਾ ਰਿਹਾ ਸੀ।

ਸਵੇਰੇ ਜਦੋਂ ਸੂਰਜ ਪਟਿਆਲੇ ਦੇ ਧਰਨੇ ਵੱਲ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਉਦੋਂ ਉਸਨੂੰ ਪ੍ਰਗਟ ਵਾਰ-ਵਾਰ ਚੇਤੇ ਆ ਰਿਹਾ ਸੀ। ਉਹਨਾਂ ਦਾ ਆਪਸ ਵਿੱਚ ਇਕੱਠੇ ਜਾਣ ਦਾ ਸਾਂਝਾ ਫੈਸਲਾ ਮੀਟਿੰਗ ਵਿੱਚ ਹੀ ਹੋ ਗਿਆ ਸੀ। ਪਟਿਆਲੇ ਵਾਲੇ ਧਰਨੇ ਦੀ ਤਰੀਕ ਸੂਬਾ ਕਮੇਟੀ ਨੇ ਨਿਸ਼ਚਿਤ ਕੀਤੀ ਸੀ ਕਿ ਉਸ ਤੋਂ ਦੋ ਦਿਨ ਪਹਿਲਾਂ ਪ੍ਰਗਟ, ਸੂਰਜ ਤੇ ਉਹਨਾਂ ਦੇ ਸਾਥੀਆਂ ਅਤੇ ਸਹਿਯੋਗੀਆਂ ਨੇ ਬੱਸ ਅੱਡੇ ਤੋਂ ਬਾਹਰ ਚੌਕ ਵਿੱਚ ਪੰਜਾਬ ਸਰਕਾਰ ਦੀ ਅਰਥੀ ਫੂਕੀ ਸੀ। ਉਸ ਐਕਸ਼ਨ ਤੋਂ ਬਾਅਦ ਹੀ ਸੰਘਰਸ਼ ਕਮੇਟੀ ਦੀ ਮੀਟਿੰਗ ਹੋਈ ਸੀ।

ਪ੍ਰਗਟ ਤੇ ਸੂਰਜ ਨੇ ਇੱਕ-ਇੱਕ ਮਿੰਨੀ ਬੱਸ ਇਕੱਲੇ-ਇਕੱਲੇ ਨੇ ਸਾਥੀ ਅਧਿਆਪਕਾਂ ਤੇ ਸਹਿਯੋਗੀ ਸਾਥੀਆਂ ਨਾਲ ਪੂਰੀ-ਪੂਰੀ ਭਰ ਕੇ ਪਟਿਆਲੇ ਵੱਲ ਤੋਰੀ ਸੀ। ਉਹ ਸੂਰਜ ਚੜ੍ਹਣ ਤੋਂ ਪਹਿਲਾਂ ਹੀ ਪਹੁ ਫੁਟਾਲੇ ਦੇ ਸਮੇਂ ਨੂੰ ਤੁਰੇ ਸਨ ਤੇ ਵਾਪਸੀ ਸਮੇਂ ਤਾਂ ਪਹੁੰਚਦਿਆਂ ਨੂੰ ਰਾਤ ਪੈ ਗਈ ਸੀ।



ਸੂਰਜ ਦੀ ਬੈੱਡ ਉਪਰ ਸਿੱਧਾ ਲੰਮਾ ਪਏ-ਪਏ ਦੀ ਨਿਗ੍ਹਾ ਆਪਣੀਆਂ ਅੱਖਾਂ ਸਾਹਮਣੇ ਕੰਧ-ਘੜੀ ਵੱਲ ਚੱਲੀ ਗਈ। ਰਾਤ ਦੇ ਸਵਾ ਬਾਰਾਂ ਦਾ ਟਾਈਮ ਸੀ। ਕੰਧ-ਘੜੀ ਦੇ ਸ਼ੀਸ਼ੇ ਰਾਹੀਂ ਪਟਿਆਲਾ ਵਿਖਾਈ ਦੇਣ ਲੱਗ ਪਿਆ। ਕੰਨਾਂ ਵਿਚ ਆਵਾਜ਼ਾਂ ਦੀ ਗੂੰਜ ਸੁਣੀ। '....ਪੰਜਾਬ ਸਰਕਾਰ ਮੁਰਦਾਬਾਦ....। ਅਧਿਆਪਕ ਏਕਤਾ ਜਿੰਦਾਬਾਦ। ਪੰਦਰਾਂ ਹਜ਼ਾਰ ਨਹੀਂ ਮੰਨਜ਼ੂਰ....ਨਹੀਂ ਮੰਨਜ਼ੂਰ....। ਸਾਡੇ ਹੱਕ ਐਥੇ ਰੱਖ...।' ਪ੍ਰਗਟ ਗੂੰਜ ਰਿਹਾ ਸੀ। ਉਹ ਬੋਲਦਾ ਸੁਣਿਆ, '......ਤਨਖਾਹ ਵਿਚ ਕਟੌਤੀ ਦਾ ਪੰਜਾਬ ਸਰਕਾਰ ਦਾ ਫੈਸਲਾ ਕਿਸੇ ਵੀ ਕੀਮਤ 'ਤੇ ਮਨਜ਼ੂਰ ਨਹੀਂ ਸਾਥੀਓ। ਸਰਕਾਰ ਵੱਲੋਂ ਸਿੱਖਿਆ ਵਰਗੇ ਸੰਵੇਦਨਸ਼ੀਲ ਖੇਤਰ ਪ੍ਰਤੀ ਅਪਣਾਏ ਜਾ ਰਹੇ ਨਾ-ਪੱਖੀ ਰਵੱਈਏ ਵਿਰੁੱਧ ਲੋਕਾਂ ਦੀ ਕਚਹਿਰੀ ਵਿਚ ਸਰਕਾਰ ਦੇ ਸਿੱਖਿਆ ਵਿਰੋਧੀ ਕਿਰਦਾਰ ਦਾ ਭਾਂਡਾ ਭੰਨ੍ਹਾਂਗੇ ਸਾਥੀਓ। ਅੱਜ ਤੋਂ ਐਥੇ ਪਟਿਆਲੇ ਵਿਚ ਅਣਮਿਥੇ ਸਮੇਂ ਲਈ ਮਰਨ ਵਰਤ ਸ਼ੁਰੂ ਕੀਤਾ ਜਾਂਦਾ ਹੈ....। ਪੰਜਾਬ ਸਰਕਾਰ ਮੁਰਦਾਬਾਦ....ਅਧਿਆਪਕ ਏਕਤਾ ਜਿੰਦਾਬਾਦ...। ਸਾਥੀਓ, ਆਪਣੀ ਮੰਗ ਨੂੰ ਸਹੀ ਕਹਿਣ ਵਾਲੇ ਤੇ ਆਪਣਾ ਸਹਿਯੋਗ ਕਰਨ ਵਾਲੇ ਵੀ ਐਥੇ ਪਹੁੰਚੇ ਹੋਏ ਨੇ। ਅਸੀਂ ਜਿੱਥੇ ਉਹਨਾਂ ਨੂੰ ਜੀ ਆਇਆ ਨੂੰ ਕਹਿੰਦੇ ਹਾਂ ਉੱਥੇ ਇਸ ਸੰਘਰਸ਼ਸ਼ੀਲ ਮੰਚ ਤੋਂ ਉਹਨਾਂ ਨੂੰ ਵਿਚਾਰ ਰੱਖਣ ਦਾ ਸਮਾਂ ਵੀ ਦਿੰਦੇ ਹਾਂ। ਲਓ ਤੁਹਾਨੂੰ ਸੰਬੋਧਨ ਕਰਨ ਆ ਰਹੇ ਨੇ ਲੋਕ ਪੱਖੀ ਵਿਚਾਰਧਾਰਾ ਦੀ ਰਾਜਨੀਤਿਕ ਕੌਮੀ ਪਾਰਟੀ ਦੇ...। '.....ਸਾਥੀਓ, ਮੈਂ ਸਰਕਾਰ ਨੂੰ ਕਹਿਨਾਂ ਕਿ ਤਨਖਾਹਾਂ ਵਿਚ ਕਟੌਤੀ ਦਾ ਫੈਸਲਾ ਅਧਿਆਪਕਾਂ ਉੱਤੇ ਲਾਗੂ ਕਰਨ ਤੋਂ ਪਹਿਲਾਂ ਮੰਤਰੀਆਂ, ਵਿਧਾਇਕਾਂ ਦੀਆਂ ਤਨਖਾਹਾਂ ਤੇ ਭੱਤਿਆਂ ਅਤੇ ਸਾਬਕਾ ਵਿਧਾਇਕਾਂ ਦੀਆਂ ਪੈਨਸ਼ਨਾਂ ਉੱਤੇ ਕੱਟ ਲਾ ਕੇ ਇਹ ਅਧਿਆਪਕਾਂ ਦੀ ਤਨਖਾਹ ਵਿਚ ਕਟੌਤੀ ਦਾ ਫੈਸਲਾ ਅਮਲ ਵਿਚ ਲਿਆਓ। 1991 ਤੋਂ ਅਰੰਭ ਕੀਤੀਆਂ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਸਰਕਾਰੀ ਸਿੱਖਿਆ ਨੂੰ ਇੱਕ ਸਾਜ਼ਿਸ਼ ਤਹਿਤ ਖ਼ਤਮ ਕਰਕੇ ਇਸਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ...।'

ਸੂਰਜ ਉੱਠਿਆ ਤੇ ਉਸ ਕੰਧ ਵਿਚ ਬਣੀ ਲੱਕੜ ਦੀ ਅਲਮਾਰੀ ਦਾ ਦਰਵਾਜ਼ਾ ਖੋਹਲਿਆਂ। ਇੱਕ ਡਾਇਰੀ ਚੁੱਕ ਮੁੜ ਬੈੱਡ ਉਪਰ ਜਾ ਕੇ ਲੰਮਾ ਪੈ ਗਿਆ। ਉਸਨੇ ਡਾਇਰੀ ਖੋਲ੍ਹ ਕੇ ਵਰਕੇ ਫਰੋਲ੍ਹਣੇ ਸ਼ੁਰੂ ਕਰ ਦਿੱਤੇ, ਇੱਕ ਵਰਕੇ ਉੱਤੇ 2008 ਲਿਖਿਆ ਸੀ, ਸੂਰਜ ਉੱਥੇ ਰੁਕ ਗਿਆ।

''ਲੈ ਬੀਬੀ?''

''ਹਾਂ ਪੁੱਤ ਦੱਸ?''

''ਲੈ ਆ ਗਿਆ ਈ ਇਸ਼ਤਿਹਾਰ ਸਰਕਾਰੀ ਨੌਕਰੀ ਦਾ? ਆ ਵੇਖ ਬੀਬੀ?'' ਸੂਰਜ ਆਪਣੀ ਉਂਗਲ ਅਖ਼ਬਾਰ ਉੱਤੇ ਰੱਖਦਾ ਹੋਇਆ ਜਾਣਕਾਰੀ ਦੇ ਰਿਹਾ ਸੀ।

ਸੂਰਜ ਦਾ ਸਿਰ ਪਲੋਸਦੀ, ਉਸਦਾ ਮੱਥਾ ਚੁੰਮਦੀ ਬੀਬੀ ਬੋਲੀ ਸੀ, ''ਪੁੱਤ ਮੈਨੂੰ ਨ੍ਹੀਂ ਪੜ੍ਹਨਾ ਆਉਂਦਾ ਤੇਰਾ ਖ਼ਬਾਰ। ਬੱਸ ਤੂੰ ਕਹਿਤਾ ਮੈਂ ਸੁਣ ਲਿਆ। ਆ ਤਾਂ ਬਾਹਲੀ ਵਦੀਆ ਖ਼ਬਰ ਸੁਣਾਈ ਐ ਮੇਰੇ ਪੁੱਤ ਨੇ। ਪੁੱਤ! ਤੈਨੂੰ ਨੌਕਰੀ ਮਿਲ ਜੂ?'' ਸੂਰਜ ਦੀ ਮਾਂ ਦੀਆਂ ਅੱਖਾਂ ਬੋਰੀ ਦਾ ਮੂੰਹ ਖੁੱਲ੍ਹਣ ਤਰ੍ਹਾਂ ਖੁੱਲ੍ਹੀਆਂ।

''ਬੀਬੀ? ਮੈਂ ਪੇਪਰ ਵਧੀਆ ਦਿਊਂ। ਮੈਂ ਇੰਟਰਵਿਊ ਵਧੀਆ ਦਿਊਂ। ਪਰ? ਪਰ ਬੀਬੀ, ਆਪਣੇ ਤੋਂ ਰਿਸ਼ਵਤ ਨ੍ਹੀਂ ਦਿੱਤੀ ਜਾਣੀ।'' ਸੂਰਜ ਦੀ ਖ਼ੁਸ਼ੀ ਉਪਰ ਉਦਾਸੀ ਆ ਚੜ੍ਹੀ। ਉਸਦੀ ਬੀਬੀ ਵੀ ਚੁੱਪ ਹੋ ਗਈ ਸੀ।

ਸੂਰਜ ਨੂੰ ਬਿਨਾਂ ਰਿਸ਼ਵਤ ਦਿੱਤਿਆ ਪ੍ਰਾਇਮਰੀ ਸਕੂਲ ਅਧਿਆਪਕ ਦੀ ਨਿਯੁਕਤੀ ਦਾ ਪੱਤਰ ਮਿਲ ਗਿਆ ਸੀ। ਸੂਰਜ ਤੇ ਉਸਦੀ ਮਾਂ ਦੀ ਚੁੱਪ ਟੁੱਟ ਗਈ ਸੀ। ਉਹ ਹੱਸ-ਹੱਸ ਗੱਲਾਂ ਕਰ ਰਹੇ ਸਨ। ''ਲੈ ਪੁੱਤ ਮੈਂ ਤੇਰੇ ਤੋਂ ਬਲਾਹਰੀ ਜਾਵਾਂ, ਸਦਕੇ ਜਾਵਾਂ ਪੁੱਤਰਾਂ।'' ਰਤਨੀ, ਸੂਰਜ ਦਾ ਮੱਥਾ ਚੁੰਮੀ ਗਈ। ਸਿਰ ਦੇ ਵਾਲਾਂ ਵਿੱਚ ਹੱਥ ਫੇਰੀ ਗਈ। ਉਹ ਬੋਲੀ ਜਾ ਰਹੀ ਸੀ, ''ਮੈਂ ਤਾਂ ਸੁਪਨੇ ਲੈਂਦੀ ਸੀ ਮੇਰੇ ਪੁੱਤ ਅਪਸਰ ਬਣਨਗੇ। ਵੱਡਾ ਤਾਂ ਰਹਿ ਗਿਆ ਪਿਓ ਵਾਂਗ ਦਿਹਾੜੀਆਂ ਕਰਨ ਵਾਲਾ। ਤੇ ਆ ਵਿਚਾਲੜਾ ਵੀ ਅੱਧ ਵਿਚਾਲੇ ਰਹਿ ਗਿਆ ਆ। ਚੱਲ ਪੁੱਤ ਤੂੰ ਫੇਰ ਬੀ ਚੰਗਾ ਰਹਿ ਗਿਆ ਏਂ। ਚਲੋ ਕੋਈ ਤਾਂ ਹੋਇਆ ਸਰਕਾਰੀ ਨੌਕਰੀ ਤੇ। ਚੱਲ ਏ ਮਾਸਟਰੀ ਕੇੜ੍ਹਾ ਮਾੜੀ ਆ। ਘਰ ਦੀ ਲਾਈਨ ਤਾਂ ਬਦਲੀ ਸੁੱਖ ਨਾਲ। ਚੱਲ ਕੋਈ ਪੜ੍ਹੀ-ਲਿਖੀ ਵੌਹਟੀ ਮਿਲ ਜੂ ਤੈਨੂੰ। ਕੋਈ ਨੌਕਰੀ ਵਾਲੀ ਮਿਲ ਗੀ ਤਾਂ, ਫਿਰ ਤਾਂ ਬਾਹਲਾ ਚੰਗਾ ਹੋ ਜੂ। ਮੈਂ ਤਾਂ ਆਂਹਨੀ ਆ ਨੌਕਰੀ ਲੱਗੀ ਵਾਲੀ ਮਿਲ ਜੇ।'' ਮਾਂ ਦੀ ਲੰਮੀ ਕਹਾਣੀ ਸੁਣਦਾ-ਸੁਣਦਾ ਸੂਰਜ ਖੁਦ ਸੁਪਨਿਆਂ ਵਿੱਚ ਗੁਆਚ ਗਿਆ ਸੀ। ਸ਼ੇਖਚਿਲੀ ਦੀ ਕਹਾਣੀ ਤਰ੍ਹਾਂ ਸੂਰਜ ਵੀ ਪੜ੍ਹੀ-ਲਿਖੀ ਵਹੁਟੀ ਤੇ ਉਹ ਵੀ ਬਰਾਬਰ ਦੀ ਮਾਸਟਰਨੀ ਮਿਲ ਜਾਣ ਤੇ ਖ਼ੁਸ਼ ਸੀ। ਬੱਚੇ ਮਹਿੰਗੇ ਅੰਗਰੇਜੀ ਮਾਡਲ ਸਕੂਲਾਂ ਵਿੱਚ ਪੜ੍ਹ ਰਹੇ ਸਨ। ਉਸ ਦੇ ਆਪਣੇ ਕੋਲ ਆਉਣ ਜਾਣ ਨੂੰ ਨਵੀਂ ਕਾਰ ਦੀ ਵੀ ਸਹੂਲਤ ਬਣ ਗਈ ਸੀ। ਇੰਝ ਉਹ ਮਾਂ-ਪੁੱਤ ਪਤਾ ਨਹੀਂ ਕਿੰਨਾ ਸਮਾਂ ਖਰਚ ਕਰੀ ਜਾਂਦੇ ਪਰ ਉਹਨਾਂ ਨੂੰ ਅੱਧ-ਵਿਚਕਾਰੋ ਪਿੱਛੇ ਮੋੜ ਲਿਆਂਦਾ ਸੀ ਸੂਰਜ ਦੇ ਪਿਓ ਨੇ, ਜਦੋਂ ਉਹ ਉਹਨਾਂ ਦੇ ਨੇੜੇ ਆ ਉੱਚੀ ਆਵਾਜ਼ ਵਿੱਚ ਬੋਲਿਆ,

''ਵੇਖਾਂ...ਕਿਵੇਂ ਹਿੜ ਹਿੜ ਲਾਈ ਐ? ਕੰਮ ਹੈਨੀ ਕੋਈ? ਚੱਲ ਚਾਅ ਬਣਾ ਕੇ ਲਿਆ? ਉਠ ਖੜੋ?''

ਤੇ ਮਾਂ ਤੁਰੰਤ ਉਠ ਕੇ ਖੜੋ ਗਈ ਸੀ।'

ਡਾਇਰੀ ਨੂੰ ਮੇਜ ਉੱਪਰ ਰੱਖ, ਸੂਰਜ ਅੱਖਾਂ ਮਲਣ

ਲੱਗ ਪਿਆ ਤਾਂ ਉਸਨੂੰ ਉਬਾਸੀ ਆ ਗਈ ਤੇ ਅੱਖਾਂ ਤੋਂ ਹੱਥ ਚੁੱਕ ਕੇ ਸਿਰ ਤੋਂ ਉਪਰ ਕਰਦਿਆਂ ਦੋਵੇਂ ਬਾਹਾਂ ਸਿੱਧੀਆਂ ਹੋ ਗਈਆਂ ਸਨ। ਉਬਾਸੀ ਆਉਣ ਕਰਕੇ ਖੁੱਲਿਆ ਮੂੰਹ ਜਦੋਂ ਬੰਦ ਹੋਇਆ ਤਾਂ ਉਹ ਬੋਲਿਆ, 'ਪੋਤਰਿਆਂ-ਦੋਹਤਰਿਆਂ ਵਾਲੀ ਮਾਂ ਤਾਂ ਹੁਣ ਵੀ ਪਿਓ ਦੇ ਪਹਿਲੇ ਬੋਲਾਂ ਉੱਤੇ ਉੱਠ ਕੇ ਖੜ੍ਹੋ ਜਾਂਦੀ ਐ ਤੇ ਇੱਕ ਆ ਅੱਜ ਦੀ ਪੜ੍ਹੀ-ਲਿਖੀ ਔਰਤ? ਤਰੱਕੀ ਤਾਂ ਏਹਨੇ ਬੌਤ ਕਰਲੀਆ, ਸ਼ਿਸ਼ਟਾਚਾਰ ਵੀ ਬੌਤ ਐ ਪਰ, ਆ ਜਿਹੜੀ ਮੇਰੇ ਪੱਲੇ ਪਈ ਆ ਸੜੀ ਮੱਚੀ ਜਈ। ਏਹਦੀ ਪੜ੍ਹਾਈ ਤੇ ਨੌਕਰੀ ਨੂੰ ਮਾਂ ਮੇਰੀ ਨੇ ਚੱਟਣੈਂ....।'

ਡਾਇਰੀ ਮੁੜ ਦੁਬਾਰਾ ਖੋਲ੍ਹ ਲਈ।

'ਧਰਨਿਆਂ ਵਿਚ ਸ਼ਾਮਿਲ ਹੋਣ ਤੋਂ ਰੋਕਣ ਵਾਲੀ ਅਤੇ ਪਿੰਡ ਨੂੰ ਛੱਡ ਸ਼ਹਿਰ ਵਿਚ ਕਿਰਾਏ ਦੇ ਮਕਾਨ ਅੰਦਰ ਰਹਿਣ ਲਈ ਅਤੇ ਬੇਟੀ ਨੂੰ ਕਾਨਵੈੱਟ ਸਕੂਲ ਦਾਖਲ ਕਰਵਾਉਣ ਅਤੇ ਸੂਰਜ ਦੇ ਮਾਪਿਆਂ ਨਾਲ ਲੜਣ-ਝਗੜਣ ਦਾ ਤਣਾਓ ਦੇਣ ਵਾਲੀ ਤੋਂ ਖਿਝੇ ਸੂਰਜ ਦਾ ਮਨਜੀਤ ਨਾਲ ਤਲਾਕ ਦਾ ਕੇਸ ਚੱਲ ਪਿਆ। ਛੋਟੇ ਇੱਕ ਭਰਾ ਤੇ ਇੱਕ ਭੈਣ ਦਾ ਵਿਆਹ ਕਰਨ ਵਿਚ ਮਾਂ-ਪਿਓ ਨੂੰ ਵੱਡਾ ਸਹਿਯੋਗ ਦਿੱਤਾ ਪਰ, ਛੋਟਾ ਭਰਾ ਵੀ ਵੱਡੇ ਭਰਾ ਤਰ੍ਹਾਂ ਪਿੰਡ ਛੱਡ ਕੇ ਸ਼ਹਿਰ ਚਲਾ ਗਿਆ ਸੀ। ਸੂਰਜ, ਮਾਂ-ਪਿਓ ਨਾਲ ਪਿੰਡ ਵਾਲੇ ਘਰ ਰਹਿ ਰਿਹਾ। ਉਸ ਨੇ ਕੱਚੇ ਘਰ ਨੂੰ ਢਾਹ ਕੇ ਪੱਕਾ ਬਣਾ ਦਿੱਤਾ ਸੀ। ਉਹ 2008 ਵਿਚ ਦਸ ਹਜ਼ਾਰ ਤਨਖਾਹ ਉੱਤੇ ਭਰਤੀ ਹੋਇਆ ਸੀ ਤੇ 2015 ਵਿਚ।'

ਡਾਇਰੀ ਬੰਦ ਕਰਦਾ ਸੂਰਜ ਬੋਲਿਆ, ''ਹੁਣ ਤਾਂ ਏ ਬਿਆਲੀ ਹਜ਼ਾਰ ਹੋ ਗੀ ਆ। ਤੇ ਏ ਵਾਅਦੇ ਹੋਰ ਤੇ ਫੈਸਲੇ ਹੋਰ ਕਰਨ ਵਾਲੀਆਂ ਸਰਕਾਰਾਂ ਕਹਿੰਦੀਆਂ ਪੰਦਰਾਂ ਹਜ਼ਾਰ ਤੇ ਤਿੰਨ ਸਾਲ ਲਾਓ ਫਿਰ ਪੂਰਾ ਗਰੇਡ ਦੇਵਾਂਗੀਆਂ। ਵੇਖੋ ਲੋਕੋ ਕਿੰਨਾ ਧੱਕਾ ਕਰਦੀ ਐਂ ਆਪ ਏ। ਪੜ੍ਹਿਆਂ ਲਿਖਿਆਂ ਦੀ ਕੋਈ ਕਦਰ ਨ੍ਹੀਂ। ਕਦਰ ਤਾਂ ਆ ਆਵਦੀ ਘਰਵਾਲੀ ਨੇ ਵੀ ਨ੍ਹੀਂ ਕੀਤੀ।''

ਸੂਰਜ ਨੇ ਡਾਇਰੀ ਫੜ੍ਹ ਫਰੋਲ ਦਿੱਤੀ। ਇਕ ਪੰਨੇ ਤੋਂ ਪੜ੍ਹਨਾ ਸ਼ੁਰੂ ਕੀਤਾ ਮੂੰਹ ਵਿਚ ਹੀ। ਡਾਇਰੀ ਦੇ ਇਸ ਪੰਨੇ ਦੇ ਉਪਰ ਹਰੀ ਸਿਆਹੀ ਨਾਲ ਵੱਡੇ ਅੱਖਰਾਂ ਵਿਚ ਮਨਜੀਤ ਲਿਖਿਆ ਸੀ। ਇਸ ਨਾਂ ਦੇ ਹੇਠ ਵੀ ਹਰੀ ਸਿਆਹੀ ਨਾਲ ਲਿਖਿਆ ਸੀ, 'ਮੇਰੇ ਮਨ ਨੂੰ ਜਿੱਤਣ ਵਾਲੀ ਮਨਜੀਤ। ਮੇਰੇ ਮਨ ਮਸਤਕ ਤੇ ਦਿਲ ਦੀ ਜੀਤਾਂ। ਤੇਰੀ ਸੋਚ, ਤੇਰੇ ਬੋਲ, ਤੈਨੂੰ ਬੌਤ ਬੌਤ ਮੁਬਾਰਕਾਂ ਜੀਤਾਂ। ਆ ਤਾਂ ਤੂੰ ਇਤਿਹਾਸ ਸਿਰਜਤੈ ਵਿਆਹ ਨੂੰ ਹਾਂ ਕਰਕੇ। ਜਾਤਾਂ ਪਾਤਾਂ ਦੇ ਬੰਧਨ ਤੋੜਤੇ ਨੇ ਤੂੰ। ਅਮੀਰੀ ਗਰੀਬੀ ਖਤਮ ਕਰਤੀ ਐ ਤੂੰ। ਮੈਂ ਤੇਰਾ ਰਿਣੀ ਰਹਾਂਗਾ ਸਾਰੀ ਉਮਰ ਭਰ। ਤੇਰਾ ਸੂਰਜ।'

ਡਾਇਰੀ ਦੇ ਕਿਸੇ ਹੋਰ ਪੰਨੇ ਤੋਂ ਸੂਰਜ ਪੜ੍ਹ ਰਿਹਾ ਸੀ, 'ਮੈਡਮ ਹਰਮਨ ਦੱਸਦੀ ਆ ਕਿ ਮਾਪਿਆਂ ਨੇ ਕਿਵੇਂ ਲਾਡ ਪਿਆਰ ਨਾਲ ਕਾਲਜ ਤੱਕ ਪੜ੍ਹਾਇਆ। ਕਿਵੇਂ ਐਸ਼ ਦੀ ਲਾਈਫ਼ ਜਿਊਈਂ ਐ ਸਰ ਜੀ। ਪਰ ਪਰ ਆ ਸਰ ਜੀ ਐਨੀ ਪੜ੍ਹਾਈ ਲਿਖਾਈ ਦਾ ਸਰਕਾਰ ਨੇ ਮੁੱਲ ਨ੍ਹੀਂ ਪਾਇਆ। ਮੈਂ ਵੀ ਸਰ ਜੀ ਤਿੰਨ ਚਾਰ ਸਾਲ ਪ੍ਰਾਈਵੇਟ ਸਕੂਲਾਂ ਵਿਚ ਧੱਕੇ ਖਾਦੇ ਨੇ। ਸਰ ਜੀ ਤੁਸੀਂ ਵੀ ਤਾਂ ਅਪਨੇ ਤਰ੍ਹਾਂ ਈ ਪ੍ਰਾਈਵੇਟ ਜੌਬ ਕੀਤੀ ਹੋਈ ਐ। ਪ੍ਰਾਈਵੇਟ ਜੌਬ ਦਾ ਥਾਨੂੰ ਸਾਰਾ ਪਤਾ। ਆ ਸ਼ੁਕਰ ਕਰੋ ਕੇ ਘਰਵਾਲਾ ਬੈਂਕ ਵਾਲਾ ਮਿਲ ਗਿਆ ਜੀ। ਓ ਨ੍ਹੀ ਪਰਵਾਅ ਕਰਦੇ। ਕਹਿੰਦੇ ਸੀ ਉਦੋਂ, ਸਰਕਾਰੀ ਸਰਵਿਸ ਵੀ ਮਿਲ ਜੂਗੀ ਜੇ ਕਿਸਮਤ ਵਿਚ ਹੋਈ। ਉਨ੍ਹਾਂ ਦੇ ਬੋਲ ਸੱਚ ਹੋਏ। ਸਾਡੇ ਵਿਆਹ ਤੋਂ ਛੀ ਮਹੀਨਿਆਂ ਅੰਦਰ ਈ ਆ ਪੋਸਟਾਂ ਦਾ ਇਸ਼ਤਿਹਾਰ ਆਇਆ ਨਿਊਜ ਪੇਪਰ ਵਿਚ। ਬਸ ਮੈਂ ਅਪਲਾਈ ਕਰਤਾ ਤੇ ਮੈਨੂੰ ਇੰਟਰਵਿਊ ਆ ਗਈ ਸੀ। ਹੈ ਤਾਂ ਕੰਨਟਰੈਕਟ ਬੇਸ ਤੇ ਭਾਵੇਂ ਪਰ ਕਦੇ ਨਾ ਕਦੇ ਰੈਗੂਲਰ ਵੀ ਹੋਵਾਂਗੇ ਸਰ ਜੀ। ਆ ਦਸ ਹਜ਼ਾਰ ਤੇ ਭਰਤੀ ਹੋਈ ਸੀ। ਆ ਹੁਣ ਬੱਤੀ ਤੇਤੀ ਹੋ ਗਿਆ ਹੌਲੀ-ਹੌਲੀ ਵੱਧ ਕੇ। ਬੇਟਾ ਐਲ.ਕੇ.ਜੀ ਵਿਚ ਹੋ ਗਿਆ। ਆ ਬਰਡ ਬਲੂਮਿੰਗ ਵਿਚ ਪੜ੍ਹਦਾ ਹੈ। ਸਕੂਲ ਤਾਂ ਬਹੁਤ ਮਹਿੰਗੈ। ਸਰ ਜੀ ਖਰਚੇ ਤਾਂ ਬਹੁਤ ਨੇ। ਆ ਪਿਛਲੇ ਤੋਂ ਪਿਛਲੇ ਸਾਲ ਕੋਠੀ ਬਣਾ ਲੀ ਸੀ। ਉਹਦਾ ਲੋਨ ਤਾਂ ਘਰਵਾਲੇ ਨੇ ਅਪਣੀ ਬੈਂਕ ਤੋਂ ਕਰਵਾ ਲਿਆ ਸੀ। ਉਨ੍ਹਾਂ ਨੂੰ ਪਰਸਿਲਟੀਜ ਐ ਕੇ ਇੰਨਟਰਸਟ ਫਰੀ ਐ ਬੈਂਕ ਇੰਮਪਲਾਈ ਹੋਣ ਕਰਕੇ। ਤੇ ਆ ਪਿਛਲੇ ਸਾਲ ਮਰੂਤੀ ਵਿਚ ਦੇ ਕੇ ਆਲਟੋ ਲੈ ਲੀ ਨਵੀਂ। ਇਹਦਾ ਲੋਨ ਮੇਰੇ ਨਾਂ ਕਰਵਾਤਾ। ਬਸ ਬਚਦਾ ਬਚਾਉਂਦਾ ਕੁਸ਼ ਨ੍ਹੀ। ਕਿਸ਼ਤਾਂ ਈ ਕਿਸ਼ਤਾਂ ਨੇ। ਬਸ ਚੱਲੀ ਜਾਂਦੇ ਆ ਸਰ ਜੀ। ਚਲੋ ਸਰ ਜੀ ਮੈਂ ਕਹਿਨੀ ਆ ਸਹੂਲਤਾਂ ਤਾਂ ਤਕਰੀਬਨ-ਤਕਰੀਬਨ ਐਸ ਵੇਲੇ ਸਾਰੀਆਂ ਹੈਗੀਆਂ। ਏ ਜ਼ਿੰਦਗੀ ਤਾਂ ਅਏ ਏ ਚੱਲੀ ਜਾਣੀ ਐ। ਬਹੁਤਾ ਕਲਪਿਆ ਤਾਂ ਕੁਸ਼ ਹੋ ਨ੍ਹੀਂ ਜਾਣਾ। ਸਰ ਜੀ ਖੁਸ਼ ਰਿਹਾ ਕਰੋ। ਬਸ ਤੁਸੀਂ ਆ ਮੀਟਿੰਗਾਂ ਸ਼ੀਟਿੰਗਾਂ ਤੇ ਜਾਂਦੇ ਰਹਿੰਦੇ ਹੋ ਆ ਯੂਨੀਅਨ ਦਾ ਜੋਰ ਪਾ ਕੇ ਰੈਗੂਲਰ ਕਰਵਾ ਦੋ ਸਰ ਜੀ। ਬਸ ਫਿਰ ਸਾਰੀ ਉਮਰ ਟੈਨਸ਼ਨ ਮੁੱਕੂ।'

''ਮੈਡਮ ਹਰਮਨ ਆ? ਆ ਟੈਨਸ਼ਨ ਤਾਂ ਹੋਰ ਨਵੀਂ ਆ ਡਿੱਗੀ ਆ ਬਰਛੀ ਬਣ ਕੇ। ਹੁਣ ਜਾਂ ਤਾਂ ਫਿਰ ਮੌਤ ਆ ਜਾਂ ਫਿਰ ਸੰਜੀਵਨੀ ਬੂਟੀ ਚਾਹੀਦੀ ਐ ਮੋੜ ਕੇ ਜ਼ਿੰਦਗੀ ਲਿਆਉਣ ਨੂੰ। ਵੇਖੋ ਕੀ ਬਣਦਾ ਆ। ਹਲੇ ਤਾਂ ਆਰ ਪਾਰ ਦੀ ਲੜਾਈ ਚੱਲ ਪਈ ਆ।''

ਸੂਰਜ ਨੂੰ ਨੀਂਦ ਹੀ ਨਹੀਂ ਆ ਰਹੀ ਸੀ। ਡਾਇਰੀ ਹੀ ਪੜ੍ਹਨ ਲੱਗਾ ਰਿਹਾ। ਡਾਇਰੀ ਦੇ ਵਰਕੇ ਪਲਟਦਿਆਂ ਇੱਕ ਹੋਰ ਵਰਕਾ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ।

'ਮੇਰੀ ਕੁਲੀਗ ਅਮਨ ਚੁੱਪ-ਚੁੱਪ ਰਹਿੰਦੀ ਹੈ।

ਹਰਮਨ ਤੇ ਮੇਰੇ ਤਰ੍ਹਾਂ ਹੀ ਨੌਕਰੀ ਵਿਚ ਆਈ ਹੈ। ਮੈਨੂੰ ਪਿਛਲੇ ਮਹੀਨੇ ਪਤਾ ਲੱਗਾ ਕਿ ਉਹ ਸ਼ਿਮਲਾ ਯੂਨੀਵਰਸਿਟੀ ਤੋਂ ਇੰਗਲਿਸ਼ ਦੀ ਐਮ.ਏ. ਕਰ ਰਹੀ ਹੈ। ਬਹੁਤ ਮਿਹਨਤੀ ਕੁੜੀ ਹੈ। ਪਰ ਵਿਚਾਰੀ ਸਾਊ ਨੂੰ ਰੱਬ ਨੇ ਦੁੱਖ ਕਿੱਡੇ ਵੱਡੇ-ਵੱਡੇ ਦਿੱਤੇ ਨੇ। ਦੱਸਦੀ ਧਰਲ-ਧਰਲ ਰੋ ਪਈ ਸੀ ਉਸ ਦਿਨ। ਕਹਿੰਦੀ, ਘਰਵਾਲਾ ਬੀ.ਟੈਕ ਹੈ। ਕੰਪਿਊਟਰ ਦੀ। ਜੋਬ ਲਈ ਬੌਤ ਟੱਕਰਾਂ ਮਾਰੀਆਂ ਸਰ ਜੀ। ਸਰਕਾਰੀ ਤਾਂ ਮਿਲਣੀ ਕੀ ਸੀ ਪ੍ਰਾਈਵੇਟ ਵੀ ਨ੍ਹੀ ਮਿਲੀ। ਹੁਣ ਐਲ.ਆਈ.ਸੀ ਵਿਚ ਬੀਮੇ ਕਰਵਾਉਂਦੇ ਨੇ। ਏਸ ਕੰਮ ਦਾ ਵੀ ਉਹਨਾਂ ਨੂੰ ਸ਼ੌਕ ਸੀ। ਬਸ ਟੈਮ ਪਾਸ ਹੋਈ ਜਾਂਦੈ ਜੀ। ਉਂਝ ਏ ਜ਼ਿੰਦਗੀ ਥੋੜਾ ਕੋਈ ਤੇ ਬੇਟੇ ਨੂੰ ਜਮਾਂਦਰੂ ਈ ਹਾਰਟ ਦੀ ਪਰੋਬਲੱਮ ਸੀ। ਉਹਨੂੰ ਬਚਾਉਣ ਵਾਸਤੇ ਬੌਤ ਥਾਂ-ਥਾਂ ਧੱਕੇ ਖਾਦੇ ਸੀ। ਆ ਪੀ.ਜੀ.ਆਈ ਤੋਂ ਸਹੀ ਇਲਾਜ ਹੋਇਆ। ਆਮਦਨ ਥੋੜੀ ਐ ਤੇ ਖਰਚਾ ਬੌਤ ਜ਼ਾਦਾ-ਆ ਸਰ ਜੀ। ਕਰਜਾ ਸਿਰ ਚੜ੍ਹਿਆ ਪਿਆ ਹੁਣ ਤਾਂ। ਵਿਆਜ ਬਹੁਤ ਪੈ ਰਿਹਾ। ਸਰ ਜੀ ਮੈਂ ਸੋਚਿਆ ਕੇ ਆ ਹੁਣ ਇੰਗਲਿਸ਼ ਦੀਆਂ ਸਪੈਸ਼ਲ ਪੋਸਟਾਂ ਪਿੱਛੇ ਜਿਹੇ ਭਰੀਆਂ। ਏਸੇ ਕਰਕੇ ਇੰਗਲਿਸ਼ ਦੀ ਐਮ.ਏ. ਕਰ ਰਹੀ ਹਾਂ।'

ਸੂਰਜ ਨੇ ਡਾਇਰੀ ਆਪਣੇ ਮੱਥੇ ਨਾਲ ਮਾਰੀ। ''....ਓ ਹੋ...ਹੋ...ਮੇਰਿਆ ਰੱਬਾ-ਅ...? ਰਿੱਧੀ ਖੀਰ ਤੇ ਬਣ ਗਿਆ ਦਲੀਆ...। ਤਾਇਆ ਜੀ ਵਾਲਾ ਜ਼ਮਾਨਾ ਤਾਂ ਬਹੁਤ ਈ ਚੰਗਾ ਸੀ। ਉਦੋਂ ਈ ਮੈਂ ਪੜ੍ਹਿਆ। ਮਾਸਟਰ ਸਿਰਫ਼ ਪੜ੍ਹਾਉਣ ਦਾ ਕੰਮ ਕਰਦੇ ਸੀ। ਨਾ ਕੋਈ ਮਿਡ ਡੇ ਮੀਲ ਸੀ। ਨਾ ਆ ਪੜ੍ਹੋ ਪੰਜਾਬ ਸੀ। ਨਾ ਆ ਸੀ ਸੀ ਰਜਿਸਟਰ ਸਨ। ਆ ਪੰਜਵੀਂ ਅੱਠਵੀਂ ਵਿਚੋਂ ਨਲਾਇਕਾਂ ਨੂੰ ਫੇਲ੍ਹ ਕੀਤਾ ਜਾਂਦਾ ਸੀ। ਹੁਣ ਤਾਂ ਸਭ ਕੁਝ ਉਲਟ ਪੁਲਟ ਕਰਤੈ। ਆ ਅੰਗਰੇਜ਼ੀ ਵਾਲੇ ਨੇ। ਆ ਸਰਵ ਸਿੱਖਿਆ ਵਾਲੇ ਨੇ। ਆ ਰਮਸਾ ਵਾਲੇ ਨੇ। ਬਸ ਵੰਡੀਆਂ ਪਾ ਤੀਆਂ ਆ ਮਾਸਟਰਾਂ ਭੈਣਜੀਆਂ ਵਿਚ। ਇਹਨਾਂ ਵੰਡੀਆਂ ਨੇ ਆ ਯੂਨੀਅਨਾਂ ਬਲਾ ਬਣਾ-ਤੀਆਂ ਆ। ਤਾਇਆ ਕਹਿੰਦਾ ਹੁੰਦਾ ਸੀ ਕੇ ਅਧਿਆਪਕਾਂ ਦੀ ਯੂਨੀਅਨ ਐਨੀ ਤੱਕੜੀ ਸੀ ਕੇ ਬੀ.ਬੀ.ਸੀ ਤੋਂ ਖ਼ਬਰਾਂ ਆਉਂਦੀਆਂ। ਹੁਣ ਤਾਂ ਮੀਡੀਆ ਵੀ ਵੰਡਿਆ ਪਿਐ ਆ। ਮੈਡਮ ਇੰਗਲਿਸ਼ ਪੋਸਟ ਦੀ ਗੱਲ ਕਰਦੀ ਆ। ਜੇਹੜਾ ਰਟੈਰ ਹੁੰਦਾ ਉਹਦੀ ਥਾਂ ਤੇ ਨਵੀਂ ਭਰਤੀ ਈ ਨ੍ਹੀਂ ਹੋ ਰਹੀ। ਕਿੰਨੇ ਮੁੰਡੇ ਕੁੜੀਆਂ ਵੱਡੀਆਂ-ਵੱਡੀਆਂ ਡਿਗਰੀਆਂ ਚੁੱਕੀ ਫਿਰਦੇ ਨੇ। ਕੋਈ ਨ੍ਹੀਂ ਪੁੱਛਦਾ ਉਹਨਾਂ ਨੂੰ। ਆ ਪਿੰਡ ਵਾਲੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦੀ ਕੁੜੀ ਪੀ.ਐਚ.ਡੀ ਆ। ਵੇਖੋ ਉਹਦੀ ਪੀ.ਐਚ.ਡੀ ਦੀ ਕੀ ਕਦਰ ਪਾਈ ਆ। ਹੁਣ ਮਰਨ ਵਰਤ ਤਾਂ ਸ਼ੁਰੂ ਹੋ ਗਿਆ। ਲੜਾਈ ਤਾਂ ਆਰ ਪਾਰ ਦੀ ਸ਼ੁਰੂ ਹੋਗੀ ਆ। ਪ੍ਰਗਟ ਵਰਗੇ ਬਹੁਤ ਥੋੜੇ ਲੀਡਰ ਨੇ। ਅੱਜ ਜਦੋਂ ਪੁਲਸ ਵਾਲਿਆਂ ਨੇ ਬੈਰੀਅਰ ਲਾ ਕੇ ਉੱਤੇ ਪਾਣੀ ਦੀਆਂ ਬੁਛਾੜਾਂ ਚਲਾਈਆਂ ਸੀ ਉਦੋਂ ਪਿਛਲੇ ਤਾਂ ਪਿੱਛੇ ਈ ਭੱਜ ਤੁਰੇ। ਅੱਗੇ ਵਾਲਿਆਂ ਤਾਂ ਬਥੇਰਾ ਮੁਕਾਬਲਾ ਕੀਤੈ। ਪ੍ਰਗਟ ਤਾਂ ਹੈ ਈ ਸਭ ਤੋਂ ਅੱਗੇ ਸੀ। ਘੈਂਟ ਲੀਡਰ ਐ ਘੈਂਟ।''

ਡਾਇਰੀ ਥੱਲੇ ਡਿੱਗ ਗਈ ਸੀ। ਦੋਨੋਂ ਹੱਥਾਂ ਦੀਆਂ ਮੀਚੀਆਂ ਮੁੱਠੀਆਂ ਮੇਜ ਉਪਰ ਜ਼ੋਰ ਨਾਲ ਮਾਰੀਆਂ ਸੀ ਸੂਰਜ ਨੇ। ਦੋ ਚਾਰ ਮਿੰਟ ਬਾਅਦ ਡਾਇਰੀ ਨੂੰ ਚੁੱਕ ਕੇ ਮੁੜ ਫਰੋਲਣਾ ਸ਼ੁਰੂ ਕਰ ਦਿੱਤਾ ਸੀ।

'ਜਸਬੀਰ ਮੁੰਡਾ ਬਹੁਤ ਮਿਹਨਤੀ ਹੈ। ਇਹੋ ਜਿਹੇ ਵਿਰਲੇ ਟਾਵੇਂ ਈ ਹੁੰਦੇ ਨੇ। ਏ ਤਾਂ ਜਸਬੀਰ ਦੀ ਮਿਹਨਤ ਹੈ ਕੇ ਕਲੈਰੀਕਲੀ ਕੰਮ ਦਾ ਗੁਣ ਕਿਸੇ ਚੰਗੇ ਉਸਤਾਦ ਤੋਂ ਲੈ ਲਿਆ ਭਲੇ ਵੇਲੇ। ਬਾਕੀ ਬਈ ਕੰਪਿਊਟਰ ਦਾ ਮਾਹਰ ਹੈ। ਸਕੂਲ ਜਾ ਕੇ ਬਿੱਲ ਬਣਾ ਆਉਂਦਾ ਹੈ। ਆ ਰਟੈਰਮੈਂਟ ਦੇ ਕੇਸ ਆਏ ਰਹਿੰਦੇ ਨੇ। ਕਿਸੇ ਨੇ ਜੀ.ਪੀ.ਐਫ ਕਢਵਾਉਣੈ। ਕਿਸੇ ਦੇ ਮੈਡੀਕਲ ਬਿੱਲ ਨੇ ਇੰਝ ਚਾਰ ਪੈਸੇ ਬਣਾ ਲੈਂਦਾ ਹੈ। ਮੈਂ ਕਿੰਨੀ ਵਾਰ ਕੋਸ਼ਿਸ਼ ਕੀਤੀ ਕੇ ਧਰਨੇ ਤੇ ਰੈਲੀ ਤੇ ਆਇਆ ਕਰ ਪਰ ਨਈਂ ਆਇਆ ਕਦੇ। ਊ ਪਰਚੀ ਕਟਵਾ ਲੈਂਦਾ ਹੈ। ਜਿੰਨੇ ਦੀ ਮਰਜ਼ੀ ਕੱਟ ਦਿਓ। ਨਾਂਹ ਨਈਂ ਕਰਦਾ ਕਦੇ ਵੀ। ਪ੍ਰਗਟ ਕਹਿੰਦਾ ਏ ਕੇ ਯੂਨੀਅਨ ਤਾਂ ਈ ਤਕੜੀ ਹੋਊ ਜੇ ਕੋਲ ਫੰਡ ਹੋਊ। ਬੈਕ ਉੱਤੇ ਸਾਥੀ ਖੜਨ। ਮੂਹਰਲੇ ਲੀਡਰ ਕੱਲੇ ਨ੍ਹੀਂ ਕੁਝ ਕਰ ਸਕਦੇ....।'

''ਪ੍ਰਗਟ? ਪ੍ਰਗਟ ਤਾਂ ਮਰਨ ਵਰਤ ਤੇ ਬੈਠਾ ਆ। ਐਹੋ ਜਿਹਾ ਸੰਘਰਸ਼ ਤਾਂ ਪਹਿਲੀ ਵਾਰ ਵੇਖਣ ਨੂੰ ਮਿਲਿਆ। ਪ੍ਰਗਟ ਤਾਂ ਹਰ ਕੰਮ ਵਿਚ ਪਹਿਲ ਕਦਮੀ ਕਰਦੈ। ਬਾਹਲਾ ਦਲੇਰ ਐ ਮਾਂ ਦਾ ਪੁੱਤ। ਮਓ ਜੇ ਤੁੰਗ ਤਰ੍ਹਾਂ। ਤੁੰਗ ਨੇ ਤਾਂ ਬਹੱਤਰ ਸਾਲ ਦੀ ਉਮਰ ਵਿੱਚ ਦਰਿਆ ਪਾਰ ਕਰਕੇ ਵਿਖਾ ਤਾ ਸੀ ਕੇ ਮੈਂ ਹਲੇ ਵੀ ਦਲੇਰ ਆ। ਏ ਹੁੰਦੀ ਆ ਦਲੇਰੀ। ਏਹੋ ਜਿਹੀਆਂ ਕਰਕੇ ਈ ਸੰਘਰਸ਼ਾਂ ਦੀ ਜਿੱਤ ਹੋਈ ਆ।'' ਸੂਰਜ ਨੇ ਫਿਰ ਆਪਣੇ ਇਕ ਹੱਥ ਦੀ ਮੁੱਠੀ ਮੇਜ ਉਪਰ ਜ਼ੋਰ ਨਾਲ ਮਾਰੀ। ਹੱਥ ਚੁਕਦਿਆਂ ਉਸਦਾ ਸਿਰ ਉਪਰ ਨੂੰ ਹੋਇਆ ਤਾਂ ਰੌਸ਼ਨਦਾਨ ਰਾਹੀਂ ਚੜਦੇ ਸੂਰਜ ਦੀ ਰੌਸ਼ਨੀ ਅੱਖਾਂ ਉੱਤੇ ਆ ਵੱਜੀ ਸੀ।

''ਲੈ ਆ ਤਾਂ ਗਿਆਰਾਂ-ਬਾਰਾਂ ਘੰਟੇ ਬਾਅਦ ਮੁੜ ਚੜ੍ਹ ਆਇਆ ਤੇ ਸਾਡੀ ਜਿੱਤ ਦਾ ਸੂਰਜ....?'' ਬੋਲਦਾ-ਬੋਲਦਾ ਸੂਰਜ ਕਮਰਿਓਂ ਬਾਹਰ ਹੋ ਛੱਤ ਨੂੰ ਲਿਜਾਂਦੀ ਕੱਚੀ ਪੌੜੀ 'ਤੇ ਚੜ੍ਹਨ ਲੱਗ ਗਿਆ ਸੀ।

**81468-13291**

## ਕਵਿਤਾਵਾਂ / ਡਾ. ਦੇਵਿੰਦਰ ਕੌਰ



### ਹਾਦਸਾ

ਲਾਲਟੈਨ ’ਚ ਤੇਲ ਪਾ
ਬੱਤੀ ਉੱਚੀ ਕੀਤੀ
ਤਾਂ ਮੱਥੇ ਦੀ ਸੋਚ ਤਿਲਮਿਲਾਈ
ਬੰਦੇ ਦੀ ਧਰਤ ਨਾਲ
ਧੁਰੋਂ ਕੋਈ ਯਾਰੀ ਹੈ
ਅਚਾਨਕ ਬਿਜਲੀ ਚਲੇ ਜਾਣ ਕਰਕੇ
ਉਹ ਮਿੱਟੀ ਵਲ ਮੁੜਿਆ
ਰਿਮੋਟ ਕੰਟਰੋਲ ਨਾਲ
ਵਰ੍ਹਿਆਂ ਤੋਂ ਖੇਡਦਿਆਂ
ਭੁੱਲ ਗਿਆ ਸੀ
ਲਾਲਟੈਨ ’ਚੋਂ
ਲਿਸ਼ਕਦੀ ਰੌਸ਼ਨੀ ਦਾ ਤਲਿੱਸਮ
ਪਲ ਲਈ ਮੁਸਕਰਾਇਆ
ਮੱਥੇ ਦੀਆਂ ਵਟਦਾਰ ਲਕੀਰਾਂ
ਤਾਰ ਤਾਰ ਹੋਏ ਅਰਮਾਨ
ਇਕ ਦੂਜੇ ਦੇ ਸੰਗ-ਸਾਥ
ਇਸ ਤਰ੍ਹਾਂ ਗੁੱਥਮ ਗੁੱਥਾ ਹੋਏ
ਵਰ੍ਹਿਆਂ ਤੋਂ ਗੁਆਚੇ ਪਲ
ਸ਼ੋਰ ਮਚਾਉਣ ਲੱਗੇ
ਬਿਜਲੀ ਦਾ ਜਾਣਾ
ਮਹਿਜ਼ ਇੱਕ ਹਾਦਸਾ
ਸਮੇਂ ਦਾ ਸੱਚ ਤਾਂ ਕੁਝ ਹੋਰ ਸੀ

### ਕਿਤਾਬ ਬੋਲਦੀ ਹੈ

ਕਿਤਾਬ ਬੋਲਦੀ ਹੈ
ਹੌਲੇ ਹੌਲੇ ਤੁਹਾਡਾ ਜ਼ਿਹਨ ਫਰੋਲਦੀ ਹੈ
ਉਦਾਸੀ ਭਰੇ ਪਲਾਂ ਵਿਚ
ਤੁਹਾਡਾ ਸਾਥ ਟੋਲਦੀ ਹੈ
ਸ਼ੈਲਫ ਤੇ ਪਈ ਕਿਤਾਬ
ਬੇਚੈਨ ਹੈ
ਤੁਹਾਡੇ ਹੱਥਾਂ ਦੀਆਂ
ਉਂਗਲਾਂ ਦੀ ਛੁਹ ਲਈ
ਬੇਜਾਨ ਪਈ ਸ਼ੈਲਫ ਤੇ ਕਿਤਾਬ
ਅੱਖਰਾਂ ਦੀ ਲੋਅ ਸਾਂਭੀ
ਚਿਰਾਂ ਤੋਂ ਤੁਹਾਨੂੰ ਉਡੀਕਦੀ ਹੈ
ਕਰਦੀ ਹੈ ਲੰਮੀ ਇੰਤਜ਼ਾਰ
ਵਧਾ ਲਿਆ ਮੈਂ ਆਪਣਾ ਹੱਥ
ਖਿੱਚ ਲਈ ਸ਼ੈਲਫ ’ਚ ਤੜਪਦੀ
ਕਿਤਾਬ
ਰੱਖ ਆਪਣੀ ਝੋਲ ਵਿਚ
ਨਜ਼ਰਾਂ ਟਿਕਾਅ
ਮਿਲ ਪਈ ਧੜਕਣ
ਕਿਤਾਬ ’ਚ ਤੜਪਦੇ ਅੱਖਰਾਂ ਨੂੰ
ਬੋਲ ਪਈ ਕਿਤਾਬ
ਮਿਲ ਗਿਆ ਮੇਰੀ ਉਦਾਸੀ ਨੂੰ
ਅਜਬ ਅਹਿਸਾਸ ।

### ਸ਼ੁਕਰ ਹੈ

ਸ਼ੁਕਰ ਹੈ
ਅਜੇ ਸਮੁੰਦਰ ਸ਼ਾਂਤ ਹੈ
ਅਜੇ ਲਹਿਰਾਂ ਵਿਚ ਅਵਾਰਗੀ ਨਹੀਂ
ਸ਼ੁਕਰ ਹੈ
ਕੁਝ ਨਦੀਆਂ ਅਜੇ ਵੀ
ਇਕਸਾਰ ਵਗਦੀਆਂ ਨੇ
ਉਜ਼ੋਨ ਵਿਚ
ਅਜੇ ਵੀ ਕੁਝ ਪਰਤਾਂ ਬਾਕੀ ਨੇ
ਸ਼ੁਕਰ ਹੈ ਕੁਝ ਕਣਾਂ ਵਿਚ
ਅਜੇ ਵੀ ਕਾਇਨਾਤ
ਅਤੇ ਕਾਇਨਾਤ ਵਿਚ
ਅਜੇ ਵੀ ਕੁਝ ਕਣ ਜੀਉਂਦੇ ਨੇ
ਉਂਝ ਤਾਂ
ਮੋਬਾਈਲ ਫੋਨਾਂ ਨੇ
ਤਾਰਾਂ ਟਾਹਣੀਆਂ ਤੇ
ਫੁਦਕਦੀਆਂ ਚਿੜੀਆਂ
ਕਦੋਂ ਦੀਆਂ ਖਾ ਲਈਆਂ
ਸ਼ੁਕਰ ਹੈ
ਅਜੇ ਸਮੁੰਦਰ ਸ਼ਾਂਤ ਹੈ ।

## ਤਾਂਘ / ਮਨਿੰਦਰ ਕੌਰ ਮਨ

ਸਾਰਾ ਕੁਝ
ਕਹਿ ਦੇਣਾ
ਜਤਾ ਦੇਣਾ
ਚੰਗਾ ਤਾਂ ਹੈ
ਪਰ ਕੁਝ
ਅਣਕਿਹਾ ਚਾਹੀਦਾ
ਕਿ ਤਾਂਘ ਬਣੀ ਰਹੇ

ਪਿਆਰ ਜਤਾਉਣਾ
ਪਿਆਰ ਬਰਸਾਉਣਾ
ਚੰਗਾ ਤਾਂ ਹੈ
ਪਰ ਕੁਝ
ਫ਼ਾਸਿਲਾ ਚਾਹੀਦਾ
ਕਿ ਤਾਂਘ ਬਣੀ ਰਹੇ

ਗਿਲੇ ਸ਼ਿਕਵੇ
ਬਿਨਾ ਵੀ ਰਿਸ਼ਤਾ
ਕਾਗਜ਼ੀ ਲਗਦੈ
ਦਿਲ ਦਾ ਦਰ
ਖੁੱਲ੍ਹਾ ਚਾਹੀਦਾ
ਕਿ ਤਾਂਘ ਬਣੀ ਰਹੇ

ਤੇਰੇ ਮਿਲਣ ਤੋਂ ਚੰਗਾ
ਹੋਰ ਕੁਝ ਵੀ ਨਹੀਂ
ਫਿਰ ਵੀ ਦਿਲ ਨੂੰ
ਹਿਜ਼ਰ ਚਾਹੀਦਾ
ਕਿ ਤਾਂਘ ਬਣੀ ਰਹੇ।



## ਦੋ ਗ਼ਜ਼ਲਾਂ / ਬੂਟਾ ਸਿੰਘ ਚੌਹਾਨ



ਕਰਨ ਜਿੱਥੇ ਦਿਲ ਦੇ ਟੁਕੜੇ ਆਪਣਾ ਜੀਵਨ ਬਸਰ
ਆਂਦਰਾਂ ਨੂੰ ਖਿੱਚਦੇ ਓਹੀ ਸ਼ਹਿਰ, ਓਹੀ ਨਗਰ

ਪੱਕ ਕੇ ਹੈ ਜਾਣ ਜਾਂਦੀ ਕੀਹਨੇ ਕੀਹਨੇ ਸੂਤਿਆ
ਕਦ ਭਲਾ ਕੱਚੀ ਹੈ ਰਹਿੰਦੀ ਉਮਰ ਭਰ ਕੋਈ ਲਗਰ

ਅਪਣੇ ਦਿਲ ਦਾ ਕੁੱਝ ਹਿੱਸਾ ਤੂੰ ਬਣਾ ਪੱਥਰ ਦਾ ਵੀ
ਹਰ ਜਗ੍ਹਾ ਉੱਤੇ ਨਾ ਹੁੰਦੀ ਭਾਵਨਾਵਾਂ ਦੀ ਕਦਰ

ਫ਼ਰਕ ਕੀ ਪੈਂਦੈ ਕਿ ਸਿੱਕਾ ਬਣਿਆ ਕਿਹੜੀ ਧਾਂਤ ਦਾ
ਚਲਦਾ ਓਹੀ ਜਿਸ ’ਤੇ ਹੁੰਦੀ ਹੁਕਮਰਾਨਾਂ ਦੀ ਨਜ਼ਰ

ਲੁੱਟਣੀ ਸਿਰਹੰਦ ਜਦ ਸੀ ਆ ਗਈ ਦੁਨੀਆਂ ਤਮਾਮ
ਪਰ ਗਿਆ ਦਿੱਲੀ ਨਾ ਕੋਈ ਆਦਮੀ ਬੰਦੇ ਮਗਰ

ਸੁੱਕਣਾ ਚਾਹੁੰਦਾ ਨੀ ਪਾਣੀ ਵਾਂਗ ਮੈਂ ਇਕ ਥਾਂ ਖੜ੍ਹਾ
ਸਾਹ ਲਵਾਂ ਅੰਤਿਮ ਜਦੋਂ ਪੈਰਾਂ ਤਲੇ ਹੋਵੇ ਡਗਰ

*

ਸਿਰਜਦਾ ਹੈ ਆਦਮੀ ਜੰਗਲ ਗੁਆਚਣ ਵਾਸਤੇ
ਜ਼ਿੰਦਗੀ ’ਚੋਂ ਝਰ ਗਏ ਸੁਖ ਨੂੰ ਤਲਾਸ਼ਣ ਵਾਸਤੇ

ਨਿਗਲਣਾ ਚਾਹੁੰਦੇ ਜਹਾਂ ਨੂੰ ਆਪ ਚਾਹੁੰਦੇ ਪਸਰਨਾ
ਵਣਜ ਲਏ ਕੇਹੋ ਜੇ ਪਾਵੇ ਤੂੰ ਸਿੰਘਾਸਣ ਵਾਸਤੇ

ਜਾਤ ਅਹੁਦਾ, ਸੁੱਖ ਸਹੂਲਤ, ਜੇਬ, ਖਰਚਣ ਦਾ ਸੁਭਾਅ
ਨਜ਼ਰੀਏ ਕਿੰਨੇ ਬਣੇ ਬੰਦੇ ਨੂੰ ਵਾਚਣ ਵਾਸਤੇ

ਜਿਉਂਦੇ ਜੀਅ ਦੇਣੀ ਹੈ ਪੈਂਦੀ ਜਾਨ ਫ਼ਰਜ਼ਾਂ ਨੂੰ ਜਨਾਬ
ਭੀੜ ਤੋਂ ਵੱਖਰਾ ਖੜ੍ਹਾ ਲੋਕਾਂ ਨੂੰ ਜਾਪਣ ਵਾਸਤੇ

ਲਾਉਣਗੇ ਕਲਗੀ ਜੇ ਓਹੋ ਯਾਦ ਇਹ ਵੀ ਰੱਖਿਓ।
ਦੇਣਗੇ ਇਕ ਰਾਗ ਵੀ ਅਪਣਾ ਅਲਾਪਣ ਵਾਸਤੇ

## ਅੱਜ ਦਾ ਸੂਰਜ / ਮੀਨਾ ਮਹਿਰੋਕ

ਅੱਜ ਦਾ ਸੂਰਜ ਡੁੱਬਿਆ ਇੱਕ ਉਡੀਕ ਵਿੱਚ
ਕੀ ਦੱਸਾਂ ਕਿੰਨਾ ਸੋਗ ਸੀ ਤਵਾਰੀਖ ਵਿੱਚ

ਪੰਛੀਆਂ ਦੀਆਂ ਡਾਰਾਂ ਅੰਬਰੀਂ ਚੌਂਕੀਆਂ
ਸੋਚ ਕਿੰਨਾ ਸ਼ੋਰ ਚੁੱਪ ਜਿਹੀ ਚੀਕ ਵਿੱਚ

ਖੌਰੇ ਕਿੰਨੇ ਹਿੱਸੇ ਕਰ ਅੱਜ ਮੈਂ ਗਿਣੇ
ਵਾਲੋਂ ਵੱਧ ਕੇ ਸੱਜਣਾ ਇਸ਼ਕ ਬਰੀਕ ਵਿੱਚ

ਇੱਕੋ ਅੰਬਰ ਨਾਲ ਊਂ ਤੂੰ ਤੇ ਮੈਂ ਜੁੜੇ
ਕਿੰਨੀਆਂ ਵਿੱਥਾਂ ਇਸ ਧਰਤ ਦੀ ਲੀਕ ਵਿਚ

ਨਜ਼ਦੀਕ ਹੈ ਪਰ ਰੱਬ ਤੋਂ ਵੱਡੇ ਫਾਸਲੇ
ਹੈਨ ਡਾਹਢੇ ਫ਼ਾਸਲੇ ਨਜ਼ਦੀਕ ਵਿੱਚ

ਮੇਰੇ ਸਿਰ ਦਾ ਸੂਰਜ ਵਿਹੜੇ ਓਹਦੇ ਉੱਗਦਾ
ਰੱਬਾ ਤੇਰਾ ਕੀ ਸੀ ਘੱਟਦਾ ਇੱਕ ਝਰੀਟ ਵਿੱਚ

ਇੱਕ ਦਿਨ ਮੇਰੇ ਹਿੱਸੇ ਓਹਨੂੰ ਲਿਖ ਦੇਵੀਂ
ਪੀ ਲਵਾਂ ਸਾਰਾ ਇਸ਼ਕ ਇੱਕੋ ਡੀਕ ਵਿੱਚ

ਹਵਾ ਦਾ ਰੁੱਖ ਹੁਣ ਤੇਰੇ ਵੱਲ ਨੂੰ ਹੋ ਤੁਰਿਆ
ਖੋਲ੍ਹ ਬਾਹਵਾਂ, ਕੀ ਪਿਆ ਗਲਤ ਠੀਕ ਵਿੱਚ




## ਸ਼ਬਦ ਕਾਵਿ-ਚਿੱਤਰ / ਹਰਜੀਤ ਅਟਵਾਲ / ਦਰਸ਼ਨ ਬੁਲੰਦਵੀ

ਸੁਨੱਖੇ ਸ਼ਬਦ ਦਾ ਮੋਹ ਪਾਲਦਾ
ਉਹ ਜਦ ਏਥੇ ਆਇਆ
ਰੋਜੀ ਦੇ ਆਹਰ ਨੇ
ਉਹਦੇ ਕੱਦ ਨੂੰ ਛਾਂਗ
ਆਪਣੀ ਡੱਬੀ ’ਚ
ਬੰਦ ਕਰ ਲਿਆ ਸੀ
ਉਹਦਾ ਇਕ ਹੱਥ
ਟਿੱਲ ‘ਤੇ ਮੁਜ਼ਰਾ ਕਰਦਾ
ਦੂਜਾ ਹੱਥ
ਕੋਰੇ ਕਾਗ਼ਜ਼ ਦਾ ਹੱਠ ਤੋੜਦਾ
ਤੇ ਆਪਣੀ ਕਹਾਣੀ ਨੂੰ ਅੱਗੇ ਤੋਰਦਾ
ਹੁਣ ਉਹ ਵਕੀਲ ਤੋਂ
ਹੱਟਵਾਣੀਆਂ ਬਣ ਗਿਆ ਸੀ
ਪਰ ਕਦੇ ਬਾਣੀਆਂ ਨਾ ਬਣਿਆ

ਮੈਂ ਵੇਖਿਆ
ਕਿ ਉਹ ਰੋਜੀ ਦੇ ਚੱਕਰਵੀਊ ‘ਚ
ਕਦੇ ਏਨਾ ਅੱਖਾਂ ਭਾਰ ਹੋਇਆ
ਕਿ ਆਪਣੇ ਵਿਲਕਦੇ ਬਾਲ ਨੂੰ
ਸੁਣ ਕੇ ਅਣਸੁਣਿਆਂ ਕੀਤਾ
ਪਿੱਘਲੇ ਮੋਮ ਨੂੰ ਪੱਥਰ ਕੀਤਾ
ਅੱਖਾਂ ਮੁੰਦ ਕੇ ਜ਼ਹਿਰ ਸੀ ਪੀਤਾ
ਇਕ ਪਰਵਾਸੀ ਹਾਉਕਾ ਭਰਿਆ
ਵਕਤ ਨਾਲ ਸਮਝੋਤਾ ਕਰਿਆ
ਤੇ ਆਪਣੀ ਸਾਥਣ ਨੂੰ ਸਮਝਾਇਆ
‘ਭਲੀਏ’ ਲੋਕੇ
ਐਵੇਂ ਕੁਝ ਪਲਾਂ ਦੀਆਂ ਗੱਲਾਂ
ਫੇਰ ਆਪਾਂ ਵਿਹਲੇ
ਫੇਰ ਆਪਾਂ ਹੀ ਬਾਲ ਵਰਾਉਣਾ
‘ਤੇ ਉਹਦਾ ਦਿਲ ਬਹਿਲਾਉਣਾ ।

ਗਾਹਕ ਆਉਂਦੇ ਅਤੇ ਜਾਂਦੇ
ਰੰਗ ਬਰੰਗੇ ,ਰੰਗਾਂ ਵਾਲੇ
ਆਪਣੀ ਰੂਹ ਦਾ ਹਾਣ ਬਣਾਉਂਦਾ
ਵੰਨ ਸੁਵੰਨੇ ਫੁੱਲਾਂ ਦੇ ਨਾਲ
ਅਕਸਰ ਕੋਮਲ ਗੱਲਾਂ ਕਰਦਾ
ਫੁੱਲ ਆਪਣੇ ਰੰਗਾਂ ‘ਚ
ਹੋਰ ਵੀ ਗੂੜ੍ਹੇ ਹੋ ਹੋ ਜਾਂਦੇ
ਆਪਣੀ ਮਹਿਕ ਵਿੱਚ ਭਿੱਉ ਕੇ ਜ਼ਾਂਦੇ



ਉਹਦੀ ਕਹਾਣੀ ਦੇ ਪਾਤਰ ਬਣ ਜਾਂਦੇ

ਉਹ ਜਦ ਵੀ ਮਿਲਦਾ ਏ
ਸਹਿਜ ਦਰਿਆ ਵਾਂਗ ਮਿਲਦਾ ਏ
ਜਿਸ ਵਿੱਚ ਤੁਸੀਂ
ਕਾਗ਼ਜ਼ ਦੀ ਬੇੜੀ ਤੋਂ ਲੈ ਕੇ
ਜਹਾਜ਼ ਤੀਕ ਤਾਰ ਸਕਦੇ ਹੋ
ਮਜ਼ਾਲ ਕਿ ਉਹਦੀ ਅੱਥਰੀ ਛਲ
ਆਪਣੇ ਕੰਢਿਆਂ ਤੋਂ ਬਾਹਰ ਹੋਵੇ
ਉਹ ਤਾਂ ਆਪਣੇ ਸਾਫ਼
ਨਿਤੱਰੇ ਪਾਣੀ ਨਾਲ
ਤੁਹਾਡੀ ਪਿਆਸ ਦੇ
ਅੰਗ ਸੰਗ ਖਲੋਵੇਗਾ
ਤੁਹਾਡੀ ਮੁਸਕਾਨ ਦੇ
ਆਰ ਪਾਰ ਫੈਲੇਗਾ
ਉੱਚੇ ਦਰ ਵਾਲਿਆਂ ਨੂੰ
ਉੱਚਾ ਖਿਆਲ ਕਰ ਕੇ ਮਿਲੇਗਾ
ਪਰ ਇਹ ਜ਼ਰੂਰੀ ਨਹੀਂ
ਉਹਦੇ ਸ਼ੀਸ਼ੇ ਮੂਹਰੇ ਖੜ ਕੇ
ਤੁਸੀਂ ਆਪਣਾ ਚੇਹਰਾ ਨੁਹਾਰ ਸਕੋਂ
ਜਾਂ ਕੰਕਰ ਮਾਰ ਕੇ
ਉਹਦਾ ਪਾਣੀ ਹਿਲਾ ਸਕੋਂ

ਉਹ ਗੱਲਾਂ ਦਾ ਜਾਦੂਗਰ
ਗੱਲਾਂ ‘ਚੋਂ ਗੱਲਾਂ ਇੰਜ ਕੱਢੇਗਾ
ਜਿਓਂ ਪੂਣੀ ‘ਚੋਂ
ਤੰਦ ਨਿਕਲਦੀ ਲੰਮੀ ਹੁੰਦੀ ਜਾਏ
ਜਾਂ ਜਿਓਂ ਡੂੰਘੀ ਵਾਟ ਲੰਮੇਰੀ
ਅਦਿੱਖ ਹੱਦਿਆਂ ਤੀਕ ਜਾਏ
ਗੱਲਾਂ ਗੱਲਾਂ ਵਿੱਚ
ਕਦੇ ਅਜਿਹਾ ਤੀਰ ਵੀ ਛੱਡੇ
ਕਿ ਉਹਦੀ ਕਮਾਨ ਨਜ਼ਰ ਨਾ ਆਵੇ ।

ਕਦੇ ਕਦੇ ਉਹਦੀਆਂ ਗੱਲਾਂ
ਦੂਹਰੇ ਲਿਬਾਸ ਵਿੱਚ ਵੀ ਹੁੰਦੀਆਂ
ਉਦੋਂ ਦਿਲ ਦੀ ਤਲਾਸ਼ੀ ਲੈ ਕੇ ਹੀ
ਪਿਛੇ ਮੁੜਦੀਆਂ
ਤੁਹਾਨੂੰ ਤਾਂ ਏਨਾ ਹੀ ਪਤਾ ਚੱਲੇਗਾ
ਜਿਵੇਂ ਤੁਹਾਡੀ ਪਿੱਠ ‘ਤੇ
ਕਿਸੇ ਆਪਣੇ ਨੇ ਫੁੱਲ ਮਾਰਿਆ ਏ ।

‘ਢਾਹਾਂ’ ਇਨਾਮ ਤੋਂ ਇਨਕਾਰ ਕਰ ਕੇ
ਉਸ ਨੇ ਗੱਲਾਂ ਵਿੱਚ
ਸਮਝਾਇਆ ਮੈਨੂੰ
ਯਾਰ ‘ਇਨਾਮ’ ਤਾਂ
ਸਭ ਬਦਨਾਮ ਹੋ ਚੁੱਕੇ
ਫਲਾਣੇ ਨੇ ਲੈ ਕੇ ਕੀ ਖੱਟਿਆ ?
ਹੁਣ ਇਨਾਮ
ਸਾਹਿਤਕ ਬੁਲੰਦੀ ਨੂੰ ਨਹੀਂ
ਪਹੁੰਚ ਨੂੰ ਮਿਲਦੇ
ਪਰ ਆਪਾਂ ਤਾਂ
ਪਹਿਲਾਂ ਹੀ ਸ਼ਰੋਮਣੀ ਹਾਂ
ਮੋਹ ਮੁਹੱਬਤਾਂ ਨਾਲ ਰੱਜੇ ਹੋਏ
‘ਅਦਾਰਾ ਸ਼ਬਦ ‘ਦੇ
ਸਿਤਾਰਿਆਂ ‘ਚ
ਆਪਾਂ ਸਿਤਾਰੇ
ਜਿੱਥੇ ਵੀ ਜਾਈਏ,
ਉਡੀਕਣ ਪਿਆਰੇ
ਆਪਾਂ ਕਦ ਹਾਰੇ !
ਹੁਣ ਜਦ ਸਿਆਣਿਆਂ ਨੇ
ਇਹਦੀ ਝੋਲ ਵਿੱਚ
ਫ਼ਲ ਪਾਇਆ ਏ
ਇਹਨੇ ਵਧਾਈਆਂ ਕਬੂਲੀਆਂ ਹਨ
ਉਜ ਮੈਂ ਤਾਂ ਇਹੀ ਸੋਚਦਾ ਸੀ
ਸ਼ਾਇਦ ਫਲ ਦਾ
ਦਰੱਖਤ ਰਿਹਾ ਨਹੀਂ
ਉਂਜ ਇਹ ਜਨਮ ਤੋਂ ਹੀ ਸ਼ਰੋਮਣੀ ਏ
ਇਹਦਾ ਆਦਿ ਅਤੇ ਅੰਤ ਸ਼ਰੋਮਣੀ ਏ
ਸੁਨੱਖੇ ਸ਼ਬਦ ਦੀ ਯਾਤਰਾ ਦਾ
ਇਹ ਅਣਥੱਕ ਰਾਹੀ ..।

# ਕੁਰਕੀ / ਬਲਵੀਰ ਕੌਰ ਰੀਹਲ



ਓਹ ਰੱਬਾ ਤੂੰ ਆਹ ਕੀ ਕਰ ਦਿੱਤਾ, ਮੈਂ ਤਾਂ ਪੱਟਿਆ ਗਿਆ, ਫਸਲ ਪਾਣੀ ਲਾਉਣ ਤੋਂ ਖੜ੍ਹੀ ਹੈ, ਝੋਨਾ ਸੁੱਕ ਜਾਵੇਗਾ, ਖੜ੍ਹੇ ਪੈਰ ਕਿੱਧਰ ਨੂੰ ਜਾਮਾਂ, ਕਿੱਥੋਂ ਰੁੱਗ ਪੈਸਿਆਂ ਦਾ ਲਿਆਵਾਂ, ਨਾਲ਼ੂ ਵਿਚੋਂ ਪਾਣੀ ਨਹੀਂ ਆ ਰਿਹਾ, ਵਾਰ ਵਾਰ ਪੱਖਾ ਸਾਹ ਲਈ ਜਾਂਦਾ ਹੈ। ਮੈਂ ਫਟਾ ਫਟ ਡੱਬਾ ਪਾਣੀ ਦਾ ਭਰ ਕੇ ਨਾਲ਼ੂ ਮੋਹਰੇ ਹੱਥ ਰੱਖ ਕੇ ਨਾਲ਼ੂ ਵਿਚ ਪਾਣੀ ਪਾਉਣ ਲੱਗਦਾ ਹਾਂ। ਜੇ ਸਾਹ ਲਿਆ ਹੈ ਤਾਂ ਪਾਣੀ ਦੁਆਰਾ ਆ ਜਾਵੇਗਾ। ਇਕ ਵਾਰੀ ਇੰਜਣ ਬੰਦ ਕਰਕੇ ਚਲਾਉਂਦਾ ਹਾਂ।ਪਾਣੀ ਨਹੀਂ ਆਇਆ, ਮੈਂ ਥੱਕ ਹਾਰ ਕੇ ਬੈਠ ਗਿਆ ਹਾਂ, ਮੂੰਹ ਸਿਰ ਮੇਰਾ ਮਿੱਟੀ ਨਾਲ ਲਿੱਬੜਿਆ ਪਿਆ ਹੈ। ਹੁਣ ਕੀ ਕਰਾਂ...

ਪੁੱਤਾਂ ਵਾਂਗ ਪਾਣੀ ਫਸਲ ਸੁੱਕਦੀ ਵੇਖ ਨਹੀਂ ਹੁੰਦੀ ਮੇਰੀ ਤਾਂ ਜਾਨ ਨਿਕਲ ਜਾਵੇਗੀ..

ਬਚਪਨ ਵਿਚ ਇਹਨਾਂ ਖੇਤਾਂ ਵਿਚ ਬੀਜੇ ਝੋਨੇ ਦੀ ਹਰਿਆਲੀ ਨੂੰ ਵੇਖਣਾ ਮੈਨੂੰ ਬਹੁਤ ਚੰਗਾ-ਚੰਗਾ ਲੱਗਦਾ ਸੀ। ਜਿਵੇਂ ਸਾਰੀ ਧਰਤੀ ਨੇ ਹਰੀ ਚੁੰਨੀ ਲੈ ਲਈ ਹੋਵੇ, ਮੇਰਾ ਮਨ ਕਰਦਾ ਇਹ ਹਰਿਆਲੀ ਆਪਣੀਆਂ ਬਾਹਵਾਂ ਵਿਚ ਸਮੇਟ ਲਵਾਂ, ਇਸ ਹਰਿਆਲੀ ਨੂੰ ਜੱਫੀਆਂ ਪਾਵਾਂ..

ਮੈਨੂੰ ਯਾਦ ਆ ਜਦੋਂ ਅਸੀਂ ਛੋਟੇ-ਛੋਟੇ ਹੁੰਦੇ ਸਾਂ, ਨਿਆਣੇ, ਅਸੀਂ ਇਕੱਠੇ ਹੋ ਕੇ ਰੇਤਲੀ ਜ਼ਮੀਨ ਵਿਚੋਂ ਪੈਰਾਂ ਉੱਤੇ ਰੇਤ ਦੀਆਂ ਘੋੜੀਆਂ ਬਣਾਉਂਦੇਂ, ਸਾਡੇ ਹੱਥਾਂ ਵਿਚ ਹੀ ਰੇਤ ਪੁੱਟਣ ਤੇ ਪਾਣੀ ਸਿੰਮਣ ਲੱਗਦਾ। ਅਸੀਂ ਉਸ ਟੋਏ ਨੂੰ ਹੋਰ ਡੂੰਘਾ ਪੁੱਟਣ ਲੱਗ ਪੈਂਦੇ, ਪਾਣੀ ਇੰਨਾ ਉਸ ਜਗ੍ਹਾਂ ਇਕੱਠਾ ਹੋ ਜਾਂਦਾ, ਪਾਣੀ ਦੀ ਚੁਭਲੀ ਭਰ ਜਾਂਦੀ।

ਮਾਂ ਸਾਨੂੰ ਇਕ ਕਹਾਣੀ ਸੁਣਾਇਆ ਕਰਦੀ, ਬਾਬੇ ਨਾਨਕ ਨੂੰ ਬਹੁਤ ਪਿਆਸ ਲੱਗ ਗਈ, ਬਾਬੇ ਨੇ ਕਿਹਾ ਮੇਰੇ ਲਈ ਪਵਿੱਤਰ ਪਾਣੀ ਲੈ ਕੇ ਆਵੋ। ਬਾਬੇ ਨੂੰ ਨਿਰਮਲ ਜਲ ਲਿਆ ਕੇ ਦਿੱਤਾ ਗਿਆ ਪਰ ਬਾਬੇ ਨੇ ਕਿਹਾ ਇਹ ਪਾਣੀ ਪਵਿੱਤਰ ਨਹੀਂ , ਫਿਰ ਬਾਬੇ ਨੂੰ ਹੋਰ ਪਾਣੀ ਲਿਆ ਕੇ ਦਿੱਤਾ ਗਿਆ। ਇਸ ਪਾਣੀ ਵਿਚ ਨਿੱਕੇ-ਨਿੱਕੇ ਬੱਚੇ ਜੁੱਤੀਆਂ ਨਾਲ ਪਾਣੀ ਭਰ ਭਰ ਕੇ ਪੀ ਰਹੇ ਸਨ।

ਮਾਂ ਫਿਰ ਕਹਾਣੀ ਸੁਣਾਉਣ ਤੋਂ ਬਾਅਦ ਆਖਦੀ, "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹੁਤ"

ਜਦੋਂ ਪਾਣੀ ਦੀ ਚੁਭਲੀ ਭਰ ਜਾਂਦੀ , ਪਾਣੀ ਸਾਫ ਝਲਕਦਾ, ਅਸੀਂ ਪਿਆਸ ਲੱਗਣ ਤੇ ਉਹੀ ਪਾਣੀ ਖੇਡਦੇ-ਖੇਡਦੇ ਪੀ ਲੈਂਦੇ ਆਡਾਂ ਦਾ ਪਾਣੀ ਵੀ ਨੱਠਦੇ-ਭੱਜਦੇ ਪੀਈ ਜਾਂਦੇ ਸਾਂ। ਚੁਭਲੀ ਵਿਚ ਪਾਣੀ ਇਕੱਠਾ ਕਰੀ ਜਾਂਦੇ। ਕਦੇ-ਕਦੇ ਪਾਣੀ ਦੀਆਂ ਵਗਦੀਆਂ ਸੀਰਾਂ ਵਿਚੋਂ ਹੀ ਪਾਣੀ ਪੀ ਲੈਂਦੇ ।ਇਸੇ ਕਰਕੇ ਤਾਂ ਸਾਡੇ ਇਲਾਕੇ ਨੂੰ ਸੀਰੋਵਾਲੀਏ ਕਿਹਾ ਜਾਂਦਾ। ਪਾਣੀ ਦੀਆਂ ਸੀਰਾਂ ਜਿੱਥੇ-ਜਿੱਥੇ ਵਗਦੀਆਂ ਲੋਕ ਸਣ ਭਿਉਂ ਆਉਂਦੇ। ਅਸੀਂ ਉਹਨਾਂ ਜਗਾਵਾਂ ਤੋਂ ਕਦੇ ਸਿੱਪੀਆਂ ਘੋਗਿਆਂ ਦੀ ਤਲਾਸ਼ ਲਈ ਮਿੱਟੀ ਨੂੰ ਹੋਰ ਡੂੰਘਾ ਪੁੱਟਦੇ ਜਾਂਦੇ ਸਾਂ।

ਚੋਆਂ ਵਿਚ ਬਰਸਾਤ ਦੇ ਦਿਨਾਂ ਵਿਚ ਪਾਣੀ ਆਉਂਦਾ, ਸਾਨੂੰ ਨਿਆਣਿਆਂ ਨੂੰ ਚੋਅ ਵੇਖਣ ਜਾਣ ਦਾ ਬੜਾ ਚਾਅ ਚੜ੍ਹ ਜਾਂਦਾ ।ਚੋਅ ਦੀ ਸ਼ੂਕ ਪਿੰਡ ਤੱਕ ਸੁਣਾਈ ਦਿੰਦੀ ਸੀ। ਪਰ ਕਦੇ ਕਦੇ ਇਹ ਪਾਣੀ ਬਹੁਤ ਭਿਆਨਕ ਰੂਪ ਧਾਰਨ ਕਰ ਲੈਂਦਾ ਬੰਨ ਟੁੱਟ ਕੇ ਲੋਕਾਂ ਦੇ ਖੇਤਾਂ ਵਿਚ ਪਾਣੀ ਆ ਵੜਦਾ ਤੇ ਸਦਾ ਲਈ ਜ਼ਮੀਨ ਰੇਤਲੀ ਕਰ ਜਾਂਦਾ। ਰੇਤਲੀਆਂ ਜ਼ਮੀਨਾਂ ਦੀ ਕੀਮਤ ਡਿੱਗ ਪੈਂਦੀ।

ਜਦੋਂ ਪਹਾੜਾਂ ਵਲੋਂ ਆਏ ਪਾਣੀ ਨਾਲ ਚੋਅ ਵਗਦੇ ਤਾਂ ਬਰਸਾਤਾਂ ਦੇ ਦਿਨਾਂ ਵਿਚ ਖੂਹੀਆਂ ਵਿਚੋਂ ਮੋਟਰਾਂ ਦੇ ਪੱਖੇ ਬਾਹਰ ਕੱਢਣੇ ਪੈਂਦੇ, ਖੂਹੀਆਂ ਦਾ ਪਾਣੀ ਮੌਣ ਦੇ ਉੱਪਰੋਂ ਹੀ ਵਗਣ ਲੱਗਦਾ। ਆਹ ਜਿਸ ਖੂਹੀ ਵਿਚੋਂ ਪਾਣੀ ਨਹੀਂ ਆ ਰਿਹਾ , ਕੁੱਝ ਵਰ੍ਹੇ ਪਹਿਲਾਂ ਭਾਈਏ ਨੇ ਮੁੰਡੇ ਨੂੰ ਖੂਹੀ ਵਿਚੋਂ ਪੱਖਾ ਬਾਹਰ ਕੱਢਣ ਲਈ ਖੂਹੀ ਵਿਚ ਉਤਾਰਿਆ, "ਕਾਕਾ ਬਾਹਰ ਆ ਜਾ" ਮੁੰਡੇ ਨੇ ਬੜ੍ਹੀ ਦੇਰ ਲਾ ਦਿੱਤੀ ਉਹ ਬਾਹਰ ਨਾ ਆਇਆ ਤਾਂ ਭਾਈਆ ਉਹਨੂੰ ਆਵਾਜ਼ਾਂ ਮਾਰੇ। ਮਸੀਂ ਉਹਨੂੰ ਬਾਹਰ ਕੱਢਿਆ, ਬਚ ਗਿਆ ਨਹੀਂ ਤਾਂ ਬਰਸਾਤ ਕਰਕੇ ਜਹਿਰੀਲੀ ਬਣੀ ਗੈਸ ਚੜ੍ਹ ਕੇ ਮੁੰਡੇ ਨੇ ਖੂਹੀ ਵਿਚ ਹੀ ਮਰ ਜਾਣਾ ਸੀ, ਲੈਣੇ ਦੇ ਦੇਣੇ ਪੈ ਜਾਣੇ ਸਨ, ਗਰੀਬ ਮਾਰ ਹੋਣੋਂ ਬਚ ਗਈ। ਬਸ ਬਰਸਾਤ ਦੇ ਦਿਨਾਂ ਵਿਚ ਕਦੇ ਪੱਖਾ ਉੱਚਾ ਕਰ ਲਵੋ ਤੇ ਕਦੇ ਨੀਵਾਂ।

ਮੈਂ ਵੀ ਕਿਹੜੇ ਵਹਿਣ ਵਿਚ ਵਹਿ ਗਿਆ, ਉਹ ਮੇਰਿਆ ਰੱਬਾ ਮੈਂ ਕੀ ਕਰਾਂ, ਮੈਂ ਇਕ ਲੰਬਾ ਜਿਹਾ ਹਉਕਾ ਲਿਆ, ਮੈਂ ਆਪਣੇ ਆਪ ਨੂੰ ਹੌਸਲਾ ਦਿੰਦਾ ਹਾਂ। ਘਰ ਜਾਣ ਨੂੰ ਵੀ ਦਿਲ ਨਹੀਂ ਕਰਦਾ, ਭੁੱਖ ਪਿਆਸ ਵੀ ਮਿਟ ਗਈ ਹੈ।

ਮੇਰੇ ਵੇਖਦਿਆਂ-ਵੇਖਦਿਆਂ ਹੀ ਕਈ ਟਿਊਵਬੈਲਾਂ ਦੇ ਬੋਰ ਸੁੱਕ ਗਏ ਹਨ। ਲੱਗਦਾ ਇਸ ਸਾਲ ਔੜ ਲੱਗ ਜਾਣੀ ਹੈ ਜੋ ਹਾਲਾਤ ਬਣ ਗਏ ਹਨ। ਇਸ ਵਾਰੀ ਤਾਂ ਮਰੇ ਹੀ ਮਰੇ।

ਮੈਂ ਸਾਈਕਲ ਤੇ ਪੈਂਡਲ ਮਾਰਦਾ ਪਿੰਡ ਵੱਲ ਨੂੰ ਤੁਰ ਪਿਆ ਹਾਂ। ਦਿਮਾਗ ਤਾਂ ਸੁੱਕ ਗਏ ਬੋਰ ਵਿਚ ਹੀ ਖੁੱਬਿਆ ਪਿਆ ਹੈ। ਪੈਂਡਲ ਨਹੀਂ ਮਾਰਿਆ ਜਾ ਰਿਹਾ। ਮੇਰੇ ਖੇਤ ਦੇ ਨਾਲ ਹੀ ਮੱਘਰ ਦਾ ਬੰਨਾ ਲੱਗਦਾ ਹੈ ਪਰ ਉਹਨੇ ਸਬਮਰਸੀਬਲ ਬੋਰ ਕਰਵਾ ਲਿਆ ਸੀ। ਮੋਢੇ ਤੇ ਕਹੀ ਰੱਖ ਕੇ ਨੱਕੇ ਮੋੜ ਰਿਹਾ ਹੈ।

ਮੱਘਰ ਦੀ ਜ਼ਮੀਨ ਕੱਲਰੀ ਜ਼ਮੀਨ ਸੀ, ਇਸ ਜ਼ਮੀਨ ਨੂੰ ਕੋਈ ਕੌਡੀਆਂ ਦੇ ਭਾਅ ਵੀ ਨਹੀਂ ਸੀ ਪੁੱਛਦਾ। ਅੱਜ ਮੱਘਰ

ਅੱਠ ਕਿੱਲਿਆਂ ਦਾ ਮਾਲਕ ਬਣ ਗਿਆ ਹੈ। ਮੋਟਰ ਤੇ ਸਰਕਾਰੀ ਬਿਜਲੀ ਦਾ ਕੁਨੈਕਸ਼ਨ ਜੋ ਉਹਨੂੰ ਮਿਲਿਆ ਹੋਇਆ ਹੈ। ਝੱਟ ਬਟਣ ਦੱਬਦਾ ਹੈ ਤੇ ਪਾਣੀ ਆ ਜਾਂਦਾ ਹੈ।

ਮੱਘਰ ਨੇ ਅਜੇ ਪਿਛਲੇ ਮਹੀਨਾ ਝੋਨਾ ਬੀਜਣਾ ਵੀ ਨਹੀਂ ਸੀ, ਸਾਰਾ ਮਹੀਨਾ ਕੁੱਝ ਦਿਨਾਂ ਦੇ ਵਕਫੇ ਮਗਰੋਂ ਖੇਤਾਂ ਨੂੰ ਪਾਣੀ ਛੱਡੀ ਰੱਖੇ, ਮੈਂ ਮੱਘਰ ਕੋਲੋਂ ਲੰਘਦਿਆਂ ਪੁੱਛ ਬੈਠਾ, "ਚਾਚਾ ਅਜੇ ਝੋਨਾ ਤਾਂ ਬੀਜਣ ਵਿਚ ਟੈਮ ਪਿਆ, ਤੂੰ ਪਹਿਲਾਂ ਹੀ ਪਾਣੀ ਲਾਉਣ ਲੱਗ ਪਿਆ।"

"ਜੁਆਨਾ ਕੋਈ ਗੱਲ ਨਹੀਂ ਜ਼ਮੀਨ ਸੁੱਕੀ ਪਈ ਆ, ਲੋੜ ਪੈਣ ਤੇ ਪਾਣੀ ਫਿਰ ਛੱਡ ਦਿਆਂਗੇ।"

ਅੱਜ ਮੋਟਰਾਂ ਤੇ ਬਿਜਲੀ ਆਉਣ ਦੀ ਰਾਤ ਦੀ ਵਾਰੀ ਸੀ। ਮੱਘਰ ਮੋਟਰ ਦਾ ਸਵਿੱਚ ਦਬਾ ਆਇਆ ਪਾਣੀ ਖੇਤਾਂ ਵਿਚ ਭਰ ਕੇ ਬਾਹਰ ਸੜਕਾਂ ਤੇ ਉੱਛਲਦਾ ਫਿਰੇ। ਕੜਾਕੇ ਦੀ ਧੁੱਪ ਵਿਚ ਸਾਰਾ ਪਾਣੀ ਭਾਫ਼ ਬਣ ਕੇ ਉੱਡ ਗਿਆ, ਮੱਘਰ ਪਿੰਡ ਵਿਚ ਇਕੱਲਾ ਹੀ ਅਜਿਹਾ ਨਹੀਂ ਕਰ ਰਿਹਾ, ਜਿਨ੍ਹਾਂ-ਜਿਨ੍ਹਾਂ ਦੀਆਂ ਮੋਟਰਾਂ ਤੇ ਸਰਕਾਰੀ ਬਿਜਲੀ ਨਾਲ ਮੀਟਰ ਚੱਲਦੇ ਆ, ਸਭ ਬਿਨ ਮਤਲਬੋਂ ਹੀ ਪਾਣੀ ਛੱਡੀ ਜਾਂਦੇ ਆ, ਇਹਨਾਂ ਹੀ ਮੋਟਰਾਂ ਤੇ ਬਿਜਲੀ ਦੇ ਬਿੱਲਾਂ ਲਈ ਮੀਟਰ ਲੱਗੇ ਹੋਣ ਜਾਹ ਤਾਂ ਇੰਝ ਕਰ ਜਾਣ...

ਮੇਰੇ ਸਾਈਕਲ ਦੀ ਚਾਲ ਮੱਠੀ ਪਈ ਜਾ ਰਹੀ ਹੈ, ਲੱਤਾਂ ਮਣ-ਮਣ ਪੱਕੀਆਂ ਹੋ ਗਈਆਂ ਹਨ। ਘਰ ਮਸੀਂ ਪਹੁੰਚਿਆ। "ਸੁੱਖ ਆ ਕੀ ਗੱਲ ਹੋ ਗਈ, ਮੂੰਹ ਲਟਕਾਇਆ" ਪਤਨੀ ਨੇ ਰੋਟੀ ਦੀ ਥਾਲੀ ਫੜਾਉਂਦਿਆਂ ਕਿਹਾ, "ਲੈ ਜਾਹ, ਮੈਂ ਰੋਟੀ ਨਹੀਂ ਖਾਣੀ, ਭੁੱਖ ਨਹੀਂ।" ਪਤਨੀ ਨੇ ਮੈਨੂੰ ਬਹੁਤ ਪੁੱਛਣ ਦੀ ਕੋਸ਼ਿਸ਼ ਕੀਤੀ, ਮੈਂ ਚੁੱਪ ਕਰਕੇ ਪਿਆ ਰਿਹਾ ਸਾਰੀ ਰਾਤ ਨੀਂਦ ਨਹੀਂ ਆਈ। ਬਸ ਰਾਤ ਮੁੱਕ ਜਾਵੇ, ਸਵੇਰੇ ਹੀ ਬੈਂਕ ਚਲਿਆ ਜਾਣਾ ਹੈ। ਮੈਂ ਸਾਰੀ ਰਾਤ ਮਨ ਵਿਚ ਹੀ ਵਿਉਂਤਾਂ ਬਣਾਈ ਗਿਆ ਤੇ ਢਾਈ ਗਿਆ।

ਘੜੀ ਦਸ ਵੱਜਣ ਦਾ ਨਾਮ ਹੀ ਨਹੀਂ ਲੈ ਰਹੀ, ਪਰਨੇ ਦਾ ਮਧੇੜ ਮਾਰ ਕੇ ਪੈਰੀਂ ਕੈਂਚੀ ਚੱਪਲਾਂ ਸਮੇਤ ਹੀ ਮੈਂ ਬੈਂਕ ਦੇ ਖੁੱਲਣ ਦੀ ਉਡੀਕ ਕਰ ਰਿਹਾ ਹਾਂ। ਬੈਂਕ ਮੋਹਰੇ ਬੈਠਾਂ ਕੈਂਚੀ ਗੇਟ ਖੁੱਲਣ ਦੀ ਉਡੀਕ ਕਰ ਰਿਹਾ ਹਾਂ। ਮੈਂ ਬ੍ਰਾਂਚ ਮੈਨੇਜਰ ਕੋਲ ਜਾਂਦਾ ਹਾਂ। ਇਸ ਸਮੇਂ ਮੇਰੇ ਦਿਮਾਗ ਵਿਚ ਬੋਰ ਤੋਂ ਸਿਵਾਏ ਕੁੱਝ ਵੀ ਨਹੀਂ ਹੈ। ਮੈਂ ਬੈਂਕ ਤੋਂ ਪਹਿਲਾਂ ਵੀ ਕਈ ਵਾਰੀ ਛੋਟੇ-ਮੋਟੇ ਕਰਜੇ ਚੁੱਕ ਚੁੱਕਾ ਹਾਂ। ਮੈਂ ਮੈਨੇਜਰ ਦੇ ਮੋਹਰੇ ਨਿਮਾਣਾ ਜਿਹਾ ਬਣਿਆ ਬੈਠਾ ਹਾਂ। "ਜਮੀਨ ਦੀ ਫਰਦ ਲਿਆਦੀ ਹੈ", "ਹਾਂ ਸਾਬ ਲਿਆਇਆ ਹਾਂ"

"ਤੈਨੂੰ ਘਬਰਾਉਣ ਦੀ ਲੋੜ ਨਹੀਂ, ਮੈਂ ਛੇਅ ਮਹੀਨਿਆਂ ਦੀ ਲਿਮਟ ਬਣਾ ਦਿੰਦਾ ਹਾਂ, ਮੈਂ ਲਿਮਟ ਘੁਮਾ ਦਿਆ ਕਰਾਗਾਂ, ਬਸ ਛੇਈ ਮਹੀਨੀ ਘੁੱਗੀ ਮਾਰ ਗਿਆ ਤੇ ਲਿਮਟ ਤੇ ਬਣਦਾ ਵਿਆਜ ਜਮ੍ਹਾਂ ਕਰਵਾ ਗਿਆ।" ਜਦੋਂ ਹੀ ਮੇਰੇ ਅਕਾਊਂਟ ਵਿਚ ਪੈਸੇ ਆਏ ਮੈਨੇਜਰ ਨੇ ਹਿੱਸਾ ਪੱਤੀ ਮੇਰੇ ਕੋਲੋਂ ਵਸੂਲ ਲਿਆ ਜਿਹੜਾ ਉਹਨੇ ਉਹਲੇ ਨਾਲ ਮੇਰੇ ਨਾਲ ਤੈਅ ਕੀਤਾ ਸੀ। ਮੈਨੂੰ ਤਾਂ ਕਹਿੰਦਾ ਸੀ, "ਕਿਸਾਨ ਕ੍ਰੈਡਿਟ ਕਾਰਡ ਬਣਾ ਦਿੰਦਾ ਹਾਂ ਕਦੇ ਲੋੜ ਪੈਂਦੀ ਹੈ" ਮੈਨੂੰ ਇਹ ਝੰਜਟ ਕਿੱਥੋਂ ਆਉਂਦੇ ਹਨ। ਮੈਂ ਪੈਸੇ ਕਢਵਾ ਕੇ ਘਰ ਆ ਗਿਆ ਬੋਰ ਹੋਣਾ ਸ਼ੁਰੂ ਹੋ ਗਿਆ। ਪਰ ਮੈਂ ਬਿਜਲੀ ਦਾ ਮੀਟਰ ਨਾ ਲੁਆ ਸਕਿਆ। ਐੱਮ. ਐਲ. ਨੇ ਆਪਣੇ ਸਾਰੇ ਚਹੇਤੇ ਬੰਦਿਆਂ ਨੂੰ ਕੁਨੈਕਸ਼ਨ ਦੁਆ ਦਿਤੇ ਆਪਣੇ ਅਸਰ ਰਸੂਖ ਨਾਲ।

ਛੇਅ ਮਹੀਨੇ ਹੋ ਗਏ ਹਨ, ਇਸ ਵਾਰ ਮੈਂ ਫਸਲੀ ਚੱਕਰ ਬਦਲਣ ਦੇ ਰੌਅ ਵਿਚ ਹਾਂ। ਮੈਂ ਆਪਣੇ ਆਪ ਨੂੰ ਝੋਨੇ ਦੇ ਗੇੜ ਵਿਚੋਂ ਬਾਹਰ ਕੱਢ ਲਿਆ ਹੈ, ਮੇਰੇ ਕੋਲ ਅਜੇ ਇੰਨੀ ਹਿੰਮਤ ਨਹੀਂ ਕਿ ਪੰਚਾਸੀ ਰੁਪਏ ਲੀਟਰ ਡੀਜ਼ਲ ਖਰੀਦਾ ਤੇ ਫਿਰ ਅੱਗ ਚੱਬ ਕੇ ਸੇਂਜਾ ਕਰਦਾ ਫਿਰਾ। ਇਕ ਵਾਰੀ ਇਕ ਖੇਤ ਦਾ ਸੇਂਜਾ ਕਰਨ ਵਿਚ ਹੀ ਦੋ ਹਜ਼ਾਰ ਦਾ ਤੇਲ ਫੂਕਿਆ ਜਾਂਦਾ ਹੈ। ਕਦੇ ਮਨ ਕਰਦਾ ਹੈ ਖੇਤ ਠੇਕੇ ਤੇ ਲੈ ਕੇ ਵਾਹ ਲਵਾਂ, ਖੇਤ ਠੇਕੇ ਤੇ ਲੈਣ ਤੋਂ ਪਹਿਲਾਂ ਮੇਰੇ ਕੋਲ ਸਾਰੇ ਸਾਧਨਾਂ ਦਾ ਹੋਣਾ ਵੀ ਜ਼ਰੂਰੀ ਹੈ। ਨੱਠ ਭੱਜ ਕਰਕੇ ਜੇ ਤਿੰਨ ਫਸਲਾਂ ਨਾ ਕੱਢ ਹੋਈਆਂ ਤਾਂ ਮੁਫਤ ਦਾ ਸਿਰ ਠੇਕਾ ਚੜ੍ਹ ਜਾਣਾ ਹੈ। ਮੈਂ ਜਦੋਂ ਲੋਕਾਂ ਨੂੰ ਝੋਨਾ ਬੀਜਣ ਲਈ ਦਿਨ ਰਾਤ ਕਰਦਿਆਂ ਵੇਖਦਾ ਮੈਨੂੰ ਤਾਂ ਬੈਠਿਆਂ ਹੀ ਪਾਣੀ ਦੀ ਚਿੰਤਾ ਹੋਣ ਲੱਗ ਪੈਂਦੀ ਹੈ। ਨਾਲੇ ਲੁਧਿਆਣੇ ਜਾਂ ਕੇ ਕਿਹੜਾਂ ਟਰੇਨਾਂ ਦੀ ਉਡੀਕ ਕਰੇ ਦਲਾਲ ਤਾਂ ਉੱਥੋਂ ਹੀ ਭਈਏ ਵੱਧ ਰੇਟ ਤੇ ਪੱਟ ਕੇ ਲੈ ਜਾਂਦੇ ਹਨ।

ਮੈਂ ਇਸ ਵਾਰ ਮੱਕੀ ਬੀਜਣ ਦਾ ਮਨ ਬਣਾ ਲਿਆ ਹੈ, ਮੇਰੇ ਕੋਲ ਇੰਨੇ ਪਾਣੀ ਦਾ ਖਰਚ ਚੁੱਕ ਨਹੀਂ ਹੋਣਾ। ਡੀਜਲ ਖਰੀਦਣਾ ਵੀ ਤਾਂ ਅੱਗ ਫੱਕਣ ਵਾਲੀ ਗੱਲ ਹੈ, ਖਰਚੇ ਤਾਂ ਮੱਕੀ ਦੇ ਵੀ ਬਹੁਤ ਹਨ। ਰੌਣੀ ਕਰਨ ਤੇ ਲੱਗ ਗਿਆ ਦੋ ਹਜ਼ਾਰ ਦਾ ਡੀਜ਼ਲ, ਵਹਾਈ ਦੋ ਹਜਾਰ, ਬੀਜ ਖਾਦਾਂ ਦਾ ਹੋ ਗਿਆ ਪੰਜ ਹਜਾਰ ਪ੍ਰਤੀ ਏਕੜ, ਮੁੜ ਵਹਾਈ ਬਿਜਾਈ ਸੁਹਾਗਾ ਦੋ ਹਜਾਰ ਤੋਂ ਉੱਪਰ ਟੱਪ ਗਿਆ, ਡਰਿੱਲ ਨਾਲ ਬਿਜਾਈ ਕਰਨ ਵਾਲੇ ਦਾ ਤੇਰਾਂ ਸੌਅ, ਦਵਾਈ ਪੱਠਿਆਂ ਨੂੰ ਮਾਰਨ ਲਈ ਪੈਂਡੀਐਲਟਰਾਜਿਨ ਛੇਅ ਸੌਅ, ਸੁੰਡੀ ਦੀ ਸਪਰੇਅ ਕਲੋਰਫਾਈਫਾਸ ਛੇਅ ਸੌਅ, ਮੱਕੀ ਦੀ ਕਟਾਈ, ਕਢਾਈ, ਲੱਦਾਈ ਪੰਜ ਹਜਾਰ ਪਰ ਏਕੜ, ਮੰਡੀ ਤੱਕ ਪਹੁੰਚ ਪੰਜ ਸੌਅ ਰੁਪਏ ਟਰਾਲੀ ਆਲੇ ਨੇ ਲੈ ਲਏ। ਮੀਂਹ ਨਾ ਪਿਆ ਦੋ ਵਾਰੀ ਫਿਰ ਪਾਣੀ, ਇਕ ਵਾਰ ਦਾ ਪਾਣੀ ਦੋ ਹਜਾਰ ਤੋਂ ਘੱਟ ਨਹੀਂ ਤੇ ਝਾੜ ਨਿਕਲਿਆ ਪੰਚੀ ਕੁਇੰਟਲ ਖਰਚੇ ਵਧ ਗਏ ਵੀਹ ਹਜਾਰ ਤੋਂ ਉੱਪਰ ਮੈਂ ਆਪਣੀਆਂ ਤੇ ਪਰਿਵਾਰ ਦੀਆਂ ਦਿਹਾੜੀਆਂ ਵਿਚ ਪਾਈਆਂ ਨਹੀਂ ਤੇ ਨਾ ਹੀ ਹੋਰ ਫੁਟਕਲ ਖਰਚੇ। ਪਿਛਲੇ ਸਾਲ ਮੱਕੀ ਦਾ ਭਾਅ ਸੀ 1200-1300 ਰੁਪਏ ਤੇ ਇਸ ਵਾਰ ਮੰਡੀ ਜਾ ਕੇ ਤ੍ਰਾਹ ਨਿਕਲ ਗਿਆ। ਆੜਤੀਆਂ ਤੇ ਵਪਾਰੀਆਂ ਨੇ ਰਲ ਕੇ ਭਾਅ ਸਿੱਟ ਦਿੱਤਾ ਹੀਰਿਆਂ ਵਰਗੀ ਮੱਕੀ ਹੋਈ ਸੀ



ਤੇ ਵਿਕੀ ਕੌਡੀਆਂ ਦੇ ਭਾਅ। ਮੱਕੀ ਦਾ ਭਾਅ ਛੇਅ ਸੌਅ ਤੋਂ ਉੱਪਰ ਨਹੀਂ ਟੱਪਣ ਦਿੱਤਾ ਆੜਤੀਆਂ ਨੇ ਤੇ ਜੇ ਕਦੇ ਸ਼ਹਿਰ ਜਾ ਕੇ ਭੁੱਜੀ ਛੱਲੀ ਖਾਣ ਨੂੰ ਮਨ ਕਰ ਆਵੇ ਤਾਂ ਦਸਾਂ ਤੋਂ ਉੱਪਰ ਇਕ ਛੱਲੀ ਨਹੀਂ ਮਿਲਦੀ। ਨਿਆਣੇ ਪਾਪਕਾਰਨਾਂ ਵੱਲ ਨੂੰ ਹਾਬੜੇ ਪੈਣਗੇ, ਸਾਡੇ ਖੇਤਾਂ ਦੀਆਂ ਛਲੀਆਂ ਪੈਕਟਾਂ ਵਿਚ ਸੌਆਂ ਦੇ ਹਿਸਾਬ ਨਾਲ ਵਿਕਦੀਆਂ। ਦਾੜ੍ਹੀ ਨਾਲੋਂ ਮੁੱਛਾਂ ਵੱਡੀਆਂ ਹੋ ਗਈਆਂ। ਬਚਣਾ ਕੀ ਸੀ ਛਿੱਕੂ, ਮਨ ਮੇਰਾ ਬਹੁਤ ਦੁਖੀ ਹੈ ਕੀ ਕਰਦਾ ਮਨ ਤਾਂ ਕਰਦਾ ਨਹੀਂ ਸੀ ਮੱਕੀ ਛੱਡ ਕੇ ਆਉਣ ਨੂੰ ਪਰ ਅਗਲੀ ਵੱਤ ਵੀ ਸਿਰ ਤੇ ਖੜ੍ਹੀ ਹੈ ਮੱਕੀ ਘਰ ਲਿਆ ਕੇ ਕਰਦਾ ਵੀ ਕੀ?

ਚਰਨੀ(ਪਤਨੀ)ਤਾਂ ਦਿਲਾਸੇ ਦੇਣ ਜੋਗੀ ਹੀ ਹੈ। ਮੈਂ ਸੋਚਦਾ ਕੁੱਝ ਖੇਤ ਠੇਕੇ ਤੇ ਲੈ ਕੇ ਵਾਹ ਲਵਾਂ ਖੇਤ ਠੇਕੇ ਤੇ ਲੈਣ ਤੋਂ ਪਹਿਲਾਂ ਮੇਰੇ ਕੋਲ ਸਾਧਨਾਂ ਦਾ ਹੋਣਾ ਵੀ ਜਰੂਰੀ ਹੈ। ਅਜੇ ਮੈਂ ਖੇਤ ਠੇਕੇ ਤੇ ਲੈਣ ਬਾਰੇ ਸੋਚ ਹੀ ਰਿਹਾ ਸੀ । ਘਰ ਇਕ ਨੋਟਿਸ ਆ ਗਿਆ। ਇਹ ਨੋਟਿਸ ਕੋਈ ਮਾਮੂਲੀ ਨਹੀਂ ਸੀ ਇਹ ਜਮੀਨ ਦੀ ਕੁਰਕੀ ਦਾ ਨੋਟਿਸ ਸੀ।

ਨੋਟਿਸ ਪੜ੍ਹਦਿਆਂ ਸਾਰ ਹੀ ਮੇਰੇ ਪੈਰਾਂ ਹੇਠੋਂ ਜਮੀਨ ਨਿੱਕਲ ਗਈ। ਬੈਂਕ ਮੈਨੇਜਰ ਬਦਲ ਗਿਆ ਸੀ। ਪਿਛਲਾ ਬੈਂਕ ਮੈਨੇਜਰ ਤਾਂ ਕੁੱਝ ਹੋਰ ਹੀ ਕਹਿ ਰਿਹਾ ਸੀ, ਨਵਾਂ ਮੈਨੇਜਰ ਕਹਿ ਰਿਹਾ ਸੀ, "ਤੁਹਾਡੀ ਕੋਈ ਵੀ ਲਿਮਣ ਜਮ੍ਹਾਂ ਨਹੀਂ ਹੋਈ" , "ਸਾਬ ਤੁਹਾਨੂੰ ਭੁਲੇਖਾ ਲੱਗਾ ਹੋਣਾ, ਮੈਂ ਤਾਂ ਛੇਈ ਮਹੀਨੀ ਘੁੱਗੀ ਮਾਰ ਜਾਂਦਾ ਹਾਂ" ਉਹਨੇ ਫਿਰ ਆਖਿਆ ਆਹ ਕੰਪਿਊਟਰ ਦੀ ਸਕਰੀਨ ਵੇਖ ਲੈ ਤੁਹਾਡਾ ਕੋਈ ਪੈਸਾ ਨਹੀਂ ਉੱਤਰਿਆ, ਚੰਗੀ ਚਾਹੁੰਦੇ ਹੋ ਤਾਂ ਹੌਲੀ-ਹੌਲੀ ਪੈਸੇ ਉਤਾਰ ਦਿਓ ਹਾਂ ਇਕ ਵਾਰ ਤੁਹਾਨੂੰ ਸਾਰੇ ਪੈਸੇ ਲਿਆ ਕੇ ਦੇਣੇ ਪੈਣੇ ਹਨ, ਫਿਰ ਜਾਂ ਕੇ ਲਿਮਣ ਘੁੰਮਣੀ ਹੈ"

ਅਸਲ ਮੁੱਦਾ ਤਾਂ ਇਹ ਸੀ ਕਿ ਲਿਮਣ ਘੁੰਮ ਹੀ ਨਹੀਂ ਰਹੀ ਸੀ, ਪਿਛਲੇ ਮੈਨੇਜਰ ਨੇ ਸਾਰਿਆਂ ਨੂੰ ਬੇਵਕੂਫ ਬਣਾ ਕੇ ਆਪਣਾ ਦਿੱਤਾ ਹੋਇਆ ਟਾਰਗੈਟ ਪੂਰਾ ਕੀਤਾ। ਪੁਰਾਣੇ ਮੈਨੇਜਰ ਨੇ ਤਾਂ ਕਿਹਾ ਸੀ ਸਿਰਫ ਸੱਤ ਪ੍ਰਤੀਸ਼ਤ ਹੀ ਵਿਆਜ ਲੱਗੂ, ਪਰ ਅਜਿਹਾ ਨਹੀਂ ਸੀ ਵਿਆਜ਼ ਚੌਦਾਂ ਪ੍ਰਤੀਸ਼ਤ ਲੱਗਿਆ। ਹਰੇਕ ਵਾਰੀ ਬੈਂਕ ਮੁਲਾਜਮ ਨੇ ਪਿੰਡ ਫੇਰੀ ਪਾਉਣ ਆਉਣਾ ਹੁੰਦਾ ਸੀ ਤੇ ਉਹ ਫੇਰੀ ਤਾਂ ਕਾਗਜ਼ਾਂ ਤੱਕ ਹੀ ਸੀਮਿਤ ਸੀ। ਅਸਲ ਵਿਚ ਤਾਂ ਉਹ ਆਉਂਦੇ ਹੀ ਨਹੀਂ ਸਨ।

ਬੈਂਕ ਮੁਲਾਜ਼ਮਾਂ ਨੇ ਕਿਸਾਨਾਂ ਨੂੰ ਅਜਿਹੇ ਜਾਲ ਵਿਚ ਬੁਣਿਆ ਹੋਇਆ ਸੀ ਜਿਸ ਵਿਚੋਂ ਉਹ ਕਦੇ ਨਿਕਲ ਹੀ ਨਹੀਂ ਸਕਦਾ ਸੀ। ਕਿਸਾਨ ਦੀਆਂ ਮਜਬੂਰੀਆਂ ਉਹਨੂੰ ਵਾਰ ਵਾਰ ਬੈਂਕ ਲਿਜਾਦੀਆਂ ਹਨ।

ਜਿਸ ਦਿਨ ਮੈਨੂੰ ਜਮੀਨ ਦੀ ਕੁਰਕੀ ਦਾ ਨੋਟਿਸ ਮਿਲਿਆ ਤਾਂ ਇਹ ਬੈਂਕਾਂ ਵਾਲੇ ਮੈਨੂੰ ਮਾਡਰਨ ਸ਼ਾਹੂਕਾਰ ਲੱਗੇ। ਬੈਂਕ ਤੋਂ ਕਰਜ਼ਾ ਲੈਣਾ ਤਾਂ ਅੱਕ ਚੱਬਣ ਦੇ ਬਰਾਬਰ ਹੈ, ਮੈਂ ਮਨ ਬਣਾ ਲਿਆ ਹੈ ਹੁਣ ਹਾੜੀ ਸੌਣੀ ਆੜਤੀਏ ਤੋਂ ਹੀ ਵਿਆਜੂ ਪੈਸੇ ਲਿਆ ਕਰਨੇ ਹਨ, ਆਪੇ ਫਸਲ ਆਉਣ ਤੇ ਵਿਚੋਂ ਕੱਟ ਲਿਆ ਕਰੂ।

ਬੈਂਕ ਵਾਲਿਆ ਨੇ ਫਰਦ ਤਾਂ ਉਸੇ ਦਿਨ ਹੀ ਬੈਂਕ ਵਿਚ ਜਮ੍ਹਾਂ ਕਰ ਲਈ ਸੀ। ਮੇਰੇ ਕੋਲ ਤਾਂ ਸਬਮਰਸੀਬਲ ਬੋਰ ਹੀ ਬਚਿਆ ਸੀ। ਲਾ ਪਾ ਕੇ ਮੇਰੇ ਹੱਥ ਇਕ ਹੀ ਖੇਤ ਆਇਆ ਸੀ ਹੁਣ ਇਹ ਵੀ ਨਹੀਂ ਬਚਣਾ।

ਮੈਂ ਤਾਂ ਬੈਂਕ ਵਿਚ ਹੀ ਅਪਲੀਆਂ ਟਪਲੀਆਂ ਮਾਰਨ ਲੱਗ ਪਿਆ ਮੇਰੀ ਕੋਈ ਗੱਲ ਸੁਣ ਹੀ ਨਹੀਂ ਰਿਹਾ ਸੀ।

ਮੈਂ ਪਿੰਡ ਆ ਕੇ ਦੁਹਾਈਆਂ ਪਾਈ ਜਾਵਾਂ, ਬਚਾ ਲਵੋ ਲੋਕੋ ਜੇ ਪਾਣੀ ਬਚਦਾ ਨਹੀਂ ਤਾਂ ਇਹ ਵੀ ਨਹੀਂ ਬਚਣਾ । ਮੈਂ ਪੋਸਟਰ ਬਣਾ ਕੇ ਸਾਰੇ ਪਿੰਡ ਦੀਆਂ ਕੰਧਾਂ ਤੇ ਚਿਪਕਾਉਣ ਲੱਗ ਪਿਆ। ਮੈਂ ਅਜੇ ਪੋਸਟਰ ਲਾ ਕੇ ਹੀ ਹਟਦਾ ਕੋਈ ਨਾ ਕੋਈ ਸ਼ਰਾਰਤੀ ਅਨਸਰ ਉਸੇ ਵੇਲੇ ਹੀ ਉਹਨੂੰ ਪਾੜ ਦਿੰਦਾ। ਲੋਕ ਮੈਨੂੰ ਪਾਗਲ ਪਾਗਲ ਆਖਣ ਲੱਗੇ, "ਉਹ ਵੇਖੋ ਪਾਗਲ ਹੋ ਗਿਆ, ਕਿਹੜੇ ਪਾਣੀ ਦੀਆਂ ਗੱਲਾਂ ਕਰੀ ਜਾ ਰਿਹਾ ਹੈ"

"ਹਾਂ ਮੈਂ ਪਾਗਲ ਹੋ ਗਿਆ ਹਾਂ" ਮੈਂ ਲੋਕਾਂ ਨੂੰ ਚੀਕ-ਚੀਕ ਕੇ ਕਹਿਣਾ ਚਾਹੁੰਦਾ ਹਾਂ, ਮੈਂ ਧਰਤੀ ਦੀ ਤੀਜੀ ਤੱਗੀ ਦਾ ਪਾਣੀ ਆਉਣ ਵਾਲੀਆਂ ਪੀੜੀਆਂ ਲਈ ਬਚਾਉਣਾ ਚਾਹੁੰਦਾ ਹਾਂ। ਦੋ ਤੱਗੀਆਂ ਦਾ ਤੁਸੀਂ ਲੋਕਾਂ ਨੇ ਪਾਣੀ ਖਤਮ ਕਰ ਦਿੱਤਾ।

ਮੈਂ ਚੀਕਦਾ ਹਾਂ, "ਬਸ ਕਰੋ ਹੁਣ ਧਰਤੀ ਨੂੰ ਬਚਾ ਲਵੋ, ਜਦੋਂ ਪਾਣੀ ਨਹੀਂ ਰਹਿਣਾ ਤਾਂ ਤੁਹਾਨੂੰ ਰਾਹ ਨਹੀਂ ਲੱਭਣਾ ਕਿਸੇ ਪਾਸੇ ਨੱਠ ਕੇ ਜਾਣ ਲਈ"

ਲੋਕ ਮੇਰੇ ਤੇ ਹੱਸਦੇ ਹਨ, ਮੈਂ ਆਲੇ ਦੁਆਲੇ ਲੱਗੇ ਝੋਨੇ ਦਿਆਂ ਖੇਤਾਂ ਤੋਂ ਦੂਰ ਭੱਜਣਾ ਚਾਹੁੰਦਾ ਹਾਂ। ਹੁਣ ਇਹ ਝੋਨੇ ਦੀ ਹਰਿਆਲੀ ਮੈਨੂੰ ਚੰਗੀ ਨਹੀਂ ਲੱਗਦੀ...ਆਹ ਕੋਲ ਝੂੰਮਦੀਆਂ ਹੋਰ ਹਰੀਆਂ ਕਚੂਰ ਫਸਲਾਂ ਨੂੰ ਦਿਲ ਕਰਦਾ ਜੱਫੀਆਂ ਪਾ ਲਵਾਂ।

**9464330803**

## ਤਪਦੇ ਥਲ ਹੇਠ ਵੀ ਨਦੀਆਂ / ਮੋਹਣ ਮਤਿਆਲਵੀ

ਤੇਰੀ ਗੱਲ ਵਿਚ
ਦਮ ਲੱਗਦਾ ਹੈ
ਚੁੱਪ ਰਹੀਏ ਤਾਂ
ਬਿਲਕੁਲ ਸਾਫ਼ ਸੁਣਾਈ ਦੇਵੇ

ਕੱਲ੍ਹ ਦੀ ਚਿੰਤਾ ਅੱਜ ਦੀ ਚਿੰਤਾ
ਅੱਜ ਤੋਂ ਪਹਿਲਾਂ ਹੁਣ ਦੀ ਚਿੰਤਾ
ਬੀਤ ਰਹੇ ਹਰ ਪਲ ਦੀ ਚਿੰਤਾ
ਚਿੰਤਾ ਬਿਨ ਜਿਉਂ
ਹੋਰ ਕਿਸੇ ਨਾ ਗੱਲ ਦੀ ਚਿੰਤਾ

ਏਸ ਪ੍ਰਸ਼ਨ ਦਾ ਉੱਤਰ
ਕਿਧਰੇ ਦੌੜ ਗਿਆ ਹੈ

ਅੱਖਾਂ 'ਚੋਂ
ਖਾਰੇ ਹੰਝੂਆਂ ਦੀਆਂ
ਮੋਤੀ ਲੜੀਆਂ ਬਣ ਕੇ ਡਿੱਗਦੇ
ਤੇ ਟੁੱਟ ਜਾਂਦੇ
ਰੰਗਲੇ ਸੁਪਨਿਆਂ ਦੀ
ਮੌਤ ਦੀ ਚਿੰਤਾ ਕੁਝ ਇਕ ਆਪ
ਸਹੇੜੀਆਂ ਤੇ ਬਹੁਤ ਸਾਰੀਆਂ
ਸਾਡੇ ਮੱਥੇ ਜਬਰਨ ਹੀ
ਮੜ੍ਹ ਦਿੱਤੀਆਂ ਗਈਆਂ
ਚਿੰਤਾਵਾਂ ਦੀ ਚਿਖਾ 'ਚ ਗਿੱਲੀਆਂ
ਲੱਕੜਾਂ ਵਾਂਗੂੰ
ਧੁਖਦੇ ਹੋਏ ਬੀਤ ਰਹੇ ਹਾਂ
ਨਾ ਬਲਦੇ ਤੇ ਨਾ ਬੁਝਦੇ ਹਾਂ

ਆਪਣਾ ਅੱਜ ਗੁਆਚ ਰਿਹਾ ਹੈ
ਏਸ ਸ਼ਹਿਰ ਵਿਚ
ਐਸਾ ਕੋਈ ਮੌਸਮ ਨਹੀਂ ਦਿਸਦਾ
ਆਪਣੀ ਰੂਹ ਦੀ ਰਾਣੀ ਦਾ
ਜੋ ਹਾਣੀ ਹੋਵੇ
ਘੋਨ ਮੋਨ ਜਿਹੇ ਰੁੱਖ ਦਿਸ੍ਹਦੇ ਨੇ
ਖਿੜਿਆ ਕੋਈ ਰੰਗ ਨਾ ਦਿਸਦਾ
ਸੂਰਜ ਵਰਗਾ ਸੰਗ
ਕਿਤੇ ਨਾ ਚੰਦ ਹੀ ਦਿਸਦਾ
ਪੱਤਝੜ ਵੀ ਕੋਈ
ਸੁਰ ਤੋਂ ਬਾਹਰਾ
ਰਾਗ ਅਲਾਪ ਰਹੀ ਹੈ



ਬਸ ਨਾਂ ਦਾ ਰਹਿ ਗਿਆ ਹੈ ਮੇਲਾ
ਈਰਖਾ ਸਾੜਾ
ਜੱਗ ਝਮੇਲਾ
ਬੇਵਿਸ਼ਵਾਸੀ ਜੰਗਲ ਬੇਲਾ
ਇੰਝ ਲੱਗਦੈ ਜਿਉਂ
ਹਰ ਪਲ ਹਰ ਛਿਣ
ਹਰ ਦਿਨ ਸਾਨੂੰ ਇੰਜ ਕੱਟਦਾ ਹੈ
ਜਿਉਂ ਕਿਸੇ
ਸੰਘਣੀ ਝਾੜੀ ਵਿਚ
ਬਾਘਾਂ ਦੀਆਂ ਦਹਾੜਾਂ ਸੁਣ ਕੇ
ਬਹਿ ਕੇ ਬੈਠਾ ਕੰਬਦਾ ਹੋਵੇ
ਕੱਲ-ਮੁਕੱਲਾ ਲੇਲਾ
ਨ੍ਹੇਰ ਦਾ ਖੌਫ਼ ਮੁਸਲਸਲ ਦੇਖੋ
ਫੈਲ ਰਿਹਾ ਹੈ

ਭਾਵੇਂ ਤੇਰੀ ਗੱਲ ਵਜ਼ਨੀ ਹੈ
ਮੰਨਿਆਂ ਆਪਾਂ ਬੇਮਤਲਬ ਹੀ
ਬੀਤ ਰਹੇ ਹਾਂ
ਬੇਵਸ ਚੁੱਪ-ਚੁਪੀਤ ਜਿਹੇ ਹਾਂ
ਮੰਦਰ ਦੇ ਵਟਦੀ ਜਾਂਦੀ
ਉਜੜੀ ਕਿਸੇ ਮਸੀਤ ਜਿਹੇ ਹਾਂ
ਤਦ ਵੀ ਕੋਈ ਐਸੀ ਕਿਰਿਆ ਹੈ
ਜਿਹੜੀ ਸਾਨੂੰ
ਟਿਕਣ ਨਾ ਦਿੰਦੀ
ਮਨ ਵਿਚ ਖੌਰੂ ਪਾਈ ਰੱਖਦੀ
ਗਰਦਿਸ਼ ਦੇ ਵਿਚ
ਤਾਰਿਆਂ ਵਾਂਗ ਘੁਮਾਈ ਫਿਰਦੀ
ਬੈਠੇ ਸੁੱਤਿਆਂ ਚੱਤੇ
ਪਹਿਰ ਭਜਾਈ ਰੱਖਦੀ
ਲਗਦੈ ਅੰਕੁਰ ਫੁੱਟ ਰਹੇ ਨੇ....।

## ਤੇਰੇ ਖਿਆਲ / ਰਮਿੰਦਰ ਰੰਮੀ

ਤੇਰੇ ਖਿਆਲ
ਜਦ ਵੀ ਮੈਨੂੰ ਆਉਂਦੇ ਨੇ
ਝੱਲਾ ਦਿਲ
ਬਹੁਤ ਉਦਾਸ ਹੁੰਦਾ ਹੈ
ਤੇਰੀਆਂ ਮਿੱਠੀਆਂ ਪਿਆਰੀਆਂ
ਗੱਲਾਂ ਦੇ ਮੋਹ ਜਾਲ ਨੇ
ਮੈਨੂੰ ਜਕੜ ਰੱਖਿਆ ਹੈ
ਲੱਖ ਕੋਸ਼ਿਸ਼ ਕਰਦੀ ਹਾਂ
ਇਹਨਾਂ ਵਿੱਚੋਂ ਨਿਕਲਣ ਦੀ
ਤੈਨੂੰ ਭੁਲਾਉਣ ਦੀ
ਪਰ ਤੂੰ ਮੇਰੀ ਰੂਹ ਵਿੱਚ
ਹਰ ਪੱਲ ਮੌਜੂਦ ਹੈਂ
ਤੇਰੇ ਖਿਆਲ ਆਉਂਦੇ ਹੀ
ਮੇਰੇ ਮਨ ਅੰਦਰ
ਐਸੀਆਂ ਪਿਆਰ ਤਰੰਗਾਂ
ਉੱਠਦੀਆਂ ਨੇ ਜੋ
ਮੇਰੀ ਰੂਹ ਅੰਦਰ ਉਤਰ
ਮੇਰੀ ਰੂਹ ਨੂੰ ਰੁਸ਼ਨਾ ਜਾਂਦੀਆਂ ਨੇ
ਤੇਰੀ ਮਿੱਠੀ ਪਿਆਰੀ ਅਵਾਜ਼
ਕੰਨਾਂ ਵਿੱਚ ਪੈਂਦੇ ਹੀ
ਮੈਂ ਬਰਫ਼ ਦੀ ਸਿੱਲ ਵਾਂਗੂੰ
ਤੇਰੇ ਪਿਆਰ ਦੀ ਗਰਮੀ ਵਿੱਚ
ਸਾਰੀ ਦੀ ਸਾਰੀ
ਪਿਘਲ ਜਾਂਦੀ ਹਾਂ
ਤੇ ਫਿਰ ਤੇਰੇ ਖਿਆਲਾਂ
ਵਿੱਚ ਖੋ ਜਾਂਦੀ ਹਾਂ ।
ਉਫ਼ !
ਤੇਰੇ ਖਿਆਲ
ਤੇਰੇ ਖਿਆਲ !!



## ਆਜੜੀ ਅਤੇ ਬਕਰੀਆਂ / ਅਸੰਗ ਘੋਸ਼



ਪਹਾੜੀ ਦੀ ਚੋਟੀ ਤੇ ਚੜ੍ਹ ਕੇ
ਸੋਚਦੀਆਂ ਨੇ ਉੱਥੇ ਖੜ੍ਹੀਆਂ ਹੋ ਕੇ ਬਕਰੀਆਂ
ਆਪਣੇ ਦੁੱਧ ਚੋਏ ਜਾਣ ਦੇ ਬਾਰੇ
ਤੇ ਗੁਆਚ ਜਾਂਦੀਆਂ ਨੇ
ਉਨ੍ਹਾਂ ਦ੍ਰਿਸ਼ਾਂ ਵਿਚ ਜਿਨ੍ਹਾਂ ਵਿਚ
ਭੱਜਦੇ ਭੱਜਦੇ ਆਉਂਦੇ ਨੇ
ਭੁੱਖ ਨਾਲ ਵਿਲਕਦੇ ਉਨ੍ਹਾਂ ਦੇ ਮੇਮਣੇ
ਪਰ ਉਹ ਆਪਣੀ ਮਾਂ ਦਾ ਦੁੱਧ ਨਹੀਂ ਪੀ ਸਕਦੇ
ਉਸ ਸਮੇਂ ਬਕਰੀਆਂ ਨੂੰ ਯਾਦ ਆਉਂਦਾ
ਸਵੇਰੇ ਸਵੇਰੇ ਦੁੱਧ ਚੋਣ ਦਾ ਦ੍ਰਿਸ਼
ਰੋਜ਼ ਦੇ ਵਾਂਗ ਦੁੱਧ ਚੋਣ ਮਗਰੋਂ
ਕਿੱਕਰ ਦਾ ਕੰਡਾ ਧਾਗੇ ਵਿਚ ਲਪੇਟ ਕੇ
ਥਣਾਂ ਨਾਲ ਬੰਨ੍ਹ ਦਿੰਦਾ ਆਜੜੀ
ਇਹ ਕੰਡਾ ਮੇਮਣੇ ਦੇ ਥਣ ਤੇ ਮੂੰਹ ਲਾਉਂਦੇ ਹੀ
ਚੁਭਣ ਲਗਦਾ ਉਸਦੀ ਜੀਭ ਤੇ
ਬਕਰੀਆਂ ਦਾ ਦੁੱਧ ਜਦੋਂ ਥਣ ਵਿਚ ਉੱਤਰਦਾ
ਮੇਮਣੇ ਥਣ ਤੇ ਮੂੰਹ ਲਾ ਕੇ
ਪਰ ਕੰਡੇ ਚੁਭਦੇ ਹੀ ਦੁੱਧ ਨਹੀਂ ਪੀ ਸਕਦੇ
ਇਹ ਸੋਚਦੀਆਂ ਦੁਖੀ ਮਨ ਨਾਲ
ਖੜ੍ਹੀਆਂ ਰਹਿੰਦੀਆਂ ਨੇ ਬਕਰੀਆਂ
ਪਹਾੜੀ ਦੀ ਚੋਟੀ ਤੇ
ਕਿ ਚਰਵਾਹਾ ਜ਼ੋਰ ਨਾਲ ਵਾਜ ਮਾਰਦਾ ਹੈ
ਵਾਜ ਸੁਣਕੇ ਉਸਦੀ ਹੌਲੀ ਹੌਲੀ ਥੱਲੇ ਉਤਰਦੀਆਂ
ਚੋਟੀ ਤੇ ਚੜ੍ਹੀਆਂ ਬਕਰੀਆਂ ਜਲਦੀ ਦੁੱਧ ਚੁਆ ਕੇ
ਆਪਣੇ ਥਣਾਂ ਵਿਚ ਥੋੜਾ ਜਿਹਾ ਦੁੱਧ
ਬਚਾ ਲੈਣ ਬਾਰੇ ਸੋਚਦੀਆਂ
ਕਦੋਂ ਆਪਣੇ ਵਾੜੇ ਵਿਚ ਪਹੁੰਚ ਜਾਂਦੀਆਂ ਨੇ
ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ
ਦਰਵਾਜੇ ਦੇ ਵਾੜੇ ਦੇ ਅੰਦਰ
ਆਉਂਦਾ ਦਿਸਦਾ ਹੈ ਉਨ੍ਹਾਂ ਨੂੰ ਆਜੜੀ ਹੱਥ ਵਿਚ ਲਈ
ਨਵੇਂ ਕੰਡਿਆਂ ਦਾ ਵੱਡਾ ਸਾਰਾ ਗੁੱਛਾ।

## ਬੇਤਰਤੀਬ / ਸੱਤਯ ਪ੍ਰਕਾਸ਼ ਉੱਪਲ



ਕਿੰਨਾ ਅਸਤ ਵਿਅਸਤ
ਹੋ ਗਿਆ ਹਾਂ ਮੈਂ ਸ਼ੈਲਫ ਵਿਚੋਂ
ਇੱਕ ਕਿਤਾਬ ਕੱਢਦਾ ਹਾਂ ਤਾਂ
ਦੋ ਤਿੰਨ ਥੱਲੇ ਡਿੱਗ ਪੈਂਦੀਆਂ ਹਨ
ਫਾਈਲਾਂ ਇਸ ਤਰੀਕੇ ਨਾਲ
ਇਕ ਦੂਜੇ ਵਿਚ ਉਲਝੀਆਂ ਹੋਈਆਂ ਨੇ
ਕਿ ਕਵਿਤਾ ਦੀ ਫਾਈਲ ਵਿਚ
ਇਨਕਮ ਟੈਕਸ ਦੀਆਂ ਰਿਟਰਨਜ਼
ਮੂੰਹ ਅੱਡੀ ਬੈਠੀਆਂ ਨੇ
ਰਿਟਰਨਜ਼ ਦੀਆਂ ਫਾਈਲਜ਼ ਵਿਚ
ਹਾਊਸ ਟੈਕਸ ਦੇ ਕਾਗਜ਼
ਤੇ ਉਹ ਮੇਰੀ ਸੇਵਾ ਨਵਿਰਤੀ ਵਾਲੀ ਫਾਈਲ
ਉਹ ਤਾਂ ਮਿਲ ਹੀ ਨਹੀਂ ਰਹੀ
ਮੇਰੇ ਕਲਮਦਾਨ ਵਿਚ
ਕਿਸਨੇ ਰੱਖ ਦਿੱਤਾ ਹੈ
ਟੁੱਥ ਬਰੁਸ਼
ਕਿਸੇ ਨੂੰ ਕੀ ਦੋਸ਼ ਦਈਏ
ਮੈਨੂੰ ਜ਼ਿੰਦਗੀ ਮਿਲੀ ਹੀ ਕੁਝ ਇਸ ਤਰਾਂ
ਕਿ ਕੁਝ ਵੀ ਕਿੱਥੇ ਸੀ ਆਪਣੀ ਥਾਂ ਤੇ
ਬਚਪਨ ਵਿਚ ਧਰਮ ਕਰਮ
ਜਵਾਨੀ ਵਿਚ ਚਿੰਤਾਵਾਂ ਦੀ ਸਿਉਂਕ ਬੇਵਕਤ ਬੁਢਾਪਾ
ਜ਼ਿੰਦਗੀ ਕੁਝ ਇਸ ਤਰਾਂ
ਬੇਤਰਤੀਬ ਮਿਲੀ ਕਿ ਚੀਜ਼ਾਂ ਨੂੰ
ਠੀਕ ਥਾਂ ਤੇ ਰੱਖਣ ਵਿਚ ਦੀ
ਕੋਸ਼ਿਸ਼ ਵਿਚ ਹੀ ਖਰਚ ਹੋ ਗਈ।

## ਕਹਾਣੀ / ਸਟੇਟ ਅਵਾਰਡੀ / ਅਸ਼ੋਕ ਸੋਨੀ

ਚਾਹ ਇੱਕ ਨੰਬਰ ਬਣਾਉਂਦਾ ਸੀ ਚਰਨਾ, ਤਾਂ ਹੀ ਖੋਖੇ ਤੇ ਵੀ ਕੰਮ ਠੀਕ ਸੀ। ਘਰਵਾਲੀ ਸ਼ਾਂਤੀ ਵੀ ਪੂਰੀ ਮਿਹਨਤੀ ਤੇ ਚਤਰ, ਚਾਹ ਦੀ ਦੁਕਾਨ ਲਈ ਲਿਆਂਦੇ ਦੁੱਧ ਨੂੰ ਗਰਮ ਕਰ ਮਲਾਈ ਉਤਾਰ ਘਿਊ ਵੇਚ, ਕਪੜੇ ਸਿਉਂ, ਦਰੀਆਂ ਖੇਸ ਬੁਣ ਕੇ, ਚਰਨੇ ਦਾ ਪੂਰਾ ਸਾਥ ਦਿੰਦੀ, ਤਾਂ ਕਰਕੇ ਹੀ ਬਜ਼ੁਰਗ ਮਾਂ-ਬਾਪ ਦੀ ਵਧੀਆ ਸੇਵਾ ਕਰਦਿਆਂ ਵੀ, ਉਹਨਾਂ ਆਪਣੇ ਜੀਤੇ ਨੂੰ ਪੜ੍ਹਨ ਲਈ ਹਰ ਜਰੂਰੀ ਸੁਵਿਧਾ ਪ੍ਰਦਾਨ ਕੀਤੀ। ਜੀਤਾ ਪੜ੍ਹਾਈ ਚ ਹੁਸ਼ਿਆਰ,ਵਧੀਆ ਸਕੂਲ, ਟਿਊਸ਼ਨ ਕਾਲਜ, ਹੋਸਟਲ ਮਿਲਣ ਨਾਲ ਨਿਖਰ ਗਿਆ। ਜਿਵੇਂ-ਜਿਵੇਂ ਜੀਤੇ ਦੇ ਖਰਚੇ ਵੱਧਦੇ ਗਏ, ਚਰਨਾ ਤੇ ਸ਼ਾਂਤੀ ਮੁੜ੍ਹਕੇ ਨਾਲ ਨਾਉਣ੍ਹ ਲੱਗ ਪਏ, ਅਸਲ ਚ ਚਰਨੇ ਤੇ ਸ਼ਾਂਤੀ ਨੇ ਸਿਰਫ ਚਾਹ ਨਹੀਂ, ਆਪਣੀ ਜਵਾਨੀ,ਆਪਣੇ ਚਾਅ, ਆਪਣਾ ਆਪ ਜੀਤੇ ਤੇ ਲਾ ਕੇ ਉਸਨੂੰ ਐਮ ਐਸ ਸੀ,ਬੀ ਐਡ, ਐਮ ਫਿਲ ਤੱਕ ਦੀ ਪੜ੍ਹਾਈ ਕਰਵਾਈ।



ਜਿਸ ਦਿਨ ਸਰਕਾਰੀ ਅਧਿਆਪਕ ਵਜੋਂ ਜੀਤੇ ਦੀ ਚੋਣ ਹੋਈ, ਚਰਨੇ ਨੇ ਪੂਰੀ ਮਾਰਕੀਟ 'ਚ ਮੁਫਤ ਚਾਹ ਵੰਡੀ, ਸ਼ਾਂਤੀ ਤਾਂ ਕਿੰਨਾ ਹੀ ਸਮਾਂ ਖੁਸ਼ੀ ਨਾਲ ਰੋਂਦੀ ਰਹੀਂ। ਜੀਤਾ ਸਾਇੰਸ ਮਾਸਟਰ ਲੱਗਿਆ, ਲੁਧਿਆਣੇ, ਨਵੀਂ ਜੁਆਇਨ ਹੋਈ ਮੈਡਮ ਸੰਗੀਤਾ, ਨਾਮੀ ਅਧਿਆਪਕ ਆਗੂ ਬਲਦੇਵ ਸਿੰਘ ਦੀ ਧੀ ਸੀ, ਇਸੇ ਦੌਰਾਨ 15 ਦਿਨਾਂ ਦੀ ਇੰਡਕਸ਼ਨ ਟ੍ਰੇਨਿੰਗ 'ਚ ਦੋਵਾਂ ਦੀ ਅੱਖ ਨੇ ਇਕ ਦੂਜੇ ਦਾ ਹੋਣ ਦਾ ਮਨ ਬਣਾ ਲਿਆ।

ਜੀਤੇ ਨੂੰ ਹੁਣ ਚਾਹ ਦਾ ਖੋਖਾ ਬਹੁਤ ਮਾੜਾ ਤੇ ਸ਼ਰਮਨਾਕ ਲੱਗਦਾ, ਉਹਨੇਂ ਚਰਨੇ ਤੇ ਸ਼ਾਂਤੀ ਨੂੰ ਖੋਖਾ ਛੱਡ, ਮੰਡੀ ਤੋਂ ਲੁਧਿਆਣੇ ਆਉਣ ਨੂੰ ਕਿਹਾ ਤਾਂ, ਉਹ ਖੋਖੇ ਤੇ ਲਿਫਾਫਾ ਬੰਨ੍ਹ, ਘਰ ਨੂੰ ਪੱਕਾ ਤਾਲਾ ਲਾ ਲੁਧਿਆਣੇ ਆ ਗਏ।

ਜੀਤੇ ਤੇ ਸੰਗੀਤਾ ਨੇ ਵਿਆਹ ਕਰਵਾ ਲਿਆ। ਜੀਤੇ ਨੇ ਲੁਧਿਆਣੇ ਪਲਾਟ ਖਰੀਦਿਆ ਤਾਂ ਚਰਨੇ ਨੇ ਖੁਸ਼ੀ-ਖੁਸ਼ੀ ਸਾਰੀ ਉਮਰ ਦੀ ਕਮਾਈ ਦੇ ਦਿੱਤੀ ਤੇ ਲਾਡ ਨਾਲ ਪਲਾਟ ਵੀ ਨੂੰਹ ਰਾਣੀ ਦੇ ਨਾਮ ਕਰ ਦਿੱਤਾ। ਹੌਲੀ-ਹੌਲੀ ਪਲਾਟ 'ਚ ਕੋਠੀ ਬਣ ਗਈ, ਤੇ ਜੀਤੇ ਦੇ ਘਰ ਮੁੰਡਾ ਵੀ ਹੋ ਗਿਆ।

ਜੀਤਾ ਸਿੱਧੀ ਭਰਤੀ 'ਚ ਪ੍ਰਿੰਸੀਪਲ ਬਣ ਗਿਆ, ਜੀਤੇ ਦਾ ਸਹੁਰਾ ਬਲਦੇਵ ਯੂਨੀਅਨ ਆਗੂ ਸੀ ਤਾਂ ਲੀਡਰਾਂ ਨਾਲ ਵੀ ਲਿੰਕ ਸੀ, ਉਹਦੇ ਕਰਕੇ ਜੀਤੇ ਨੂੰ ਆਪਣਾ ਸਹੁਰਾ ਅਸਲੀ ਹੀਰੋ ਈ ਜਾਪਦਾ ਸੀ।ਪਰ ਘਰ ਵਿਚ ਸ਼ਾਂਤੀ ਤੇ ਚਰਨੇ ਦੀ ਹਾਲਤ ਮਾੜੀ ਸੀ।

ਅਸਲ ਵਿੱਚ ਜਦੋਂ ਵੱਡੇ-ਵੱਡੇ ਲੋਕ ਆਉਂਦੇ ਤਾਂ ਜੀਤਾ ਤੇ ਸੰਗੀਤਾ,ਚਰਨੇ ਹੋਰਾਂ ਕਰਕੇ ਬੜੀ ਸ਼ਰਮ ਮੰਨਦੇ। ਸ਼ਾਂਤੀ ਤੇ ਚਰਨਾ ਵੀ ਨੂੰਹ-ਪੁੱਤਰ ਦੀ ਨਿੱਤ ਦੀ ਝਿੜਕਾਂ ਤੋਂ ਅੱਕੇ ਆਪਣੇ ਛੋਟੇ ਜਿਹੇ ਕਮਰੇ 'ਚ ਹੀ ਰਹਿੰਦੇ। ਪੋਤੇ ਨੂੰ ਵੀ ਹੌਲੀ-ਹੌਲੀ ਨੇੜੇ ਨਾ ਆਉਣ ਦੀਆਂ ਹਦਾਇਤਾਂ ਜਾਰੀ ਹੋ ਗਈਆਂ।

ਘਰ 'ਚ ਪੋਤੇ ਦੀ ਜਨਮਦਿਨ ਪਾਰਟੀ , ਬਲਦੇਵ ਨੇ ਇਲੈਕਟ੍ਰਾਨਿਕ ਸਕੂਟੀ ਗਿਫਟ ਕੀਤੀ, ਸਾਰੇ ਰਿਸ਼ਤੇਦਾਰਾਂ 'ਚ ਬੈਠਾ ਬਲਦੇਵ ਕਹਿੰਦਾ,'ਨਾਨੇ ਨੇ ਤਾਂ 60000 ਲਾ ਤਾ, 'ਨੰਗ ਨੰਗੇ ਦਾਦਕੇ' ਨੇ ਕੀ ਦਿੱਤਾ ਏ'। ਪੂਰੀ ਮਹਿਫਲ 'ਚ ਵਿਚਾਰਾ ਬਣਿਆ ਚਰਨਾ, ਇੰਝ ਖੜਾ ਸੀ, ਜਿਵੇਂ ਕੋਈ ਵੱਡਾ ਅਪਰਾਧੀ ਹੋਵੇ, ਕੋਲ ਹੀ ਜੀਤਾ, ਸੰਗੀਤਾ ਸਭ ਚੁੱਪ ਖੜੇ ਸੀ ਪਰ ਘੁੱਟ ਕੁ ਲੱਗੀ 'ਚ ਬਲਦੇਵ ਦੋਹਤੇ ਨੂੰ ਕਹਿ ਚਰਨੇ ਨੂੰ ਸੁਣਾਉਂਦਾ ਫੇਰ ਕਹਿੰਦਾ,'ਕੋਈ ਨਾਂ ਸ਼ੇਰਾ ਤੂੰ ਐਸ਼ ਕਰ, ਤੇਰੇ ਨਾਨੇ ਨੇ ਥੋੜ੍ਹੀ ਠਿਆਨੀ-ਠਿਆਨੀ ਦੇ ਚਾਹ ਦੇ ਕੱਪ ਵੇਚ, ਸਾਰੀ ਉਮਰ ਲੋਕਾਂ ਦੀ ਜੂਠ ਧੋਤੀ ਏ'।

ਅੱਜ ਸ਼ਾਂਤੀ ਦਾ ਸਬਰ ਮੁੱਕ ਗਿਆ, ਅੱਖਾਂ 'ਚੋਂ ਹਰਲ-ਹਰਲ ਵੱਗਦੇ ਪਾਣੀ 'ਚ ਬਸ ਇੰਨਾ ਕੁ ਈ ਬੋਲ ਸਕੀ, 'ਜੀਤੇ, ਬਲਦੇਵ ਸਿੰਘ ਦੇ ਬੋਲ ਤਾਂ ਸਾਨੂੰ ਉਨੇਂ ਨਹੀਂ ਚੁਭੇ, ਪਰ ਤੇਰੀ ਇਸ ਚੁੱਪ ਨੇ ਅੱਜ ਆਪਣੇ ਸਾਰੇ ਰਿਸ਼ਤੇ ਨਬੇੜ ਛੱਡੇ'। ਸੰਦੂਕੜੀ ਚੁੱਕ ਜਦੋਂ ਉਹ ਤੁਰੇ ਤਾਂ, ਜੀਤੇ ਨੇ ਹੌਲੀ ਜਿਹੀ ਰੁਕਣ ਦਾ ਕਿਹਾ ਪਰ ਅਸਲ 'ਚ ਮਨ ਤਾਂ ਦੋਵੇਂ ਧਿਰਾਂ ਬਣਾ ਈ ਚੁੱਕੀਆਂ ਸਨ।

ਚਰਨਾ ਆਪਣੇ ਓਸੇ ਖੋਖੇ ਤੇ ਚਾਹ ਬਣਾ ਰਿਹਾ ਏ, ਕੋਲ ਈ ਸ਼ਾਂਤੀ ਬੈਠੀ ਏ, ਅਖਬਾਰ ਆਇਆ ਏ, ਫੋਟੋ ਸਣੇ, ਵੱਡੀ ਖਬਰ ਲੱਗੀ ਸੀ, ਅਧਿਆਪਕ ਦਿਵਸ ਤੇ ਪ੍ਰਿੰਸੀਪਲ ਸਰਦਾਰ ਅਜੀਤ ਸਿੰਘ ਸਪੁੱਤਰ ਸਰਦਾਰ ਗੁਰਚਰਨ ਸਿੰਘ ਨੂੰ ਮਿਲਿਆ 'ਸਟੇਟ ਐਵਾਰਡ'!

**9872705078**

**ਪਿਛਲੇ ਦਿਨੀਂ ਪੰਜਾਬੀ ਦੇ ਪ੍ਰਮੱਖ ਕਹਾਣੀਕਾਰ ਗੁਰਦੇਵ ਰੁਪਾਣਾ, ਮੋਹਨ ਭੰਡਾਰੀ, ਰੰਗ ਮੰਚ ਅਦਾਕਾਰ ਕਾਕਾ ਕੌਤਕੀ, ਗਾਇਕਾ ਗੁਰਮੀਤ ਬਾਵਾ, ਗੁਰਨਾਮ ਸਿੰਘ ਮੁਕਤਸਰ, ਡਾ. ਸੁਰਿੰਦਰ ਦੋਸਾਂਝ, ਕਵੀ ਫਤਹਿਜੀਤ, ਜਰਮਨ ਵਿੱਚ ਵੱਸਦੇ ਪੰਜਾਬੀ ਕਵੀ ਰਾਜਵਿੰਦਰ, ਸ਼ਾਇਰ ਦਰਸ਼ਨ ਬੁੱਟਰ ਦੇ ਸੁਪਤਨੀ ਸ਼੍ਰੀਮਤੀ ਹਰਮਿੰਦਰ ਕੌਰ, ਬਲਦੇਵ ਸਿੰਘ ਸੜਕਨਾਮਾ ਦੇ ਸੁਪਤਨੀ ਸ਼੍ਰੀਮਤੀ ਕੁਲਜੀਤ ਕੌਰ ਅਤੇ ਡਾ. ਕਰਨੈਲ ਸਿੰਘ ਥਿੰਦ ਅਕਾਲ ਚਲਾਣਾ ਕਰ ਗਏ ਹਨ। ਅਦਾਰਾ 'ਪ੍ਰਤਿਮਾਨ' ਇਹਨਾਂ ਵਿਛੜੀਆਂ ਰੂਹਾਂ ਆਪਣੀ ਸ਼ਰਧਾਂਜਲੀ ਦੇ ਫੁੱਲ ਭੇਟ ਕਰਦਾ ਹੈ।**

## ਹਿੰਦੀ ਕਵਿਤਾ
## ਇਕੱਲਾਪਣ / ਪ੍ਰਤਿਭਾ ਚੌਹਾਨ



ਇਹ ਇਕਲਾਪਾ ਤੈਨੂੰ
ਉਦਾਸੀ ਨਹੀਂ ਦੇਵੇਗਾ
ਮਜਬੂਤ ਬਣਾਏਗਾ ਹੌਲੀ ਹੌਲੀ
ਤੂੰ ਆਪਣੇ ਵੱਲ ਵੀ ਝਾਕੇਂਗਾ
ਜਿਨ੍ਹਾਂ ਨਜ਼ਰਾਂ ਨਾਲ ਨਹੀਂ
ਦੇਖਿਆ ਕਦੇ ਗੌਰ ਨਾਲ
ਉਹ ਤੈਨੂੰ ਦੇਖਣਗੀਆਂ
ਤੂੰ ਸੰਵਾਰਨ ਲੱਗੇਗਾਂ ਖੁਦ ਨੂੰ
ਖੁਸ਼ਮਿਜਾਜੀ ਵਿਚ ਗੁਣਗੁਣਾਏਂਗਾ
ਇਹ ਠੀਕ ਉਸੇ ਤਰਾਂ ਤੈਨੂੰ
ਖੁਸ਼ ਰਹਿਣ ਦੀ ਵਜ੍ਹਾ ਦੇਵੇਗਾ
ਜਿਵੇਂ ਪਤਝੜ ਮਗਰੋਂ
ਉਦਾਸ ਕੁਦਰਤ ਵਿਚ
ਹਰਿਆਲੀ ਫੁੱਟਦੀ ਹੈ
ਸਿਮਰਤੀਆਂ ਜਿਨ੍ਹਾਂ ਵਿਚ
ਤੁਸੀਂ ਹਮੇਸ਼ਾ ਡੁੱਬੇ ਰਹਿੰਦੇ ਸੀ
ਆਪਣੀਆਂ ਗਿੱਲੀਆਂ ਗੱਲ੍ਹਾਂ ਨਾਲ
ਸਿਖਾਉਣਗੀਆਂ, ਹਸਾਉਣਗੀਆਂ
ਇਕੱਲਾਪਣ ਹੁਣ ਚੀਕੇਗਾ ਨਹੀਂ
ਬੁਲਾਏਗਾ ਤੁਹਾਨੂੰ ਆਪਣੇ ਕੋਲ
ਇਕ ਦੋਸਤ ਦੇ ਵਾਂਗ
ਤੇ ਲਿਖੇਗਾ ਤਸੱਲੀ ਦੀ
ਭਾਸ਼ਾ ਵਿਚ ਸੁਨਹਿਰੇ ਖ਼ਤ
ਕਰੇਗਾ ਦਰਜ ਉਹ ਸਭ ਖੁਸ਼ੀਆਂ
ਜੋ ਕਈ ਵਿਰਲਾਂ ਦੇ ਵਿਚਾਲੇ
ਤੁਸੀਂ ਮਹਿਸੂਸ ਕਰ ਕੇ ਭੁੱਲ ਜਾਂਦੇ ਹੋ
ਜਿਉਂਵੇ ਕਿ ਤੁਹਾਡੇ ਕੋਲ
ਜਿਉਣ ਦੀ ਵੇਹਲ ਹੈ।

## ਨੇਪਾਲੀ ਕਵਿਤਾ / ਅੱਖਰ /
## ਬਿਲੋਕ ਸ਼ਰਮਾ

ਅੱਖਰ ਕਰਫਿਊ ਦੇ ਘਰ
ਵਿਚ ਲੁਕਦੇ ਨਹੀਂ
ਬਾਰੂਦ ਦੀ ਗੰਧ ਤੋਂ ਵੀ ਨਹੀਂ ਡਰਦੇ
ਅੱਖਰ ਜੁਲੂਸ ਵਿਚ ਚੱਲਦੇ ਹਨ
ਸੋਟੀਆਂ ਖਾਂਦੇ ਲਹੂਲੁਹਾਨ ਹੁੰਦੇ ਨੇ
ਪਰ ਦੂਜੇ ਦਿਨ ਸਵੇਰੇ
ਘਰ ਘਰ ਪਹੁੰਚਦੇ ਨੇ

ਲੋਕਤੰਤਰ ਦੇ ਮੁਖੌਟੇ ਨੂੰ
ਅਸਲੀ ਰੰਗ ਵਿਚ ਦਿਖਾਉਣ ਵਾਲੇ
ਅੱਖਰਾਂ ਦੇ ਵਿਸ਼ਾਲ ਕੈਨਵਸ ਤੇ
ਸਮੇਂ ਦੀਆਂ ਪਰਤਾਂ
ਬਹੁਤ ਵਾਰ ਲੁਕੀਆਂ ਨੇ
ਲੁੱਟ ਖਸੁੱਟ ਕਰ ਰਹੀਆਂ ਨੇ



ਪਰ ਸਾਰੇ ਗ੍ਰਹਿਯੁੱਧ ਜਿੱਤ ਚੁੱਕੇ
ਸਾਰੇ ਇਤਿਹਾਸ
ਇਹ ਅੱਖਰ ਦੀਆਂ ਹੀ ਨੇ
ਅੱਖਰ ਦੀਆਂ ਯਾਤਰਾਵਾਂ
ਸਿਰਫ਼ ਪਗਡੰਡੀਆਂ ਲਭਦੀਆਂ ਨੇ
ਅਜਿਹੀ ਪਗਡੰਡੀ
ਜਿੱਥੇ ਰੇਤਾ ਪੱਥਰ ਦੇ
ਪੁਰਖਿਆਂ ਵਿਚ ਵੀ
ਬੇਚੈਨ ਕਦਮਾਂ ਦੀ ਅਪਣੱਤ ਹੋਵੇ

ਢਲਦਾ ਸੂਰਜ
ਅੱਖਰਾਂ ਨੂੰ ਜਲਾ ਨਹੀਂ ਸਕਦਾ
ਸਮੇਂ ਦੇ ਜ਼ਖਮਾਂ ਨੂੰ ਤਪਾ ਸਕਦਾ ਹੈ।


## ਅਸਾਮੀ ਕਵਿਤਾ / ਫੁਟਪਾਥ
## ਤੇ / ਉਤਪਲ ਡੇਕਾ

ਰੋਹਿਣੀ ਸੈਕਟਰ
ਤਿੰਨ ਦੇ ਫੁਟਪਾਥ ਤੇ
ਆਪਣੇ ਦੁੱਖਾਂ ਦਾ
ਝੋਲਾ ਚੁੱਕੀ
ਮੈਂ ਦੇਖਿਆ ਸੀ ਉਸਨੂੰ

ਦੋ ਟੁੱਕ ਕਾਲਜਾ
ਭੁੱਖ ਤੇ ਪਿਆਸ ਨਾਲ ਬੇਹਾਲ
ਬਸ ਇਹੀ ਹੋਰ ਕੁਝ ਨਹੀਂ

ਅੱਖਾਂ ਵਿਚ ਭੇਗੇ
ਹੋਏ ਅਤੀਤ ਦੇ
ਕਾਲੇ ਕਾਲੇ ਬੱਦਲ
ਅੱਖਾਂ ਜਿਵੇਂ
ਹੜ੍ਹ ਦੇ ਡਰ ਨਾਲ ਭਰੇ ਖੇਤ ਹੋਣ
ਚੌਰਾਹੇ ਦੀ ਸੜਕ ਤੇ
ਜਿਵੇਂ ਕਿਸੇ
ਹਾਦਸੇ ਦਾ ਇੰਤਜ਼ਾਰ

ਉਹ ਸੁਪਨਾ ਦੇਖਦਾ ਹੈ
ਉਜੜੀ ਦੁਨੀਆਂ ਨੂੰ
ਫਿਰ ਤੋਂ ਵਸਾਉਣ ਦਾ
ਤੇ ਸ਼ਾਇਦ ਇਸੇ ਲਈ
ਉਹ ਅੱਜ ਮੁਸਾਫ਼ਿਰ ਹੈ
ਅਨਜਾਣ ਰਾਹਾਂ ਤੇ ਫੁਟਪਾਥਾਂ ਦਾ।



**ਅਨੁ: ਅ.ਕ.**

## ਨਦੀ / ਦੀਪਾ ਕਾਂਡਪਾਲ



ਭਾਵਨਾਵਾਂ ਦੀ
ਇਕ ਨਦੀ
ਵਹਿੰਦੀ ਹੈ ਮੇਰੇ ਅੰਦਰ
ਕਦੇ ਸ਼ਾਂਤ
ਕਦੇ ਖੌਲਦੀ ਹੋਈ
ਪਾਰ ਕਰ ਜਾਂਦੀ ਹੈ
ਪਤਾ ਨੀ ਕਿੰਨੇ ਦਰਿਆ
ਕਦੇ ਕਦੇ
ਦੂਸ਼ਿਤ ਹੋ ਜਾਂਦੀ ਹੈ

ਇਹ ਨਦੀ ਵੀ
ਉਨ੍ਹਾਂ ਨਦੀਆਂ ਦੇ ਵਾਂਗ
ਜਿਨ੍ਹਾਂ ਵਿਚ
ਲੋਕ ਸੁੱਟ ਦਿੰਦੇ ਨੇ
ਕੂੜਾ ਤੇ ਇਸਦਾ
ਅਕਸ ਖਰਾਬ ਕਰ ਦਿੰਦੇ ਨੇ
ਠੀਕ ਉਵੇਂ ਹੀ ਹੁੰਦਾ ਹੈ
ਇਸ ਅੰਦਰਲੀ
ਨਦੀ ਦੇ ਨਾਲ ਵੀ
ਜਦੋਂ ਧੋਖਾ, ਫਰੇਬ,
ਝੂਠ, ਅਵਿਸ਼ਵਾਸ

ਰੂਪੀ ਗੰਦਗੀ ਇਸ ਵਿਚ
ਸੁੱਟ ਦਿੱਤੀ ਜਾਂਦੀ ਹੈ ਤਾਂ
ਇਕ ਖੌਰੂ ਪਾਉਂਦਾ ਹੜ੍ਹ
ਇਸਦਾ ਸੁੰਦਰ
ਸ਼ਾਂਤ ਰੂਪ
ਖਤਮ ਕਰ ਦਿੰਦਾ ਹੈ
ਤੇ ਇਹ ਨਦੀ ਆਪਣਾ ਰੂਪ
ਗੁਆਉਣ ਲੱਗਦੀ ਹੈ.....

## ਧੀਆਂ / ਕੁਲਜੀਤ ਕੌਰ ਪਟਿਆਲਾ

ਮੇਰੇ ਸੁਪਨੇ ਦੇ ਵਿੱਚ
ਆਇਆ ਇਕ ਫਕੀਰ,
ਮਨ ਵਿੱਚ ਉੱਠਿਆ ਇੱਕ ਸਵਾਲ
ਸੁਣਾ ਬੈਠੀ ਮੈਂ ਦਿਲ ਦਾ ਹਾਲ!

ਮੈਂ ਪੁੱਛਿਆ ਕੁੜੀਆਂ ਨੂੰ
ਚਿੜੀਆਂ ਕਿਉ ਨੇ ਆਖਦੇ?
ਫਿਰ ਕਿਉਂ ਨਹੀਂ ਚਹਿਕਦੀਆਂ?
ਕਿਉਂ ਨੇ ਮੰਦੜੇ ਹਾਲ?

ਉਸ ਆਖਿਆ ਰੱਬ ਨੇ,
ਉੱਡਣਾ ਲਿਖਿਆ ਵਿੱਚ ਤਕਦੀਰ।
ਮਾਂ ਪਿਓ ਪਾਲੀਆਂ ਪੋਸੀਆਂ,
ਪਰ ਸਮਝੀ ਨਾ ਜ਼ਗੀਰ,
ਰੱਖ ਨਾ ਕੋਈ ਸਕਿਆ,



ਨਾ ਰਾਜਾ ਨਾ ਵਜ਼ੀਰ ।
ਇਹ ਤਾਂ ਟਾਹਣੇ ਬਦਲਦੀਆਂ,
ਉੱਡ ਜਾਣਾ ਇੱਕ ਦਿਨ ਅਖੀਰ

ਪਰਦੇਸਾਂ ਵਿੱਚ ਭਾਵੇਂ ਵੱਸਦੀਆਂ,
ਹੁੰਦੀਆਂ ਨਾ ਦਿਲੋਂ ਦੂਰ
ਜਮੀਨਾਂ ਵੰਡਣ ਨਾ ਕਦੇ,
ਦੁੱਖ ਵੰਡਾਂਦੀਆਂ ਇਹ ਜਰੂਰ,
ਆਲ੍ਹਣਾ ਨੇ ਇਹ ਬਦਲਦੀਆ
ਰਹਿੰਦੀਆਂ ਵਿਚ ਮਸਰੂਰ ।

ਉਪਰੋਂ ਹੱਸਦੀਆਂ ਖੇਡਦੀਆਂ
ਦਿਲੋਂ ਹੁੰਦੀਆਂ ਇਹ ਗੰਭੀਰ,
ਕਈ ਰਿਸ਼ਤਿਆਂ ਨੂੰ ਰੱਖਦੀਆ
ਸਾਂਭ ਕੇ ਵਿੱਚ ਸਰੀਰ ।

ਉਡਣ ਦਿੱਉ ਤੁਸੀਂ ਇਹਨਾਂ ਨੂੰ

ਨਾ ਪਾਉ ਜੰਜੀਰ।
ਉੱਡਣਾ ਲਿਖਿਆ ਵਿੱਚ ਤਕਦੀਰ,
ਉੱਡਣਾ ਲਿਖਿਆ ਵਿੱਚ ਤਕਦੀਰ!!

## ਗੇਰੁਏ ਰੰਗੇ ਨਸੀਬ / ਛਿੰਦਰ ਕੌਰ

ਨਰਮ ਦਿਲ ਦੀਆਂ
ਨਰਮਾਈਆਂ
ਬਣੀਆਂ ਰਹਿਣਗੀਆਂ
ਮਾਰੂ ਉਪਦੇਸ਼ਾਂ ਦਾ
ਇੱਜੜ ਹੱਕਦੀਆਂ
ਚੁੰਨੀ ਨਾਲ ਘੜੀਸਦੀਆਂ
ਆ ਰਹੀਆਂ
ਪਿੱਤਰੀ ਗੰਢਾਂ ਨੂੰ
ਪੋਲਿਆਂ ਕਰਦੇ
ਬਿਨਾ ਕਿਸੇ ਭਵਿੱਖਬਾਣੀ ਤੋਂ
ਚਮਕ ਪੈਣਗੇ
ਗੇਰੁਏ ਰੰਗੇ ਨਸੀਬ
ਖੁਰਾ ਦੱਬਦੇ ਆ ਰਹੇ ਨੇ ਜੋ
ਇੱਕ ਸੰਮਤੋਂ ਅਲੂੜ ਵਰੇਸੋਂ
ਸੱਜਣਾਂ ਵੇ ਸੱਜਣਾਂ
ਚਹੁੰ ਦਿਸ਼ਾਈਂ ਖਿੱਲਰੇ
ਕੰਡੇ ਖੁੰਢੇ ਕਰਦੇ
ਜਾਂ ਫਿਰ ਸਾਨੂੰ
ਕੱਢ ਕੰਡਿਆਂ ਦੇ ਦੇਸੋਂ।



## ਤੇਰਾ ਸਿੰਘ ਚੰਨ : ਜੀਵਨ ਤੇ ਰਚਨਾ ਜਗਤ / ਰਮਨਦੀਪ ਕੌਰ

ਇਪਟਾ ਪੰਜਾਬ ਦੇ ਇਤਿਹਾਸ ਵਿਚ ਤੇਰਾ ਸਿੰਘ ਚੰਨ ਉਹ ਹਸਤੀ ਹੈ ਜੋ ਲੇਖਕ ਹੀ ਨਹੀਂ ਬਲਕਿ ਤੁਰਦੀ ਫਿਰਦੀ ਸੰਸਥਾ ਦੇ ਰੂਪ ਵਿਚ ਵਿਚਰਿਆ।ਪੰਜਾਬ ਦੇ ਰੰਗਮੰਚ ਵਿਚ ਲਾਮਿਸਾਲ ਯੋਗਦਾਨ ਪਾਉਣ ਵਾਲੇ ਤੇਰਾ ਸਿੰਘ ਚੰਨ ਦਾ ਜਨਮ ਮੇਲਾ ਸਿੰਘ ਦੇ ਘਰ ਮਾਤਾ ਜੀਵੀ ਦੇ ਕੁੱਖੋਂ 6 ਜਨਵਰੀ 1921 ਨੂੰ ਪਿੰਡ ਬਿਲਾਵਲ ਜਿਲ੍ਹਾ ਕੈਥਲਪੁਰ (ਪਾਕਿਸਤਾਨ) ਵਿਖੇ ਹੋਇਆ। ਪ੍ਰੋ: ਮੋਹਨ ਸਿੰਘ ਵੀ ਇਸੇ ਇਲਾਕੇ ਦੇ ਜੰਮਪਲ ਸਨ ' ਪੋਠੋਹਾਰੀ ਇਲਾਕਾ ਤੇ ਸੁਹਾਂ ਦਰਿਆ ਦਾ ਕਿਨਾਰਾ ਕਵੀ ਪੈਦਾ ਕਰਨ ਵਿਚ ਪ੍ਰਸਿੱਧ ਹੈ। ਇਨ੍ਹਾਂ ਵਿਚ ਕਵਿਤਾ ਦੇ ਬੀਜ ਜਮਾਂਦਰੂ ਸਨ '। (1) ਇਸ ਤਰ੍ਹਾਂ ਹਿੰਦੁਸਤਾਨ ਦੀ ਧਰਤੀ ਤੇ ਜਨਮੇ ਤੇਰਾ ਸਿੰਘ ਚੰਨ ਨੇ ਆਪਣੀ ਇਲਕਾਈ ਵਿਸ਼ੇਸਤਾ ਆਪਣੇ ਅਗਲੇਰੇ ਜੀਵਨ ਵਿਚ ਵਿਖਾਈ। ਕਰਮ ਸਿੰਘ ਵਕੀਲ ਨਾਲ ਗੱਲਬਾਤ ਕਰਦੇ ਹੋਏ ਤੇਰਾ ਸਿੰਘ ਚੰਨ ਆਪ ਦੱਸਦੇ ਹਨ ਕਿ ' ਮਾਤਾ ਜੀ ਤੇ ਪਿਤਾ ਜੀ ਪਹਿਲਾ ਚੂਹੜਕਾਣਾ ਪਿੰਡ ਨੇੜੇ ਸੱਚਾ ਸੌਦਾ ਗੁਰਦੁਆਰਾ ਜਿਲ੍ਹਾ ਸੇਖੂਪੁਰਾ ਚ ਰਹਿੰਦੇ ਸੀ। ਇਥੇ ਮੇਰੀ ਪੜ੍ਹਾਈ ਹੋਈ। ਉਹ ਪਿੰਡ ਚ ਭਾਂਡੇ ਵੇਚਦੇ ਸੀ। ( 2) ਤੇਰਾ ਸਿੰਘ ਚੰਨ ਚੂਹੜਕਾਣੇ ਪਿੰਡ ਵਿਚ ਤੇਜਾ ਸਿੰਘ ਚੂਹੜਕਾਣੇ ਤੋਂ ਪ੍ਰਭਾਵਿਤ ਹੋਏ ਤੇ ਦਿਲ ਵਿਚ ਦੇਸ਼ ਭਗਤੀ ਦੀ ਲਾਟ ਜਾਗੀ। ਇਸ ਤੋਂ ਬਾਅਦ ਉਹ ਆਪਣੀ ਭੂਆ ਭਗਵਤੀ ਜੀ ਕੋਲ ਅੰਮ੍ਰਿਤਸਰ ਆ ਗਏ ਇਥੇ ਹੀ ਉਨ੍ਹਾਂ ਨੇ ਗੁਰੂ ਰਾਮਦਾਸ ਸਕੂਲ ਤੋਂ ਦਸਵੀਂ ਅਤੇ ਗਿਆਨੀ ਪ੍ਰੀਖਿਆ ਨਿਹਾਲ ਸਿੰਘ ਰਸ ਦੇ ਕਾਲਜ ਤੋਂ ਪਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਹਿੰਦੂ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲਿਆ ਪਰੰਤੂ ਮਾਤਾ ਜੀ ਦੇ ਦੇਹਾਂਤ ਤੋਂ ਬਾਅਦ ਵਾਪਸ ਬਿਲਾਵਲ ਜਾਣਾ ਪਿਆ। ਮਾਤਾ ਜੀ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਦਾ ਵਿਆਹ ਬਸੰਤ ਕੌਰ ਨਾਲ ਕਰ ਦਿੱਤਾ। ਤੇਰਾ ਸਿੰਘ ਚੰਨ ਨੇ ਪਹਿਲੀ ਨੌਕਰੀ ਜਿਲ੍ਹਾ ਜੇਹਲਮ ਦੇ ਮੱਤਾ ਸਿੰਘ ਪਿੰਡ ਦੇ ਸਕੂਲ ਵਿਚ ਪੰਜਾਬੀ ਅਧਿਆਪਕ ਦੇ ਤੌਰ ਤੇ ਕੀਤੀ। ਇਸ ਤੋਂ ਬਾਅਦ ਉਸਨੇ ਕੋਇਟਾ ਬਲੋਚਿਸਤਾਨ ਵਿਚ ਇਕ ਫਰਨੀਚਰ ਦੀ ਦੁਕਾਨ ਤੇ ਕਲਰਕ ਦੀ ਨੌਕਰੀ ਕੀਤੀ। ਕੋਟਾ ਬਲੋਚਿਸਤਾਨ ਵਿਚ ਉਨ੍ਹਾਂ ਦਾ ਮੇਲ ਗੁਰਦਾਸ ਰਾਮ ਆਲਮ ਨਾਲ ਹੋਇਆ ਜੋ ਕਿ ਉਸ ਸਮੇਂ ਇਕ ਪ੍ਰਸਿੱਧ ਕਵੀ ਵਜੋਂ ਜਾਣਿਆ ਜਾਂਦਾ ਸੀ। ਗੁਰਦਾਸ ਰਾਮ ਆਲਮ ਨਾਲ ਮੇਲ ਤੋਂ ਬਾਅਦ ਤੇਰਾ ਸਿੰਘ ਚੰਨ ਵਿਚ ਵੀ ਕਵੀ ਅਤੇ ਰਾਜਸੀ ਚਿੰਤਕ ਦੇ ਗੁਣ ਜਵਾਨ ਹੋਣ ਲੱਗੇ ਤੇ ਉਸਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਉਹ ਰਾਵਲਪਿੰਡੀ ਵਿਚ ਇਕ ਕਵੀ ਵਜੋਂ ਪ੍ਰਵਾਨ ਚੜ੍ਹਿਆ ਅਤੇ ਉਸਨੇ ਅੰਗਰੇਜਾਂ ਦੇ ਵਿਰੁੱਧ ਅਨੇਕਾਂ ਨਜ਼ਮਾਂ ਤੇ ਗੀਤ ਲਿਖੇ।

ਕੀ ਬਹਾਰ ਆਈ ਕੀ ਬਸੰਤ ਆਈ,
ਜੇ ਨਾ ਲੈ ਕੇ ਗੁਲਾਮੀ ਦਾ ਅੰਤ ਆਈ,
ਚੂੜੇ ਵਾਲੀਆਂ ਸੱਜ ਵਿਆਹੀਆਂ ਦੇ
ਵਾਪਿਸ ਜੰਗ ' ਚੋ ਲੈ ਕੇ ਨਾ ਕੰਤ ਆਈ। (3)

ਤੇਰਾ ਸਿੰਘ ਚੰਨ ਰਾਵਲਪਿੰਡੀ ਵਿਚ ਕਾਮਰੇਡ ਪ੍ਰੋਫੈਸਰ ਅਵਤਾਰ ਸਿੰਘ ਮਲਹੋਤਰਾ ਨੂੰ ਪਾਰਟੀ ਦੇ ਅਖਵਾਰ ਵੰਡਦਾ ਦੇਖ ਕੇ ਪ੍ਰਭਾਵਿਤ ਹੋਇਆ ਅਤੇ ਉਹ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ। ਰਾਵਲਪਿੰਡੀ ਤੋਂ ਤੇਰਾ ਸਿੰਘ ਚੰਨ ਜੇਹਲਮ ਵਿਖੇ ਆ ਗਿਆ ਤੇ ਇਕ ਪੈਟਰੋਲ ਪੰਪ ਤੇ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਇਥੇ ਉਸਦਾ ਮੇਲ ਕਮਿਊਨਿਸਟ ਪਾਰਟੀ ਦੇ ਇਕ ਕਾਰਕੁੰਨ ਰਾਜਵੰਤ ਸਿੰਘ ਰਾਣਾ ਜੋ ਪਾਰਟੀ ਦਾ ਪਰਚਾ ਵੰਡਦਾ ਸੀ ਨਾਲ ਹੋਇਆ। ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਤੋਂ ਵਾਕਿਫ ਹੋ ਕੇ ਉਸਨੇ ਪਾਰਟੀ ਨੂੰ ਅਪਨਾ ਲਿਆ। ਤੇਰਾ ਸਿੰਘ ਚੰਨ ਜਲੰਧਰ ਰਹਿਣ ਲੱਗਾ ਪਿਆ, ਉੱਥੇ ਉਸਨੇ ਰੋਜੀ ਰੋਟੀ ਲਈ ਡੇਅਰੀ ਖੋਹਲੀ ਅਤੇ ਉਥੇ ਨਾਲ ਹੀ ਪਾਰਟੀ ਦਾ ਦਫਤਰ ਬਣਾਇਆ। ਇਸ ਤਰ੍ਹਾਂ ਤੇਰਾ ਸਿੰਘ ਚੰਨ ਕਮਿਊਨਿਸਟ ਵਿਚਾਰਧਾਰਾ ਨਾਲ ਲੈਸ ਹੋਣਾ ਸ਼ੁਰੂ ਹੋਇਆ ਅਤੇ ਉਸਨੇ ਆਪਣੀਆਂ ਗਤੀਵਿਧੀਆਂ ਹੋਰ ਤੇਜ਼ ਕਰ ਦਿੱਤੀਆਂ। ਪਰੰਤੂ ਨਾਲੋਂ ਨਾਲ ਉਹ ਘਰ ਗੁਜਾਰੇ ਲਈ ਕੁਝ ਕਮਾਉਣਾ ਚਾਹੁੰਦਾ ਸੀ। ਜਿਸ ਕਾਰਨ ਉਹ ਜਲੰਧਰ ਛੱਡ ਕੇ ਬਠਿੰਡੇ ਆ ਗਿਆ ਜਿਥੇ ਉਸਦੀ ਭੂਆ ਦੇ ਮੁੰਡੇ ਦਾ ਚੰਗਾ ਕਾਰੋਬਾਰ ਸੀ।ਬਠਿੰਡੇ ਰਹਿੰਦੇ ਹੋਏ ਅਮਨ ਕਾਨਫਰੰਸ ਦਾ ਸੁਨੇਹਾ ਪਾਰਟੀ ਵੱਲੋਂ ਮਿਲਿਆ। ਉਸ ਅਮਨ ਕਾਨਫਰੰਸ ਨੇ ਤੇਰਾ ਸਿੰਘ ਚੰਨ ਨੂੰ ਇਕ ਕਾਰਕੁੰਨ ਦੇ ਨਾਲ-ਨਾਲ ਇਕ ਰੰਗਕਰਮੀ ਵਜੋਂ ਉਤਹਾਸ਼ਿਤ ਕੀਤਾ।ਇਥੇ ਉਸਦਾ ਮੇਲ ਜਗਦੀਸ਼ ਫਰਿਆਦੀ, ਹੁਕਮ ਚੰਦ ਖਲੀਲੀ, ਜੋਗਿੰਦਰ ਬਾਹਰਲਾ ਅਤੇ ਲੋਕ ਗਾਇਕਾ ਸੁਰਿੰਦਰ ਕੌਰ ਨਾਲ ਹੋਇਆ ਅਤੇ ਇਹ ਮੇਲ ਪੰਜਾਬ ਵਿਚ ਇਪਟਾ ਲਹਿਰ ਲਈ ਮੀਲ ਪੱਥਰ ਸਾਬਿਤ ਹੋਇਆ।ਬਠਿੰਡੇ ਰਹਿੰਦੇ ਹੋਏ ਤੇਰਾ ਸਿੰਘ ਚੰਨ ਨੇ ਆਪਣਾ ਸਾਰਾ ਧਿਆਨ ਅਮਨ ਕਾਨਫਰੰਸ ਦੀ ਤਿਆਰੀ ਵੱਲ ਲਗਾ ਦਿੱਤਾ। ਉਥੇ ਤੇਰਾ ਸਿੰਘ ਚੰਨ ਦਾ ਮੇਲ ਰਾਮਲੀਲ੍ਹਾ ਦੇ ਬੜੇ ਹੀ ਪ੍ਰਪੱਕ ਕਲਾਕਾਰ ਜਗਦੀਸ਼ ਫਰਿਆਦੀ ਤੇ ਸੰਗੀਤ ਦੀਆਂ ਧੁਨਾਂ ਨਾਲ ਖੇਡਣ ਵਾਲੇ ਹੁਕਮ ਚੰਦ ਖਲੀਲੀ ਨਾਲ ਹੋਇਆ। ਤੇਰਾ ਸਿੰਘ ਚੰਨ ਇਕ ਸੁਲਝਿਆ ਹੋਇਆ ਕਮਿਊਨਿਸਟ ਸੀ ਅਤੇ ਉਸ ਨੇ ਇਨ੍ਹਾਂ ਦੋਨਾਂ ਰਾਮਲੀਲ੍ਹਾ ਦੇ ਕਲਾਕਾਰਾਂ ਨਾਲ ਮੁਲਾਕਾਤ ਤੋਂ ਬਾਅਦ ਚੰਗੇ ਸਮਾਜ ਦੀ ਹੋਂਦ ਲਈ ਚੱਲ ਰਹੀ ਜੱਦੋ ਜਹਿਦ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਉਨ੍ਹਾਂ ਨੇ ਅਮਨ ਲਹਿਰ ਦਾ ਸੱਦਾ ਕਬੂਲਿਆ ਤੇ ਅਮਨ ਕਾਨਫਰੰਸ ਲਈ ਤੇਰਾ ਸਿੰਘ ਚੰਨ ਨਾਲ ਜੁੜ ਗਏ। ਪੰਜਾਬੀ ਦੀ ਸੁਪ੍ਰਸਿੱਧ ਲੋਕ ਗਾਇਕਾ ਸੁਰਿੰਦਰ ਕੌਰ ਵੀ ਉਥੇ ਆ ਗਈ। ਜ਼ੋਗਿੰਦਰ ਬਾਹਰਲੇ ਨੂੰ ਵੀ ਤੇਰਾ ਸਿੰਘ ਚੰਨ ਨੇ ਬਠਿੰਡੇ ਬੁਲਾ

ਲਿਆ। ਇਸ ਕਾਨਫਰੰਸ ਵਿਚ ਜਗਦੀਸ਼ ਫਰਿਆਦੀ ਦਾ ਨਾਟਕ ' ਘੁੱਗੀ ਦੇ ਖੰਭਾਂ ਹੇਠ ' ਅਤੇ ਤੇਰਾ ਸਿੰਘ ਚੰਨ ਦਾ ' ਲੱਕੜ ਦੀ ਲੱਤ ' ਖੇਡਿਆ ਗਿਆ। ਇਸ ਮੌਕੇ ਨੇ ਇਨ੍ਹਾਂ ਕਲਾਕਾਰਾਂ ਵਿਚ ਇਕ ਨਵਾਂ ਜੋਸ਼ ਜਗਾਇਆ ਕਿ ਪੰਜਾਬ ਵਿਚ ਰੰਗਮੰਚ ਦੀ ਲਹਿਰ ਤੁਰ ਪਈ। ਭਾਵੇਂ ਕਿ ਤੇਰਾ ਸਿੰਘ ਚੰਨ ਤੋਂ ਪਹਿਲਾਂ ਵੀ ਕਾਫੀ ਨਾਟਕਕਾਰ ਪੰਜਾਬੀ ਨਾਟਕ ਲਈ ਸਰਗਰਮ ਸਨ ਪਰ ਜੋ ਰੰਗਮੰਚ ਇਪਟਾ ਅਧੀਨ ਪੰਜਾਬ ਦੀ ਧਰਤੀ ਰਚਿਆ ਗਿਆ ਉਹ ਲਾਸਾਨੀ ਸੀ।

ਤੇਰਾ ਸਿੰਘ ਚੰਨ ਪੰਜਾਬ ਵਿਚ ਇਪਟਾ ਦੇ ਮੋਢੀ ਵਜੋਂ ਚਰਚਿਤ ਹੋਏ ਹਨ। ਉਨ੍ਹਾਂ ਨੇ ਪੰਜਾਬ ਵਿਚ ਇਪਟਾ ਦੇ ਜਥੇਬੰਦ ਕਰਨ ਤੋਂ ਲੈ ਕੇ ਇਸ ਦੇ ਵਿਕਾਸ ਵਿਚ ਪ੍ਰਭਾਵੀ ਰੋਲ ਨਿਭਾਇਆ ਹੈ। ਪੰਜਾਬ ਆਰਟ ਥੀਏਟਰ ਦੀਆਂ ਸਰਗਰਮੀਆਂ ਨੂੰ ਇਪਟਾ ਨਾਲ ਜੋੜ ਕੇ ਇਸ ਥੀਏਟਰ ਦੇ ਵਿਸਥਾਰ ਵਿਚ ਅਹਿਮ ਭੂਮਿਕਾ ਨਿਭਾਈ। ਉਹ ਕੁਲ ਹਿੰਦ ਇਪਟਾ ਦੇ ਮੈਂਬਰ ਅਤੇ ਉਪ ਪ੍ਰਧਾਨ ਵੀ ਰਹੇ।ਇਸ ਤੋਂ ਇਲਾਵਾ ਕੁਲ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ ਦੇ ਪਹਿਲਾ ਮੈਂਬਰ, ਫੇਰ ਸਕੱਤਰ ਅਤੇ ਇਸ ਤੋਂ ਬਾਅਦ ਉਪ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਇਨ੍ਹਾਂ ਸਭਾਵਾਂ ਵਿਚ ਆਪਣਾ ਵਿਸ਼ੇਸ ਯੋਗਦਾਨ ਪਾਇਆ ਤੇ ਸਭਾਵਾਂ ਵਿਚ ਉਚ ਦਰਜੇ ਤੇ ਪਹੁੰਚ ਕੇ ਇਨ੍ਹਾਂ ਦੇ ਕਾਰਜ ਨੂੰ ਹੋਰ ਤੀਬਰਤਾ ਨਾਲ ਅੱਗੇ ਤੋਰਿਆ। ਤੇਰਾ ਸਿੰਘ ਚੰਨ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ 1956 ਦੇ ਨੇੜੇ ਜੁੜਿਆ। ਉਹ ਸਾਹਿਤ ਰਚੇਤਾਵਾਂ ਨੂੰ ਸਮਾਜ ਵਿਚ ਚੱਲ ਰਹੀ ਹੱਕਾਂ ਦੀ ਆਵਾਜ਼ ਦੇ ਸਨਮੁਖ ਕਰਨ ਦੇ ਯਤਨਾਂ ਵਿਚ ਰਿਹਾ। ਇਸ ਮਹਾਨ ਕਾਰਜ ਲਈ ਹੀ ਉਹ ਇਪਟਾ ਨਾਲ ਜੁੜਿਆ, ਪੰਜਾਬ ਆਰਟ ਥੀਏਟਰ ਵਿਚ ਕੰਮ ਕੀਤਾ ਅਤੇ ਫਿਰ ਹੋਰ ਸਾਹਿਤ ਸਭਾਵਾਂ ਵਿਚ ਜਿੰਮੇਵਾਰੀ ਵਾਲਾ ਰੋਲ ਨਿਭਾਇਆ। ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਜੁੜਨ ਅਤੇ ਆਪਣੀਆਂ ਜਿੰਮੇਵਾਰੀਆਂ ਵਾਲੇ ਰੋਲ ਬਾਰੇ ਤੇਰਾ ਸਿੰਘ ਚੰਨ ਇਸ ਤਰ੍ਹਾਂ ਦਸਦੇ ਹਨ:

ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ 1956 ਦੇ ਨੇੜੇ ਜੁੜਿਆ। ਫਿਰ 1956 ਤੋਂ 1963 ਤੱਕ ਇਸ ਦਾ ਦਫਤਰ ਸਕੱਤਰ ਰਿਹਾ। ਫਿਰ ਚੋਣਾਂ ਜਿੱਤ ਕੇ 1983 ਤੋਂ 1985 ਤੱਕ ਦੇ 1985 ਤੋਂ 1987 ਤੱਕ ਇਸ ਦੇ ਜਨਰਲ ਸਕੱਤਰ ਦੇ ਤੌਰ ਤੇ ਕੰਮ ਕਰਦਾ ਰਿਹਾ।(4)

ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ ਦਿਵਾਉਣ ਲਈ ਅਤੇ ਰਾਜ ਭਾਸ਼ਾ ਐਕਟ 1967 ਨੂੰ ਸਜਾ ਦੀ ਧਾਰਾ ਵਿਚ ਸ਼ਾਮਲ ਕਰਵਾਉਣ ਲਈ 1993 ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਮੋਰਚਾ ਲਗਾਇਆ ਗਿਆ। ਇਸ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਜੋ ਅਧਿਕਾਰੀ ਪੰਜਾਬੀ ਭਾਸ਼ਾ ਲਾਗੂ ਨਹੀਂ ਕਰਦਾ ਉਸਨੂੰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਵੱਲੋਂ ਸ਼ੁਰੂ ਕੀਤੀ ਇਹ ਲੜਾਈ ਹਾਲੇ ਵੀ ਜ਼ੋਰ ਅਜਮਾਇਸ਼ ਕਰ ਰਹੀ ਹੈ। ਨਿੱਜੀ ਸਕੂਲ ਪੱਧਰਾਂ ਤੇ ਪੰਜਾਬੀ ਦਾ ਹੋ ਰਿਹਾ ਘਾਣ ਤੇ ਪੰਜਾਬੀ ਪ੍ਰਤੀ ਬੱਚਿਆਂ ਵਿਚ ਪੈਦਾ ਕੀਤੀ ਜਾ ਰਹੀ ਬੇਲਾਗਤਾ ਅਤੇ ਸਾਮਰਾਜੀ ਭਾਸ਼ਾ ਦਾ ਗਲਬਾ ਦਿਨੋ ਵਧਦਾ ਜਾ ਰਿਹਾ ਹੈ। ਉਸ ਮੋਰਚੇ ਵਿਚ ਤੇਰਾ ਸਿੰਘ ਚੰਨ ਨੇ ਗ੍ਰਿਫਤਾਰੀ ਵੀ ਦਿੱਤੀ। ਉਸ ਦੀ ਯਾਦ ਉਹ ਇਸ ਤਰ੍ਹਾਂ ਸਾਂਝੀ ਕਰਦੇ ਹਨ:-

ਉਸ ਸਮੇਂ 16-03-1993 ਨੂੰ ਮੈਂ ਡਾ. ਦੀਪਕ ਮਨਮੋਹਨ, ਪ੍ਰੋ. ਕਿਰਪਾਲ ਸਿੰਘ, ਪ੍ਰੋ. ਸੁਜਾਨ ਸਿੰਘ, ਡਾ. ਹਰਚਰਨ ਸਿੰਘ, ਸੰਤੋਖ ਸਿੰਘ ਧੀਰ, ਹਰਭਜਨ ਸਿੰਘ ਹੁੰਦਲ, ਡਾ. ਐੱਸ. ਤਰਸੇਮ ਤੇ ਡਾ. ਸਵੈਰਾਜ ਸੰਧੂ ਨੇ ਹੋਰਨਾਂ ਲਈ ਗ੍ਰਿਫਤਾਰੀ ਦਿੱਤੀ। ਜਿਸ ਤੋਂ ਬਾਅਦ 08-06-1993 ਨੂੰ ਸਿੱਖਿਆ ਮੰਤਰੀ ਹਰਨਾਮ ਦਾਸ ਜੋਹਰ ਨੇ ਛੇਤੀ ਆਰਡੀਨੈਂਸ ਜਾਰੀ ਕਰਨ ਦਾ ਵਾਅਦਾ ਕੀਤਾ ਤੇ ਅਸੀਂ 16-03-1993 ਨੂੰ ਮੁੱਖ ਮੰਤਰੀ ਪੰਜਾਬ ਨੂੰ ਵੀ ਮਿਲੇ।(5)

ਤੇਰਾ ਸਿੰਘ ਚੰਨ ਸਾਹਿਤਕ ਜਥੇਬੰਦੀਆਂ ਬਾਰੇ ਬੜੀ ਸਪਸ਼ਟ ਰਾਏ ਰੱਖਦੇ ਹਨ। ਸਾਹਿਤ ਸਭਾਵਾਂ ਲੇਖਕਾਂ ਲਈ ਇਕ ਪਲੇਟਫਾਰਮ ਪ੍ਰਦਾਨ ਕਰਦੀਆਂ ਹਨ ਜਿਥੇ ਉਹ ਇਕ ਸਮੂਹ ਵਿਚ ਸ਼ਾਮਲ ਹੋ ਕੇ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਆਜ਼ਾਦੀ ਨਾਲ ਕਰ ਸਕਦੇ ਹਨ। ਸਾਹਿਤ ਸਭਾਵਾਂ ਜਾਂ ਜਥੇਬੰਦੀਆਂ ਸਮਾਜ ਵਿਚ ਚੱਲ ਰਹੇ ਰੁਝਾਨ ਨੂੰ ਪਰਖ ਕੇ ਆਪਣੇ ਪ੍ਰਭਾਵ ਹੇਠ ਆ ਰਹੇ ਲੇਖਕਾਂ ਨੂੰ ਸਮਾਜ ਦੇ ਸਰੋਕਾਰਾਂ ਨਾਲ ਸੰਬੰਧਿਤ ਸਾਹਿਤ ਸਿਰਜਣ ਵਿਚ ਸਹਾਇਤਾ ਕਰਦੀਆਂ ਹਨ। ਤੇਰਾ ਸਿੰਘ ਚੰਨ ਨੂੰ ਜਨ ਮਾਨਸ ਵਲੋਂ ਪਸੰਦ ਕੀਤਾ ਅਤੇ ਉਨ੍ਹਾਂ ਨੂੰ ਕਾਫੀ ਇਨਾਮ-ਸਨਮਾਨ ਵੀ ਮਿਲੇ। ਪੰਜਾਬ ਸਾਹਿਤ ਅਕਾਦਮੀ ਦਾ ਸਨਮਾਨ, ਪ੍ਰਗਤੀਸ਼ੀਲ ਲੇਖਕ ਸੰਘ ਦੀ ਗੋਲਡਨ ਜੁਬਲੀ ਦੇ ਮੌਕੇ ਲਖਨਊ ਵਿਖੇ ਸਨਮਾਨਿਤ, ਸਫਦਰ ਹਾਸ਼ਮੀ ਪੁਰਸਕਾਰ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ 1993 ਵਿਚ ਸਨਮਾਨ ਅਤੇ ਹੋਰ ਕਈ ਮੌਕਿਆਂ ਤੇ ਵੱਖ-ਵੱਖ ਲੇਖਕ ਸਭਾਵਾਂ ਦੁਆਰਾ ਸਨਮਾਨ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਕਈ ਸਾਹਿਤਕ ਕਾਰਜਾਂ ਵਿਚ ਅਗਵਾਈ ਕੀਤੀ। ਰੰਗਮੰਚ ਦੇ ਇਸ ਮਹਾਨ ਯੋਧੇ ਨੇ 9 ਜੁਲਾਈ, 2009 ਨੂੰ ਆਖਰੀ ਸਵਾਸ ਲੈ ਕੇ ਇਸ ਸੰਸਾਰ ਨੂੰ ਅਲਵਿਦਾ ਆਖੀ।

ਸਾਹਿਤਕ ਦੇਣ

ਇਕ ਸਾਹਿਤਕ ਅਤੇ ਸਭਿਆਚਾਰਕ ਕਾਮੇ ਵਜੋਂ ਜੁਟੇ ਰਹਿਣ ਕਾਰਣ ਤੇਰਾ ਸਿੰਘ ਚੰਨ ਕਵੀ ਹੋਣ ਦੇ ਨਾਲ ਨਾਲ ਨਾਟਕਕਾਰ ਵਜੋਂ ਵੀ ਪ੍ਰਵਾਨ ਹੋਇਆ। ਉਹ ਕਮਿਊਨਿਸਟ ਲਹਿਰ ਦਾ ਇਕ ਸੁਲਝਿਆ ਹੋਇਆ ਕਾਰਕੁੰਨ ਸੀ। ਜਦੋਂ ਉਸਨੂੰ ਲੱਗਾ ਕਿ ਕਵਿਤਾਵਾਂ ਦੀ ਜਗ੍ਹਾ ਤੇ ਰੰਗਮੰਚ ਰਾਹੀਂ ਅਸਲ ਗੱਲ ਲੋਕਾਂ ਤੱਕ ਪਹੁੰਚਾਉਣੀ ਹੈ ਤਾਂ ਉਸਨੇ ਉਪੇਰਿਆਂ ਦੀ ਰਚਨਾ ਸ਼ੁਰੂ ਕੀਤੀ, ਉਹਨਾਂ ਦੀ ਸਮੁੱਚੀ ਰਚਨਾ ਮਾਰਕਸਵਾਦੀ ਦ੍ਰਿਸ਼ਟੀ ਤੋਂ ਪ੍ਰਭਾਵਿਤ ਰਹੀ ਹੈ। ਉਹ ਆਪ ਦਸਦੇ ਹਨ ਕਿ: '

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਕਮਿਊਨਿਸਟ ਲਹਿਰ ਨੇ ਮੈਨੂੰ ਮਾਰਕਸਵਾਦ ਬਾਰੇ ਨਾਟਕੀ ਸੂਝ ਪ੍ਰਦਾਨ ਕੀਤੀ। ਮਾਰਕਸਵਾਦ ਨੇ ਮੈਨੂੰ ਪੰਜਾਬੀ ਸਭਿਆਚਾਰ ਨੂੰ ਸਹੀ ਸੇਧ ਪ੍ਰਫੁੱਲਤ ਕਰਨ ਵੱਲ ਪ੍ਰੇਰਿਆ ਕਿਉਂਕਿ ਜੋ ਮੇਰੀ ਇਹ ਸਮਝ ਹੈ ਕਿ ਪੰਜਾਬੀ ਵਿਚ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਸਹੀ ਵਿਕਾਸ ਬਾਰੇ ਲਗਨ ਕਮਿਊਨਿਸਟਾਂ ਤੋਂ ਬਿਨ੍ਹਾਂ ਹੋਰ ਰਾਜਸੀ ਪਾਰਟੀਆਂ ਵਿਚੋਂ ਬਹੁਤ ਘੱਟ ਹੈ '। (6)

ਤੇਰਾ ਸਿੰਘ ਚੰਨ 1967 ਵਿਚ ਦਿੱਲੀ ਜਾ ਕੇ ਸੋਵੀਅਤ ਦੂਤਾਵਾਸ ਦੀ ਨੌਕਰੀ ਕਰਨ ਲੱਗ ਪਏ। ਉਥੇ ਜਾ ਕੇ ਉਨ੍ਹਾਂ ਨੇ ਅਨੁਵਾਦ ਦਾ ਕੰਮ ਸ਼ੁਰੂ ਕੀਤਾ ਤਾਂ ਕਿ ਪਰਿਵਾਰ ਚਲਾਉਣ ਲਈ ਕਮਾਈ ਕੀਤੀ ਜਾ ਸਕੇ। ਇਥੇ ਉਨ੍ਹਾਂ ਨੇ ਸੋਵੀਅਤ ਸੰਘ ਅਤੇ ਮਾਰਕਸਵਾਦੀ ਵਿਚਾਰਧਾਰਾ ਦਾ ਕਾਫੀ ਸਾਰਾ ਸਹਿਤ ਪੰਜਾਬੀ ਵਿਚ ਅਨੁਵਾਦ ਕੀਤਾ। ਲੈਨਿਨ ਦੀ ਜੀਵਨੀ ਸੰਬੰਧੀ ਉਨ੍ਹਾਂ ਨੇ ਪੁਸਤਕਾਂ ਨੂੰ ਅਨੁਵਾਦ ਕਰਕੇ ਛਪਵਾਇਆ। ਉਨ੍ਹਾਂ ਦਾ ਇਹ ਯੋਗਦਾਨ ਭਾਰਤ ਦੀ ਇਕਨਲਾਬੀ ਧਿਰਾਂ ਨੂੰ ਪ੍ਰਫੁੱਲਤ ਕਰਨ ਤੇ ਬੌਧਿਕ ਵਿਕਾਸ ਲਈ ਲਾਹੇਵੰਦ ਸਾਬਿਤ ਹੋਇਆ।

**ਹਵਾਲੇ ਤੇ ਟਿੱਪਣੀਆਂ**


1. ਰਾਜਵੰਤ ਕੌਰ ਮਾਨ, ' ਤੇਰਾ ਸਿੰਘ ਚੰਨ ', ਕੇਵਲ ਧਾਲੀਵਾਲ (ਸੰਪਾ.), ਇਪਟਾ ਲਹਿਰ ਦੀ ਪੰਜਾਬ ਵਿਚ ਦਸਤਕ, ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ, 2015, ਪੰਨਾ 95

2 ਕਰਮ ਸਿੰਘ ਵਕੀਲ, ' ਰੰਗਕਰਮੀ ਯੋਧਾ ਤੇਰਾ ਸਿੰਘ ਚੰਨ ' , ਸ਼ਬਦ ਬੂੰਦ ( ਵਿਸਾਖੀ ਵਿਸ਼ੇਸ਼ ਅੰਕ), ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ( ਹਰਿਆਣਾ), ਅਪ੍ਰੈਲ-ਜੂਨ-2002, ਪੰਨਾ 120

3 ਡਾ. ਆਤਮਜੀਤ ਸਿੰਘ, ' ਭੂਮਿਕਾ ', ਕਾਗ ਸਮੇਂ ਦਾ ਬੋਲਿਆ, ਬਲਰਾਜ ਸਾਹਨੀ ਪ੍ਰਕਾਸ਼ਨ, ਚੰਡੀਗੜ੍ਹ, 1995, ਪੰਨਾ 105

4. ਕਰਮ ਸਿੰਘ ਵਕੀਲ, ' ਰੰਗਕਰਮੀ ਯੋਧਾ ਤੇਰਾ ਸਿੰਘ ਚੰਨ ' , ਸ਼ਬਦ ਬੂੰਦ ( ਵਿਸਾਖੀ ਵਿਸ਼ੇਸ਼ ਅੰਕ), ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ (ਹਰਿਆਣਾ), ਅਪ੍ਰੈਲ-ਜੂਨ-2002, ਪੰਨਾ 121

5. ਉਹੀ, ਪੰਨਾ 126

6. ਡਾ. ਸਤੀਸ਼ ਕੁਮਾਰ ਵਰਮਾ, ਨਾਟਕਕਾਰਾਂ ਨਾਲ ਸੰਵਾਦ, ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ, 1997 , ਪੰਨਾ 96-97



**ਰਿਚਰਚ ਸਕਾਲਰ,**
**ਪੰਜਾਬੀ ਵਿਭਾਗ, ਪੰਜਾਬ**
**ਯੂਨੀਵਰਸਿਟੀ, ਚੰਡੀਗੜ੍ਹ**


## ਨਵੇਂ ਜਮਾਨੇ ਦਾ ਪਿਆਰ / ਡਾ. ਮਧੂ ਸ਼ਰਮਾ ਕਾਤਿਆਇਨੀ



ਵਕਤ ਦੇ ਨਾਲ ਬਦਲ ਗਈ
ਪਿਆਰ ਦੀ ਵੀ ਪਰਿਭਾਸ਼ਾ
ਤੇ ਭਾਸ਼ਾ
ਹੁਣ ਇੱਕ ਨਾਲ ਨਹੀਂ
ਅਨੇਕ ਨਾਲ ਹੁੰਦਾ ਹੈ ਪਿਆਰ
ਜਿਵੇਂ ਹੀ
ਇਕ ਠੁਕਰਾਉਂਦਾ ਹੈ
ਦੂਜਾ ਜੀਵਨ ਵਿਚ
ਆ ਜਾਂਦਾ ਹੈ
ਪੰਜਾਹ ਆਪਸ਼ਨ
ਸਾਈਡ ਤੇ ਪਏ ਰਹਿੰਦੇ ਨੇ
ਹੁਣ ਤਲਾਸ਼ਣਾ ਨਹੀਂ ਪੈਂਦਾ
ਸੜਕਾਂ ਤੇ
ਗੁਆਂਢ ਵਿਚ, ਆਸੇ ਪਾਸੇ
ਜਾਂ ਵਿਆਹ ਸ਼ਾਦੀ ਵਿਚ ਪ੍ਰੇਮੀ
ਜਾਂ ਪ੍ਰੇਮਿਕਾ ਨੂੰ
ਮੈਸੇਂਜਰ ਦੇ ਇਨਬੌਕਸ
ਪਿਆਰ-ਸੁਨੇਹਿਆਂ
ਨਾਲ ਭਰੇ ਰਹਿੰਦੇ ਨੇ
ਇਕ ਨੇ ਬਲਾਕ ਕੀਤਾ ਤਾਂ
ਦੂਜੇ ਨੂੰ ਅਨਲਾਕ ਕੀਤਾ
ਬਸ ਟਾਈਮ ਪਾਸ ਕਰਨ ਦਾ
ਵਧੀਆ ਤਰੀਕਾ ਹੈ
ਪਿਆਰ ਮੁਹੱਬਤ
ਕਿਸ ਨੂੰ ਚਾਹੀਦੀ
ਉਹ ਤਾਂ ਸਿਰਫ਼ ਧੋਖਾ ਹੈ
ਉਹ ਤਾਂ ਸਿਰਫ਼ ਧੋਖਾ ਹੈ।

## ਖਾਲੀ ਹੋ ਜਾਏਗਾ ਆਕਾਸ਼ / ਭੁਪਿੰਦਰ ਬਿਸ਼ਟ



ਕਿੰਨਾ ਖਾਲੀ ਹੋ ਜਾਏਗਾ ਆਕਾਸ਼
ਜਦੋਂ ਸੂਰਜ ਡਿੱਗ ਪਵੇਗਾ
ਕਿਸੇ ਹਨ੍ਹੇਰੇ ਖੂਹ ਵਿਚ
ਅਤੇ ਪਹੁੰਚਾ ਦੇਣਗੀਆਂ ਕਿਨਾਰਿਆਂ ਤੇ
ਸਾਰੇ ਤਾਰਿਆਂ ਨੂੰ ਸਮੁੰਦਰ ਦੀਆਂ ਲਹਿਰਾਂ
ਚੰਦ ਸਮੇਤ
ਅਜਿਹੇ ਵਿਚ ਕੀ ਮਾਇਨੇ ਰੱਖਦਾ ਹੈ
ਜ਼ਿਕਰ ਰੇਤ ਹੋ ਗਈ ਚਾਂਦਨੀ ਦਾ
ਜਾਂ ਫਿਰ ਮਾਹੌਲ ਸ਼ੇਰ ਦੀ ਖਾਲੀ ਗੁਫ਼ਾ ਦਾ
ਸਮੇਂ ਦੀ ਪ੍ਰਕਿਰਿਆ ਦਾ ਅਗਲਾ ਪੜਾਅ
ਤਬਦੀਲੀ ਹੀ ਹੈ ਜਦੋਂ
ਤਾਂ ਕੀ ਜ਼ਰੂਰਤ ਹੈ ਦਿਨ, ਰਾਤ ਹੋਣ ਦੀ
ਤੇ ਕਿਉਂ ਅੰਤਰ ਧਰਤੀ ਆਕਾਸ਼ ਵਿਚ
ਬਰਫ਼ ਦੀਆਂ ਸਿੱਲਾਂ ਦੇ ਵਿਚਾਲੇ
ਅੱਗ ਦਾ ਗੋਲਾ ਦੱਬ ਕੇ ਹਵਾ ਵਿਚ ਉਛਾਲ ਦੇਣਾ
ਕੀ ਵਿਅਰਥ ਨਹੀਂ ?
ਤੇ ਇਸ ਗੱਲ ਦਾ ਵੀ ਕੀ ਅਰਥ ਕਿ
ਗਰਮ ਕੋਟ ਪਾ ਕੇ
ਅਸੀਂ ਦੇਖਣ ਲੱਗੀਏ
ਝਰਨੇ ਦਾ ਨਦੀ ਬਣ ਜਾਣਾ
ਇਹ ਗੱਲ ਦੂਸਰੀ ਹੈ ਕਿ
ਮਨ ਵਿਚ ਪਾਲੇ ਹੋਏ ਖਰਗੋਸ਼
ਭੱਜ ਨਾ ਜਾਣ ਕਿਤੇ
ਇਸ ਲਈ ਆਦਮ-ਜ਼ਹਿਨ ਵਿਚ
ਝਾੜੀਆਂ ਉੱਗਦੀਆਂ ਰਹਿਣ
ਹਾਲਾਂਕਿ ਸਾਰੇ ਜਾਣਦੇ ਨੇ
ਕਿ ਸੂਈ ਦੀ ਨੋਕ ਵੀ ਘਸ ਜਾਂਦੀ ਹੈ
ਰੂੰ ਨੂੰ ਸਿਉਂਦੇ ਸਿਉਂਦੇ...........

## ਸੁਧਾਰ / ਨਰੇਸ਼ ਅੱਗਰਵਾਲ

ਮੈਂ ਪੁਰਾਣੀਆਂ ਯਾਦਾਂ ਦੇ ਸਹਾਰੇ
ਇਕ ਛੋਟਾ ਜਿਹਾ
ਬੱਚਾ ਬਣ ਜਾਂਦਾ ਹਾਂ
ਕੰਮ ਤੇ ਗਏ ਪਿਤਾ ਦੀ
ਰਾਹ ਤੱਕਦਾ
ਉਨ੍ਹਾਂ ਦੇ ਖਾਲੀ ਟਿਫ਼ਿਨ ਵਿਚ
ਦੋ ਚਾਰ ਚਾਕਲੇਟ ਦੀ
ਆਸ ਰੱਖਦਾ ਹਾਂ
ਏਨੇ ਕੁ ਤਾਂ ਉਹ ਜ਼ਰੂਰ ਲਿਆਉਣਗੇ
ਉਸਦੀ ਉਡੀਕ ਕਰਦਾ ਹਾਂ
ਦਰਵਾਜ਼ੇ ਤੇ ਆਉਂਦੇ ਹੀ
ਟਿਫ਼ਿਨ ਖੋਹ ਲੈਂਦਾ ਹਾਂ
ਚੇਹਰੇ ਵੱਲ ਦੇਖਦਾ ਵੀ ਨਹੀਂ
ਖੋਲ੍ਹਦਾ ਹਾਂ ਪਿਆਰ ਨਾਲ
ਤਿੰਨੋਂ ਡੱਬੇ
ਤਿੰਨਾਂ ਵਿਚ ਕੁਝ ਨਹੀਂ
ਕੋਲ ਖੜ੍ਹਾ ਪਿਤਾ ਮੁਸਕਰਾਉਂਦਾ
ਜੇਬ ਵਿਚੋਂ ਕਢਦਾ ਹੈ ਕੁਝ ਟੌਫੀਆਂ
ਦਿੰਦਾ ਹੈ ਪਿਆਰ ਨਾਲ

ਹੁਣ ਮੇਰੀ ਆਦਤ ਵਿਚ ਸੁਧਾਰ ਹੈ
ਮੁੜਦੇ ਹੋਏ ਟਿਫ਼ਿਨ ਨਹੀਂ
ਦੇਖਦਾ ਹਾਂ
ਪਿਆਰ ਨਾਲ
ਉਨ੍ਹਾਂ ਦਾ ਚੇਹਰਾ।



## ਦੋ ਕਵਿਤਾਵਾਂ / ਜੋਗਿੰਦਰ ਨੂਰਮੀਤ



### ਤੇਰੇ ਨੈਣਾਂ ਦੀ ਵਿਆਕਰਣ

ਤੇਰੇ ਨੈਣ..
ਸਜੀਵ ਹਨ
ਕਿਸੇ ਭਾਸ਼ਾ ਵਰਗੇ,
ਲਿੱਪੀ, ਸ਼ਬਦ ਤੇ ਵਾਕ ਬਿਨਾਂ ਹੀ
ਕਰਦੇ ਹਨ ਸੰਵਾਦ।

ਤੇਰੇ ਨੈਣ..
ਕਦੇ ਪ੍ਰਸ਼ਨ ਚਿੰਨ੍ਹ ਜਿਹੇ
ਖਲੋ ਜਾਂਦੇ ਹਨ ਸਾਹਮਣੇ,
ਤੇ ਕਦੇ-ਕਦੇ
ਦੁਬਿੰਦੀ ਵਾਂਗ ਲੱਗ
ਹਰ ਗੱਲ ਕਰ ਦਿੰਦੇ ਸਾਫ਼।

ਤੇਰੇ ਨੈਣ..
ਕਦੇ ਕਿਸੇ ਕਾਮੇ ਜਿਹੇ
ਇੱਕ ਵਾਰ 'ਚ ਹੀ
ਕਰ ਜਾਂਦੇ ਹਨ ਬਹੁਤੀਆਂ ਗੱਲਾਂ,
ਤੇ ਕਦੇ-ਕਦੇ
ਮੁਕਾ ਦਿੰਦੇ ਹਨ
ਡੰਡੀ ਵਾਂਗ ਲੱਗ
ਸਾਰੀ ਬਾਤ।

ਤੇਰੇ ਨੈਣ..
ਕਦੇ ਵਿਸਮਕ ਚਿੰਨ੍ਹ ਹੋ
ਪਾਉਂਦੇ ਹਨ ਸਾਂਝ ਅਹਿਸਾਸਾਂ ਦੀ,
ਤੇ ਕਦੇ-ਕਦੇ
ਪੁੱਠੇ ਕਾਮੇ ਦੀ ਤਰ੍ਹਾਂ ਲੱਗ
ਹੋ ਜਾਂਦੇ ਹਨ ਖ਼ਾਸ।

ਤੇਰੇ ਨੈਣ..
ਕਦੇ ਇੱਕ ਦਾ ਪਿੱਛਾ ਕਰਦੇ
ਕਈ ਬਿੰਦੂਆਂ ਦੀ ਤਰ੍ਹਾਂ
ਅਧੂਰੀ ਗੱਲ ਕਹਿ
ਚੁੱਪ ਹੋ ਜਾਂਦੇ ਨੇ,
ਤੇ ਕਦੇ-ਕਦੇ
ਖੁਦ ਜਾਣਦੇ ਹੋਏ
ਹਰ ਉੱਤਰ
ਪਾਉਂਦੇ ਹਨ ਬੁਝਾਰਤ
ਕਿਸੇ ਖਾਲੀ ਥਾਂ ਵਾਂਗ।

ਤੇਰੇ ਨੈਣ..
ਤੂੰ ਤੇ ਮੈਂ ਨੂੰ,
ਤੈਨੂੰ-ਮੈਨੂੰ
ਜੋੜਨੀ ਬਣ ਜੋੜਦੇ ਹਨ।

ਤੇਰੇ ਨੈਣਾਂ ਦੀ ਭਾਸ਼ਾ
ਹਰ ਮਨੁੱਖੀ ਜ਼ੁਬਾਨ ਨਾਲੋਂ
ਹੈ ਖ਼ੂਬਸੂਰਤ
ਤੇ ਸਭ ਤੋਂ ਸਰਲ ਹੈ
ਇਸ ਭਾਸ਼ਾ ਦੀ
ਵਿਆਕਰਣ।


### ਅਧੂਰੇ ਕੰਮ

ਕਈ ਕੰਮ ਜੋ ਮੈਂ
ਇਹ ਸੋਚ ਕੇ
ਅਧੂਰੇ ਹੀ ਰਹਿਣ ਦਿੱਤੇ
ਕਿ ਤੂੰ ਮੁੜ ਕੇ ਕਰੇਂਗਾ
ਇੱਕ ਦਿਨ
ਐਤਵਾਰ ਦੀ ਵਿਹਲ
ਦੇਖ ਮੈਂ ਪੂਰੇ ਕਰ ਦਿੱਤੇ

ਨਹੀਂ ਇਹ ਨਹੀਂ
ਕਿ ਤੇਰੇ ਮੁੜਨ ਦੀ
ਆਸ ਨਾ ਰਹੀ
ਪਰ ਇਹ ਅੱਧੇ ਅਧੂਰੇ ਕੰਮ
ਯਾਦ ਕਰਾਉਂਦੇ ਰਹਿੰਦੇ
ਤੇਰਾ ਨਾ ਹੋਣਾ।

## ਸੱਚ ਦਾ ਸਾਥੀ / ਪੁਸ਼ਪਿੰਦਰ ਵਿਰਕ

ਸੱਚ ਸੱਚ ਹੀ ਹੁੰਦਾ
ਤੇ ਝੂਠ ਕੁਝ ਵੀ ਨਹੀਂ
ਸੱਚ ਦਾ ਪਤਾ ਲਗਾਉਣ ਲਈ
ਪੌਲੀਗ੍ਰਾਫ ਯੰਤਰ ਦੀ ਲੋੜ ਨਹੀਂ ਪੈਂਦੀ
ਸੱਚ ਸੂਲੀ ਉੱਤੇ ਵੀ ਮੁਸਕਰਾਉਂਦਾ
ਸੱਚ ਬੰਦ ਬੰਦ
ਕਟਵਾਉਂਦਿਆਂ ਵੀ ਨਹੀਂ ਡੋਲਦਾ
ਸੱਚ ਤੱਤੀਆਂ ਤਵੀਆਂ
ਉੱਤੇ ਵੀ ਨਹੀਂ ਭੁਜਦਾ
ਸੱਚ ਆਰਿਆਂ ਨਾਲ ਵੀ ਨਹੀਂ ਚਰਾਇਆ ਜਾਂਦਾ
ਸੱਚ ਉਬਲਦੀਆਂ ਦੇਗਾਂ 'ਚ ਉੱਤੇ ਹੀ ਤੈਰਦਾ
ਸੱਚ ਸੀਸ ਤਲੀ ਤੇ ਧਰ ਕੇ ਲੜਦਾ
ਸੱਚ ਦੇ ਲੱਖਾਂ ਸਿਰ ਉਗ ਆਉਂਦੇ
ਤੇ ਝੂਠ ਦਾ ਕੋਈ ਸਿਰ ਪੈਰ ਨਹੀਂ ਹੁੰਦਾ
ਸੱਚ ਬੋਲਦਿਆਂ
ਬੰਦੇ ਦੇ ਮੱਥੇ ਤੇ ਤ੍ਰੇਲੀ ਨਹੀਂ ਆਉਂਦੀ
ਤੇ ਨਾ ਹੀ ਅੱਖਾਂ ਝੁਕਦੀਆਂ
ਝੂਠ ਬੁਖਲਾ ਉੱਠਦਾ
ਸੱਚ ਦੀ ਸੁਰ ਧੀਮੀ ਹੁੰਦੀ
ਝੂਠ ਉੱਚੀ ਉੱਚੀ ਸ਼ੋਰ ਪਾਉਂਦਾ
ਸੱਚ ਸੜਕਾਂ ਉੱਤੇ
ਹਰ ਰੁੱਤ ਨੂੰ ਆਪਣੇ ਪਿੰਡੇ ਤੇ ਹੰਢਾਉਂਦਾ
ਝੂਠ ਦਾ ਸਾਹ
ਏ.ਸੀ. ਅਤੇ ਗਰਮ ਕਮਰਿਆਂ ਵਿੱਚ ਵੀ ਘੁੱਟਦਾ
ਸੱਚ-ਉੱਗਦਾ ਹੋਇਆ
ਸੂਰਜ ਬਣ ਕੇ ਪੂਰਬ 'ਚ ਚੜ੍ਹਦਾ
ਝੂਠ ਬਦਨਾਮ ਗਲੀਆਂ ਵਿੱਚ ਗੁਆਚ ਜਾਂਦਾ
ਸੱਚ ਦੀ ਆਵਾਜ਼ ਨੀਂਹਾਂ ਤਾਂ ਕੀ
ਪਤਾਲ 'ਚੋਂ ਵੀ ਸੁਣਾਈ ਦਿੰਦੀ
ਤੇ ਝੂਠ ਅੱਜ ਕੱਲ੍ਹ
ਬੱਸ ....ਟੀ.ਵੀ ਉੱਤੇ ਹੀ ਆਪਣੇ ਜੁੰਡੇ ਪੁੱਟਦਾ!!



# ਆਵਾਸੀ ਮਜ਼ਦੂਰਾਂ ਦੀ ਹਾਸ਼ੀਆਗਤ ਪਛਾਣ: ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ / ਬਲਜਿੰਦਰ ਸਿੰਘ

ਪੱਛੜੇ ਖਿੱਤਿਆਂ ਵਿਚ ਗ਼ੁਰਬਤ ਦੀ ਹਾਲਤ ਵਿਚ ਰਹਿੰਦੇ ਲੋਕ ਆਪਣੀ ਉਪਜੀਵਕਾ ਕਮਾਉਣ ਲਈ ਘੱਟ ਵਿਕਸਤ ਖਿੱਤਿਆ ਵੱਲ ਪਰਵਾਸ ਕਰਦੇ ਹਨ। ਇਸੇ ਤਰ੍ਹਾਂ ਘੱਟ ਵਿਕਸਤ ਇਲਾਕਿਆਂ ਵਿਚੋਂ ਲੋਕ ਆਪਣੀ ਸਿੱਖਿਆ, ਹੁਨਰ ਅਤੇ ਆਰਥਕਤਾ ਦੇ ਸਹਾਰੇ ਵੱਧ ਵਿਕਸਤ ਇਲਾਕਿਆਂ ਵੱਲ ਪਰਵਾਸ ਕਰਦੇ ਹਨ ਤਾਂ ਜੋ ਉਨ੍ਹਾਂ ਦੇ ਜੀਵਨ ਦਾ ਪੱਧਰ ਪਹਿਲਾਂ ਨਾਲੋਂ ਉੱਚਾ ਹੋ ਜਾਵੇ।1 ਠੀਕ ਇਸੇ ਤਰ੍ਹਾਂ ਯੂ. ਪੀ. (ਉਤਰ ਪ੍ਰਦੇਸ਼), ਬਿਹਾਰ ਅਤੇ ਹੋਰ ਰਾਜਾਂ ਦੇ ਬਸ਼ਿੰਦੇ ਆਰਥਿਕ ਪੱਖੋਂ ਪੱਛੜੇ ਅਤੇ ਰਾਜਨੀਤਕ ਉਥਲ-ਪੁਥਲ ਦੇ ਸ਼ਿਕਾਰ ਦੋ ਵਕਤ ਦੀ ਰੋਜ਼ੀ-ਰੋਟੀ ਦੀ ਭਾਲ ਵਿਚ ਭਾਰਤ ਦੇ ਵੱਖੋ-ਵੱਖ ਇਲਾਕਿਆਂ ਵਿਚ ਥਾਂ-ਕੁਥਾਂ ਭਟਕਦੇ ਹੋਏ 'ਹਰੀ ਕ੍ਰਾਂਤੀ' ਦੇ ਪੈਦਾ ਹੋਣ ਸਮੇਂ ਵੱਡੀ ਗਿਣਤੀ ਵਿਚ ਪੰਜਾਬ ਵੱਲ ਨੂੰ ਕੂਚ ਕਰਦੇ ਹਨ। ਇਨ੍ਹਾਂ ਆਵਾਸੀ ਮਜ਼ਦੂਰਾਂ ਦੀ ਗਿਣਤੀ ਵੱਡੀ ਪੱਧਰ 'ਤੇ ਦਿਨ-ਪ੍ਰਤੀ-ਦਿਨ ਵਧੀ ਹੈ। ਇਨ੍ਹਾਂ ਆਵਾਸੀ ਮਜ਼ਦੂਰਾਂ ਵਲੋਂ ਲੰਮੇਂ ਸਮੇਂ ਤੋਂ ਪੰਜਾਬ ਦੀ ਆਰਥਿਕ ਤਰੱਕੀ ਵਿਚ ਵਾਧਾ ਕਰਨ ਲਈ ਉਤਪਾਦਨ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਨੂੰ ਮੂਲ ਨਿਵਾਸੀ ਪੰਜਾਬੀਆਂ ਵਲੋਂ ਹਮੇਸ਼ਾਂ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਪੰਜਾਬੀ ਸਭਿਆਚਾਰ ਦਾ ਗ਼ਲਬਾ ਇਨ੍ਹਾਂ ਨੂੰ ਬਣਦੀ ਥਾਂ ਜਾਂ ਮਾਣ-ਸਨਮਾਨ ਦੇਣ ਦੀ ਬਜਾਇ ਦੁਜੈਲੇ, ਤੁੱਛ ਅਤੇ ਹੀਣੇ ਹੋਣ ਦੇ ਅਹਿਸਾਸ ਨਾਲ ਭਰਦਾ ਹੈ। ਇਨ੍ਹਾਂ ਦੀ ਵੱਧਦੀ ਗਿਣਤੀ ਅਤੇ ਹਰ ਕਿੱਤੇ 'ਤੇ ਵੱਧ ਰਿਹਾ ਏਕਾਧਿਕਾਰ ਪੰਜਾਬੀ ਮਨਾਂ 'ਚ ਭੈਅ, ਈਰਖਾ ਅਤੇ ਦਵੈਸ਼ ਦੇ ਭਾਵਾਂ ਨੂੰ ਜਨਮ ਦਿੰਦਾ ਹੈ। ਇਸ ਡਰ, ਈਰਖਾ ਅਤੇ ਸਾੜੇ ਦੀ ਭਾਵਨਾ 'ਚੋਂ ਹੀ ਆਵਾਸੀ ਮਜ਼ਦੂਰਾਂ ਪ੍ਰਤਿ ਮੁਕਾਮੀ ਮਜ਼ਦੂਰਾਂ ਅੰਦਰ ਨਫ਼ਰਤ ਦੀ ਭਾਵਨਾ ਉਜਾਗਰ ਹੁੰਦੀ ਹੈ। ਮਿਸਾਲ ਵਜੋਂ ਇਹ ਕਵਿਤਾ ਵੇਖੀ ਜਾ ਸਕਦੀ ਹੈ:

> ਸੌ ਰੁਪਏ 'ਚ ਵਿਕਣ ਵਾਲਾ
> ਵਾਪਸ ਮੁੜਿਆ ਹੈ
> ਪਿੱਤਲ ਦੇ ਡੱਬੇ 'ਚ
> ਸਾਗ ਉਸੇ ਤਰ੍ਹਾਂ ਹੀ ਮੁੜਿਆ ਹੈ।
> ਰੱਖ ਲਿਐ ਠੇਕੇਦਾਰ ਨੇ
> 60 ਰੁਪਏ 'ਚ ਭਈਆ ਨੰਦ ਕਿਸ਼ੋਰ 2

ਉਪਰੋਕਤ ਪੇਸ਼ ਕਾਵਿ-ਪੰਕਤੀਆਂ ਸੰਤੋਖ ਸੁੱਖੀ ਦੀ ਕਵਿਤਾ 'ਡਰਾਪ ਆਊਟ-ਨਿਲ' ਵਿਚੋਂ ਦਰਜ ਕੀਤੀਆਂ ਗਈਆਂ ਹਨ। ਇਸ ਕਵਿਤਾ ਵਿਚਲਾ ਮੁਕਾਮੀ ਮਜ਼ਦੂਰ ਆਵਾਸੀ ਮਜ਼ਦੂਰ ਦੇ ਪੰਜਾਬ ਆਉਣ ਨਾਲ ਦਿਹਾੜੀ ਤੋਂ ਵਿਹਲਾ ਹੋ ਕੇ ਆਰਥਿਕ ਪੱਖੋਂ ਹਾਸ਼ੀਏ 'ਤੇ ਧੱਕਿਆ ਗਿਆ ਹੈ ਕਿਉਂਕਿ ਪੰਜਾਬੀ ਪੂੰਜੀਪਤੀ ਮਾਲਕ ਧਿਰ ਨੂੰ ਆਵਾਸੀ ਮਜ਼ਦੂਰ ਸਥਾਨਕ ਮਜ਼ਦੂਰ ਨਾਲੋਂ ਸਸਤੀ ਮਜ਼ਦੂਰੀ ਦਰ 'ਤੇ ਪ੍ਰਾਪਤ ਹੋ ਗਿਆ ਹੈ। ਸਸਤੇ ਰੇਟ 'ਤੇ ਵਿਕਣਾਂ ਆਵਾਸੀ ਮਜ਼ਦੂਰ ਦਾ ਸ਼ੌਂਕ ਨਹੀਂ ਸਗੋਂ ਮਜ਼ਬੂਰੀ ਹੈ ਕਿਉਂਕਿ ਉਸ ਕੋਲ ਬੇਗ਼ਾਨੀ ਧਰਤੀ 'ਤੇ ਕੰਮ ਦੇ ਸਾਧਨ ਸੀਮਤ, ਅਤਿ ਦੀ ਗ਼ਰੀਬੀ, ਅਸੰਗਠਿਤ ਅਤੇ ਪਿੱਛੇ ਬੈਠੇ ਘਰ ਦੇ ਜੀਆਂ ਨੂੰ ਪੈਸੇ ਭੇਜਣ ਦਾ ਬੋਝ ਹੈ। ਦੂਸਰਾ, ਇਨ੍ਹਾਂ ਦੋਹਾਂ ਮਜ਼ਦੂਰ ਧਿਰਾਂ ਦੇ ਆਪਸੀ ਕਲੇਸ਼ ਨੂੰ ਦਰਸਾਉਣ ਦੀ ਬਜਾਇ ਉਸ ਪੂੰਜੀਪਤੀ ਧਿਰ ਦੀ ਪਛਾਣ ਜ਼ਰੂਰੀ ਹੋ ਜਾਂਦੀ ਹੈ ਜੋ ਇਨ੍ਹਾਂ ਨੂੰ ਪਹਿਲਾਂ ਆਰਥਿਕ ਪੱਖੋਂ ਕਮਜ਼ੋਰ ਕਰਕੇ ਹਾਸ਼ੀਏ 'ਤੇ ਧੱਕਦੀ ਹੈ ਅਤੇ ਫਿਰ ਇਨ੍ਹਾਂ ਤੋਂ ਆਪਣੀ ਮਨ-ਮਰਜ਼ੀ ਅਨੁਸਾਰ ਸਸਤੀ ਮਜ਼ਦੂਰੀ ਦਰ 'ਤੇ ਕਿਰਤ ਵੇਚਣ ਲਈ ਮਜ਼ਬੂਰ ਕਰਦੀ ਹੈ। ਕਵਿਤਾ ਵਿਚ ਇਸ ਤੀਸਰੀ ਦਮਨਕਾਰੀ ਧਿਰ ਦੀ ਪਛਾਣ ਓਝਲ ਹੈ ਜੋ ਘੱਟ ਮਜ਼ਦੂਰੀ ਦਰ 'ਤੇ ਵੱਧ ਕੰਮ ਕਰਵਾਉਣ ਨਾਲ ਜਿਥੇ ਆਵਾਸੀ ਮਜ਼ਦੂਰਾਂ ਦਾ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਦੀ ਹੈ ਉਥੇ ਹੀ ਮੁਕਾਮੀ ਮਜ਼ਦੂਰਾਂ ਨੂੰ ਬਣਦੀ ਮਜ਼ਦੂਰੀ ਨਾ ਦੇ ਕੇ ਕੰਮ ਵਾਲੀ ਥਾਂ ਤੋਂ ਪਹਿਲਾਂ ਬਾਹਰ ਧੱਕ ਦਿੰਦੀ ਹੈ ਅਤੇ ਫਿਰ ਉਸ ਨੂੰ ਸਸਤੀ ਮਜ਼ਦੂਰੀ ਦਰ 'ਤੇ ਕੰਮ ਕਰਨ ਲਈ ਮਜ਼ਬੂਰ ਕਰਦੀ ਹੈ। ਇਉਂ ਇਹ ਕਵਿਤਾ ਅਚੇਤ ਰੂਪ ਵਿਚ ਦੋਵੇਂ ਮਜ਼ਦੂਰ ਧਿਰਾਂ ਦੀ ਪੂੰਜੀਪਤੀ ਧਿਰ ਵਲੋਂ ਹੁੰਦੀ ਲੁੱਟ-ਖਸੁੱਟ ਨੂੰ ਵੀ ਸੂਖਮ ਰੂਪ ਵਿਚ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਲਾਲ ਸਿੰਘ ਦਿਲ ਆਪਣੀ ਲੰਮੀ ਬਿਰਤਾਂਤਕ ਕਵਿਤਾ 'ਅੱਜ ਬਿੱਲਾ ਫੇਰ ਆਇਆ' ਵਿਚ ਪੰਜਾਬ ਆਏ ਆਵਾਸੀ ਮਜ਼ਦੂਰਾਂ ਨਾਲ ਜਿਥੇ ਭਾਈਚਾਰਕ ਸਾਂਝ ਪ੍ਰਗਟਾਉਂਦਾ ਹੈ ਉਥੇ ਹੀ ਇਨ੍ਹਾਂ ਦੇ ਪੰਜਾਬ ਵੱਲ ਨੂੰ ਧੱਕੇ ਜਾਣ ਦਾ ਕਾਰਨ 'ਹਰੀ ਕ੍ਰਾਂਤੀ' ਦੀ ਰਾਜਨੀਤਕ ਸਾਜ਼ਿਸ਼ ਵਿਚੋਂ ਤਲਾਸ਼ਣ ਦਾ ਜਤਨ ਕਰਦਾ ਹੈ:

> ਭਈਏ ਵੀ ਮਜ਼ਦੂਰ ਭਰਾਂ ਨੇ
> ਪਰ ਉਨ੍ਹਾਂ ਨੂੰ ਵਰਤਿਆ ਜਾ ਰਿਹੈ
> ਇਸ ਦੇ ਪਿੱਛੇ ਇਕ ਲੰਮੀ ਚਾਲ ਹੈ 3

ਇਥੇ ਪੰਜਾਬੀ ਸਭਿਆਚਾਰ ਦਾ ਉਹ ਗ਼ਲਬਾ ਉਭਰ ਕੇ ਸਾਹਮਣੇ ਆਉਂਦਾ ਹੈ ਜੋ ਆਵਾਸੀ ਮਜ਼ਦੂਰਾਂ ਨੂੰ ਨਸਲੀ ਹਿਕਾਰਤ ਕਰਦਿਆਂ ਅਕਸਰ ਹੀ ਉਨ੍ਹਾਂ ਦੀ ਅਸਲ ਪਛਾਣ ਨੂੰ ਵਿਗਾੜਨ ਲਈ ਜਾਂ ਉਨ੍ਹਾਂ ਦੇ ਸਵੈਮਾਨ ਨੂੰ ਖੀਣ ਕਰਨ ਲਈ ਉਨ੍ਹਾਂ ਦੇ ਸਤਿਕਾਰਕ ਨਾਵਾਂ ਨੂੰ ਕੁਨਾਵਾਂ ਦੀ ਸੰਗਿਆ ਵਿਚ ਤਬਦੀਲ ਕਰਦਾ ਹੈ ਜਾਂ ਉਨ੍ਹਾਂ ਦੇ ਸਭਿਆਚਾਰ, ਭਾਸ਼ਾ-ਬੋਲੀ, ਖਾਣ-ਪੀਣ ਅਤੇ ਪਹਿਰਾਵੇ ਨੂੰ ਹੀਣਾ ਜਾਂ ਅਸਭਿਅਕ ਦਰਸਾ ਕੇ ਹਾਸੇ ਦਾ ਪਾਤਰ ਬਣਾਉਣ ਦੀ ਚਾਲ ਖੇਡਦਾ ਹੈ। ਪੰਜਾਬੀ ਸਭਿਆਚਾਰ ਦੀ ਸਿਰਦਾਰੀ/ਚੌਧਰ ਦੇ ਗ਼ਲਬੇ ਦੀਆਂ ਇਹ

ਤ੍ਰਾਟਾਂ ਆਧੁਨਿਕ ਪੰਜਾਬੀ ਕਵਿਤਾ ਵਿਚੋਂ ਵਿਕੋਲਿਤਰੇ ਰੂਪ ਵਿਚ ਸੁਣੀਆਂ ਜਾ ਸਕਦੀਆਂ ਹਨ। ਨੌਜਵਾਨ ਪੰਜਾਬੀ ਕਵੀ ਸਤਪਾਲ ਭੀਖੀ ਜੋ ਕਿ ਆਵਾਸੀ ਮਜ਼ਦੂਰਾਂ ਦੇ ਸਮੂਹ ਦਾ ਹਿੱਸਾ ਹੈ, ਦੀ ਕਵਿਤਾ ਵਿਚੋਂ ਪੰਜਾਬੀਆਂ ਦੇ ਇਸ ਨਸਲੀ ਵਰਤਾਰੇ ਨੂੰ ਪਛਾਣਿਆ ਜਾ ਸਕਦਾ ਹੈ। ਸਤਭਾਲ ਭੀਖੀ ਦੀ ਕਵਿਤਾ 'ਮਾਂ-1' ਵਿਚ ਆਵਾਸੀ ਮਜ਼ਦੂਰਾਂ ਨਾਲ ਹੁੰਦੇ ਮਾਨਸਿਕ ਸ਼ੋਸ਼ਣ ਦੇ ਸੰਤਾਪ ਦੀ ਦਰਦਮਈ ਵੇਦਨਾ ਦੀ ਹੂਕ ਨੂੰ ਸਹਿਜੇ ਹੀ ਸੁਣਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਪੰਜਾਬ ਦੇ ਮੂਲ ਨਿਵਾਸੀਆਂ ਵਲੋਂ ਆਵਾਸੀ ਮਜ਼ਦੂਰਾਂ ਨਾਲ ਨਸਲੀ ਹਿਕਾਰਤ ਦਾ ਮੁਜਾਰਾ ਕਰਦਿਆਂ ਉਨ੍ਹਾਂ ਲਈ 'ਭਈਆ' ਅਤੇ 'ਭਈਆ ਰਾਣੀ' ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਦੋਂ ਇਨ੍ਹਾਂ ਆਵਾਸੀ ਮਜ਼ਦੂਰਾਂ ਨੂੰ ਇਸ ਸ਼ਬਦ ਦੇ ਪਿੱਛੇ ਕੰਮ ਕਰਦੀ ਮਾਨਸਿਕਤਾ ਦੀ ਸਮਝ ਪੈਂਦੀ ਹੈ ਤਾਂ ਇਹ ਸ਼ਬਦ ਇਨ੍ਹਾਂ ਦੇ ਕੋਮਲ ਦਿਲਾਂ ਵਿਚ ਟੀਸ ਵਾਂਗ ਰੜਕਦਾ ਉਨ੍ਹਾਂ ਨੂੰ ਗ਼ਲਾਨੀ, ਜ਼ਹਾਲਤ ਅਤੇ ਜਲਾਲਤ ਦੇ ਅਹਿਸਾਸ ਨਾਲ ਭਰ ਦਿੰਦਾ ਹੈ:

ਮਾਂ ਮਾਲਣ ਸੀ/ਫੁੱਲ ਉਗਾਉਂਦੀ
ਤੇ ਫੁੱਲਾਂ ਵਾਲੀ/ਸਾੜ੍ਹੀ ਪਹਿਨਦੀ
ਲੋਕ ਭਈਆ ਰਾਣੀ ਆਖਦੇ 4

ਅਜਿਹੀ ਦੱਬੀ-ਕੁਚਲੀ, ਹਿਕਾਰਤ ਭਰੀ ਦੋਇਮ ਦਰਜੇ ਦੀ ਨਾਗਰਿਕਤਾ ਆਵਾਸੀ ਬੰਦੇ ਅੰਦਰ ਆਪਣੇ ਸਭਿਆਚਾਰ ਅਤੇ ਆਪਣੀ ਮੂਲ ਧਰਤੀ ਵੱਲ ਖਿੱਚੇ ਜਾਣ ਦੀ ਤਾਂਗ ਨੂੰ ਤੀਬਰ ਕਰਦੀ ਹੈ। ਸਤਪਾਲ ਭੀਖੀ ਆਵਾਸੀ ਬੰਦੇ ਦੀਆਂ ਉਨ੍ਹਾਂ ਦੱਬੀਆਂ-ਕੁਚਲੀਆਂ ਰੀਝਾਂ/ਅਕਾਂਖਿਆਂਵਾਂ ਨੂੰ ਆਪਣੀ ਕਵਿਤਾ 'ਪੀਲ੍ਹਾਂ-2' ਅਤੇ 'ਕਵਿਤਾ ਸੰਦੋਹੇ ਵਿਚ' ਪੇਸ਼ ਕਾਵਿ-ਪਾਤਰਾਂ ਰਾਹੀਂ ਪ੍ਰਗਟਾਉਂਦਾ ਹੈ ਜੋ ਪੰਜਾਬ ਦੀ ਧਰਤੀ 'ਤੇ ਲੰਮੇ ਸਮੇਂ ਤੋਂ ਵਿਚਰੇ ਹੋਣ ਦੇ ਬਾਵਜੂਦ ਜਾਂ ਪੰਜਾਬ ਦੇ ਜੰਮ-ਪਲ਼ ਹੋ ਕੇ ਵੀ ਆਪਣੇ ਪੁਰਖਿਆਂ ਦੀਆਂ ਮੂਲ ਜੜ੍ਹਾਂ, ਮੂਲ ਧਰਤੀ ਅਤੇ ਮੂਲ ਸਭਿਅਤਾ ਨਾਲ ਜੁੜਣ ਦੀ ਖਾਹਿਸ਼ ਪ੍ਰਗਟ ਕਰਦੇ ਹਨ:

ਇਹ ਮਨ ਜਿਸ ਨੇ ਪੁਰਖਿਆਂ ਦੀ ਭੋਇੰ/ਨਹੀਂ ਵੇਖੀ
ਕਦੇ-ਕਦੇ/ਹਾਂ ਕਦੇ-ਕਦੇ
ਪੀਲ੍ਹਾਂ ਖਾਣੀਆਂ ਲੋਚਦਾ 5

ਇਹ ਰੀਝ/ਖਾਹਿਸ਼ ਜਾਂ ਭੁਹੇਰਵਾ ਨਿਰਾ ਜਜ਼ਬਾਤੀ ਵਹਿਣ ਨਹੀਂ ਸਗੋਂ ਉਸ ਬੇਗਾਨਗੀ, ਲਾਚਾਰਗੀ ਅਤੇ ਸ਼ੋਸ਼ਣਕਾਰੀ ਦਮਨ ਵਿਚੋਂ ਟੀਸ ਬਣ ਪੈਦਾ ਹੁੰਦਾ ਹੈ ਜੋ ਉਸ ਨੂੰ ਪੰਜਾਬੀ ਸਭਿਆਚਾਰ ਦੀ ਦਮਨਕਾਰੀ ਸਿਰਦਾਰੀ ਨੇ ਦਿੱਤੀ ਹੈ। ਇਸ ਲਈ ਉਹ ਆਪਣੀ ਮੂਲ ਪਛਾਣ ਦੀ ਤਲਾਸ਼, ਮਾਣ-ਸਨਮਾਨ, ਸੁਰੱਖਿਆ ਅਤੇ ਸਕੂਨ ਭਰਿਆ ਨਿੱਘ ਮਾਣਨ ਲਈ ਆਪਣੀਆਂ ਜੜ੍ਹਾਂ ਵੱਲ ਆਹੁਲਦੇ ਹਨ।


ਆਵਾਸੀ ਮਜ਼ਦੂਰਾਂ ਦੇ ਸ਼ੋਸ਼ਤ, ਦੱਬੇ-ਕੁਚਲੇ, ਲਤਾੜੇ ਤੇ ਦਰੜੇ ਜੀਵਨ ਸੰਤਾਪ ਦੀ ਵਿਡੰਬਨਾ ਦਾ ਕਾਰਨ ਇਨ੍ਹਾਂ ਦਾ ਬੇਪਛਾਣ, ਲਾਚਾਰ ਅਤੇ ਜੜ੍ਹਹੀਣ ਹੋਣਾ ਇਕ ਅਹਿਮ ਕਾਰਨ ਹੈ। ਬੇਗਾਨੀ ਧਰਤੀ ਅਤੇ ਬੇਗਾਨੇ ਸਭਿਆਚਾਰ ਵਿਚ ਬੇਪਛਾਣ, ਇਕੱਲੇ ਅਤੇ ਜੜ੍ਹਹੀਣ ਹੋਣਾ ਇਨ੍ਹਾਂ ਨੂੰ ਵਿਕੇਂਦਰ 'ਤੇ ਵਿਚਰ ਰਹੇ ਹੋਣ ਦਾ ਅਹਿਸਾਸ ਜਗਾਉਂਦਾ ਹੈ। ਸਤਪਾਲ ਭੀਖੀ ਰੇਖਾ-ਚਿੱਤਰੀ ਵਿਧੀ ਵਿਚ ਲਿਖੀ ਆਪਣੀ ਕਵਿਤਾ 'ਦੇਵਾ' ਰਾਹੀਂ ਉਸ ਆਵਾਸੀ ਮਜ਼ਦੂਰ ਦੀ ਮਾਨਸਿਕ ਸਥਿਤੀ ਦੇ ਸੰਤਾਪ ਨੂੰ ਪੇਸ਼ ਕਰਦਾ ਹੈ ਜਿਸ ਦੀ ਸਵੈ ਹੋਂਦ ਬੇਗਾਨੀ ਧਰਤੀ ਅਤੇ ਬੇਗਾਨੇ ਸਭਿਆਚਾਰ ਵਿਚ ਵਿਚਰਦਿਆਂ ਗੁੰਮ-ਗੁਵਾਚ ਗਈ ਹੈ। ਉਹ 'ਦੇਬੂ' ਤੋਂ 'ਦੇਵਾ' ਬਣ ਗਿਆ ਹੈ। ਸਤਪਾਲ ਭੀਖੀ ਇਥੇ ਹੀ ਨਹੀਂ ਰੁਕਦਾ ਉਹ ਇਨ੍ਹਾਂ ਆਵਾਸੀ ਪੂਰਬੀਆਂ ਦੀ ਆਰਥਿਕ ਅਤੇ ਰਾਜਨੀਤਕ ਕਾਰਨਾਂ ਵੱਲ ਵੀ ਹਲਕਾ ਜਿਹਾ ਇਸ਼ਾਰਾ ਕਰਦਾ ਹੈ ਜਿਸ ਕਾਰਨ ਇਹ ਰਿਜਕ ਸ਼ਹਿਰ ਵੱਲ ਵਹੀਰਾਂ ਬੰਨ੍ਹੀ ਤੁਰੇ ਆ ਰਹੇ ਹਨ:

ਹੋਰ ਨਗਰ ਦਾ ਦੇਬੂ/ਏਥੇ ਦੇਵਾ ਬਣਿਆ
ਤੇ ਉਸਦੇ ਪਹਿਰਾਵੇ ਪਿੱਛੇ/ਕੋਟਨ ਹੀ ਲੰਗਾਰ ਖੜ੍ਹੇ ਨੇ
ਕਿੰਨੇ ਉਸਦੇ ਯਾਰ ਖੜ੍ਹੇ ਨੇ/
ਗੋਰਖਪੁਰ ਤੋਂ ਲੰਘ ਰਹੀਆਂ
ਟਰੇਨਾਂ ਦੱਸਣ/ਕਿੰਨੇ ਦੇਵੇ
ਤੇ ਰੰਗ ਕਿੰਨੇ/ਰਿਜ਼ਕ ਸ਼ਹਿਰ ਵੱਲ ਲੰਘ ਰਹੇ ਨੇ।6

ਇਸੇ ਤਰ੍ਹਾਂ ਸੁਰਜੀਤ ਪਾਤਰ ਦੀ ਕਵਿਤਾ 'ਅਰਦਾਸ' ਵੀ ਅਧਿਐਨਯੋਗ ਹੈ ਜਿਸ ਵਿਚ ਕਵੀ ਵਲੋਂ ਪੂਰਬੀ ਮਜ਼ਦੂਰਾਂ ਦੇ ਬੱਚੇ ਸਥਾਨਕ ਸਭਿਆਚਾਰ ਦੀ ਗ੍ਰਿਫਤ ਵੱਲ ਕਿਵੇਂ ਸਰਕ ਰਹੇ ਹਨ, ਨੂੰ ਪ੍ਰੋਖ ਭਾਵ ਅਰਥਾਂ ਵਿਚ ਪ੍ਰਗਟਾਇਆ ਹੈ। ਇਉਂ ਇਹ ਕਵਿਤਾ ਆਵਾਸੀ ਮਜ਼ਦੂਰਾਂ ਦੀ ਉਸ ਨਵੀਂ ਪੀੜ੍ਹੀ ਦੀ ਦੋਹਰੀ ਮਾਨਸਿਕ ਚੇਤਨਾ ਨੂੰ ਸੂਖਮ ਰੂਪ ਵਿਚ ਪੇਸ਼ ਕਰਦੀ ਹੈ ਜੋ ਦੋ ਸਭਿਆਤਾਵਾਂ ਦੇ ਪੁੜਾਂ ਵਿਚ ਪਿੱਸ ਰਹੀ ਹੈ। ਇਥੇ ਆਵਾਸੀ ਮਜ਼ਦੂਰ ਬੱਚਿਆਂ ਦਾ ਦੋਹਰਾ ਸੰਕਟ ਪੈਦਾ ਹੁੰਦਾ ਹੈ ਕਿਉਂਕਿ ਆਵਾਸੀ ਹੋਣ ਕਾਰਨ ਜਿਥੇ ਉਹ ਆਪਣੀ ਮੂਲ ਸਭਿਅਤਾ ਤੋਂ ਟੁੱਟ ਜਾਂਦੇ ਹਨ ਉਥੇ ਹੀ ਬੇਗਾਨੀ (ਸਥਾਨਕ) ਸਭਿਅਤਾ ਵਿਚ ਉਹ ਆਪਣੀ ਸਤਿਕਾਰਕ ਹੋਂਦ, ਹਸਤੀ ਜਾਂ ਪਛਾਣ ਬਣਾਉਣ ਵਿਚ ਕਾਮਯਾਬ ਨਹੀਂ ਹੋ ਪਾਉਂਦੇ। ਇਸ ਦੋਹਰੀ ਸਭਿਅਤਾ ਅਤੇ ਵਾਤਾਵਰਨ ਵਿਚ ਜੀਣ ਦੇ ਕਾਰਨ ਹੀ ਉਨ੍ਹਾਂ ਦੇ ਸੁਬਾਅ ਵਿਚ ਪਰਿਵਰਤਨ ਆਉਣ ਲੱਗਦਾ ਹੈ। ਉਹ ਬੇਚੈਨੀ, ਤਨਾਵ, ਇਕੱਲਤਾ, ਅਸਥਾਈਪਨ, ਚਿੰਤਾ-ਅਸ਼ਾਂਤੀ, ਸਰੀਰਕ ਪ੍ਰੇਸ਼ਾਨੀ, ਸੰਕਟ ਆਦਿ ਦਾ ਅਨੁਭਵ ਕਰਨ ਲੱਗਦੇ ਹਨ। ਨਤੀਜੇ ਵਜੋਂ, ਉਨ੍ਹਾਂ ਦੀ ਸ਼ਖ਼ਸੀਅਤ ਵਿਚ ਦੋਹਰੀ ਚੇਤਨਾ ਦਾ ਵਿਕਾਸ ਹੋ ਜਾਂਦਾ ਹੈ ਅਤੇ ਇਕ ਸਮੇਂ ਉਨ੍ਹਾਂ ਦੇ ਸਾਹਮਣੇ ਅਜਿਹੀਆਂ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ, ਜਦੋਂ ਉਹ ਪੁਰਾਣੀ ਸਭਿਅਤਾ ਨੂੰ ਛੱਡਣ ਲਈ ਮਜ਼ਬੂਰ ਹੁੰਦੇ ਹਨ ਪਰ ਨਵੀਂ ਸਭਿਅਤਾ ਨੂੰ ਇੰਨੀ ਜਲਦੀ

## ਹਿੰਦੀ ਕਵਿਤਾ / ਇਨ੍ਹਾਂ ਮਨੁੱਖਾਂ ਤੋਂ / ਜਯੋਤੀਕ੍ਰਿਸ਼ਨ ਵਰਮਾ

ਅਨੁ: ਅਮਰਜੀਤ ਕੌਂਕੇ



ਮੈਂ ਪੁੱਛਣਾ ਚਾਹੁੰਦਾ ਹਾਂ
ਕੀ ਸੋਚਦੇ ਨੇ ਦਰਖਤ
ਜਦੋਂ ਕੋਈ ਮਨੁੱਖ
ਕੋਲ ਆਉਂਦਾ ਹੈ ਉਨ੍ਹਾਂ ਦੇ
ਕੁਹਾੜੀ ਲੈ ਕੇ

ਪੁੱਛਣਾ ਚਾਹੁੰਦਾ ਹਾਂ ਚਿੜੀ ਤੋਂ
ਕਿਉਂ ਨਹੀਂ ਚਹਿਚਿਹਾਉਂਦੀ
ਉਹ ਹੁਣ ਮੇਰੀ ਛੱਤ ਦੇ ਬਨੇਰੇ ਤੇ

ਪੁੱਛਣਾ ਚਾਹੁੰਦਾ ਹਾਂ ਮੈਂ
ਖੇਤ ਵਿਚ ਖੜ੍ਹੀ ਫਸਲ ਤੋਂ
ਕਿਹੋ ਜਿਹਾ ਲੱਗਦਾ ਹੈ ਉਸ ਨੂੰ
ਸੁੱਕਣ ਲੱਗਦੀ ਜਦੋਂ ਉਹ
ਪਾਣੀ ਦੀ ਉਡੀਕ ਵਿਚ

ਪੁੱਛਣਾ ਚਾਹੁੰਦਾ ਹਾਂ
ਪਿੰਜਰੇ ਵਿਚ ਬੰਦ ਮਿਠੂ ਤੋਂ
ਕੀ ਯਾਦ ਆਉਂਦੀ ਹੈ
ਉਸਨੂੰ ਬਾਗ ਦੀ
ਚੁੰਝ ਮਾਰ ਮਾਰ ਕੇ
ਖਾਂਦਾ ਸੀ ਜਿੱਥੇ ਟਾਹਣੀ ਦੇ
ਮਿੱਠੇ ਅੰਬ

ਮੈਂ ਪੁੱਛਣਾ ਚਾਹੁੰਦਾ ਹਾਂ
ਵੀਰਾਨ ਪਈ ਸੜਕ ਤੋਂ
ਕਿਸ ਰਾਹੀ ਦਾ ਇੰਤਜ਼ਾਰ ਹੈ ਉਸਨੂੰ
ਪੁੱਛਣਾ ਚਾਹੁੰਦਾ ਹਾਂ ਜੰਗਲ ਤੋਂ
ਕੋਈ ਡਰ ਤਾਂ ਨਹੀਂ ਉਸਨੂੰ
ਕੱਟੇ ਜਾਣ ਦਾ

ਪੁੱਛਣਾ ਚਾਹੁੰਦਾ ਹਾਂ
ਮੈਂ ਨਦੀ ਤੋਂ
ਕੀ ਸੋਚਦੀ ਹੈ ਉਹ
ਦੇਹ ਤੇ ਉਸਦੀ
ਜਦੋਂ ਵਿਸਰਜਨ
ਕਰਦੇ ਨੇ ਲੋਕ
ਨਰਕੰਕਾਲ
ਅਧਸੜੀਆਂ ਲਾਸ਼ਾਂ
ਕੂੜਾ ਕਚਰਾ
ਬਦਬੂ ਮਾਰਦਾ ਪਾਣੀ

ਸਾਰੀਆਂ ਗੱਲਾਂ ਛੱਡ ਕੇ
ਮੈਂ ਦੁਨੀਆਂ ਨੂੰ
ਪੁੱਛਣਾ ਚਾਹੁੰਦਾ ਹਾਂ
ਕੀ ਚਾਹੁੰਦੇ ਨੇ
ਦਰਖਤ, ਚਿੜੀਆਂ,
ਸੜਕਾਂ, ਜੰਗਲ, ਨਦੀਆਂ
ਸਾਥੋਂ ਮਨੁੱਖਾਂ ਤੋਂ.....

ਅਪਣਾ ਨਹੀਂ ਪਾਉਂਦੇ। ਤਬਦੀਲੀ ਦੇ ਇਸ ਦੌਰ ਵਿਚ ਉਹ ਆਪਣੇ ਆਪ ਨੂੰ ਦੋਵੇਂ ਭਾਈਚਾਰਿਆਂ, ਸਮੂਹਾਂ ਜਾਂ ਸਮਾਜਾਂ ਵਿਚ ਹਾਸ਼ੀਏ 'ਤੇ ਖੜ੍ਹਾ ਮਹਿਸੂਸ ਕਰਦੇ ਹਨ।'7

ਸਮੁੱਚੇ ਰੂਪ ਵਿਚ ਉਪਰੋਕਤ ਪੇਸ਼ ਕਵਿਤਾਵਾਂ ਬੇਗਾਨੀ ਧਰਤੀ ਅਤੇ ਬੇਗਾਨੇ ਸਭਿਆਚਾਰ ਵਿਚ ਵਿਚਰਦੇ ਆਵਾਸੀ ਮਜ਼ਦੂਰਾਂ ਦੇ ਬੇਪਛਾਣ, ਜੜ੍ਹਹੀਣ, ਲਾਚਾਰ, ਦੁਜੈਲੇ, ਦਰਜ਼ੇ ਅਤੇ ਹਾਸ਼ੀਏ 'ਤੇ ਧੱਕੇ ਜਾਣ ਦੇ ਸੰਤਾਪ ਪ੍ਰਤਿ ਸੰਵੇਦਨਾ ਵਿਅਕਤ ਕਰਦੇ ਹੋਇਆਂ ਉਨ੍ਹਾਂ ਦੀ ਹੋਂਦ, ਹਸਤੀ ਅਤੇ ਪਛਾਣ ਨੂੰ ਪੰਜਾਬੀ ਕਾਵਿ ਸਾਹਿਤ ਵਿਚ ਦਰਜ ਕਰਨ ਦਾ ਮੁੱਢਲਾ ਜਤਨ ਕਰਦੀਆਂ ਹਨ। ਬੇਸ਼ਕ ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰਵਾਸੀ ਮਜ਼ਦੂਰਾਂ ਦੇ ਹਾਸ਼ੀਆਗਤ ਪ੍ਰਵਚਨ ਨੂੰ ਵੱਡੀ ਪੱਧਰ ਉਤੇ ਅਜੇ ਛੂਹਿਆ ਨਹੀਂ ਗਿਆ ਪਰ ਇਸ ਦੇ ਬਾਵਜੂਦ ਇਹ ਕਵਿਤਾਵਾਂ ਉਨ੍ਹਾਂ ਦੀ ਬੇਗਾਨੇ ਸਮਾਜ-ਸਭਿਆਚਾਰ ਵਿਚ ਹਾਸ਼ੀਏ 'ਤੇ ਧੱਕੇ ਹੋਣ ਅਤੇ ਨਵੀਂ ਪੀੜ੍ਹੀ ਦੇ ਆਪਣੇ ਮੂਲ ਸਭਿਆਚਾਰ ਤੋਂ ਟੁੱਟ ਕੇ ਸਥਾਨਕ ਸਭਿਆਚਾਰ ਵਿਚ ਲਿਪਤ ਹੋਣ ਦੀ ਨਿਸ਼ਾਨਦੇਹੀ ਕਰਨ ਲਈ ਅਗਰਸ਼ੀਲ ਕਹੀਆਂ ਜਾ ਸਕਦੀਆਂ ਹਨ,।

**ਹਵਾਲੇ ਅਤੇ ਟਿੱਪਣੀਆਂ**

1 ਸੌਰਬ ਸੇਠੀ, "ਪਰਵਾਸੀ ਮਜ਼ਦੂਰਾਂ ਦਾ ਸਮਾਜਕ ਅਤੇ ਆਰਥਕ ਵਿਸ਼ਲੇਸ਼ਣ: ਪਟਿਆਲਾ ਸ਼ਹਿਰ ਦਾ ਇਕ ਅਧਿਐਨ", ਪੰਜਾਬ ਦੀ ਆਰਥਿਕਤਾ, ਕਾਰਗੁਜਾਰੀ ਅਤੇ ਚੁਣੌਤੀਆਂ, ਡਾ. ਗਿਆਨ ਸਿੰਘ (ਸੰਪਾ.), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 428

2 ਸੰਤੋਖ ਸੁੱਖ, ਹਾਉਕੇ ਦੀ ਲਾਟ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ 21

3 ਲਾਲ ਸਿੰਘ ਦਿਲ, ਅੱਜ ਬਿੱਲਾ ਫੇਰ ਆਇਆ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 66

4 ਸਤਪਾਲ ਭੀਖੀ, ਪੀਲ੍ਹਾਂ, ਕੈਲੀਬਰ ਪਬਲੀਕੇਸ਼ਨ, ਪਟਿਆਲਾ, 2017, ਪੰਨਾ 29

5 ਉਹੀ, ਪੰਨਾ 33

6 ਉਹੀ, ਪੰਨਾ 49

7 ਦੇਵੇਂਦਰ ਚੌਬੇ, "ਨਏ ਸੰਘਰਸ਼ ਕੀ ਅਵਧਾਰਨਾਏ ਔਰ ਹਾਸ਼ੀਏ ਕਾ ਸਮਾਜ", ਹਾਸ਼ੀਏ ਕਾ ਵਿਰਤਾਂਤ: ਇਸਤਰੀ, ਦਲਿਤ ਔਰ ਆਦਿਵਾਸੀ ਸਮਾਜ ਕਾ ਵਿਕਲਪਕ ਇਤਿਹਾਸ, ਦੀਪਕ ਕੁਮਾਰ ਔਰ ਦੇਵਿੰਦਰ ਚੌਬੇ (ਸੰਪਾ.), ਆਧਾਰ ਪ੍ਰਕਾਸ਼ਨ, ਪੰਚਕੁਲਾ, 2011, ਪੰਨਾ 26

**ਖੋਜਾਰਥੀ, ਪੰਜਾਬੀ ਵਿਭਾਗ,**
**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,**
**ਫ਼ਤਹਿਗੜ੍ਹ ਸਾਹਿਬ।**

# ਮੱਧਕਾਲੀ ਮੁਹਾਵਰੇ 'ਚ ਸਮਕਾਲ ਨੂੰ ਸੰਬੋਧਿਤ ਕਵੀ: ਦਰਸ਼ਨ ਬੁੱਟਰ (ਕਾਵਿ-ਪੁਸਤਕ 'ਮਹਾਂਕੰਬਣੀ' ਦੇ ਵਿਸ਼ੇਸ਼ ਸੰਦਰਭ 'ਚ) / ਡਾ. ਰੁਪਿੰਦਰ ਕੌਰ

ਦਰਸ਼ਨ ਬੁੱਟਰ ਖੁੱਲ੍ਹੀ ਕਵਿਤਾ ਦੇ ਖੇਤਰ ਦਾ ਨਾਮਵਰ ਹਸਤਾਖ਼ਰ ਹੈ। ਉਸ ਕੋਲ ਮਨੁੱਖੀ ਹੋਂਦ ਨਾਲ ਜੁੜੇ ਬੇਅੰਤ ਮੂਲ/ਬੁਨਿਆਦੀ ਸਵਾਲਾਂ ਦੇ ਸਨਮੁੱਖ ਖੜ੍ਹਣ ਅਤੇ ਇਹਨਾਂ ਸਵਾਲਾਂ ਨੂੰ ਤਿੱਖੀ ਸੂਝ ਰਾਹੀਂ ਪੇਸ਼ ਕਰਨ ਦੀ ਵਿਲੱਖਣ ਸੋਝੀ ਹੈ। ਉਸਦੇ ਕਾਵਿ ਨੂੰ ਉਪਰੀ ਨਜ਼ਰੇ ਪੜ੍ਹਦਿਆਂ ਇਸ 'ਚ ਕੇਵਲ ਰਹੱਸਵਾਦੀ ਆਭਾਮੰਡਲ ਤੋਂ ਪ੍ਰੇਰਿਤ ਅਲੌਕਿਕ, ਅਧਿਆਤਮਿਕ ਰੰਗਣ ਵਾਲੀ ਕਵਿਤਾ ਦਾ ਭੁਲੇਖਾ ਪੈਂਦਾ ਹੈ ਪ੍ਰੰਤੂ ਜਦੋਂ ਅਸੀਂ ਉਸਦੀਆਂ ਕਵਿਤਾਵਾਂ ਨੂੰ ਗਹੁ ਨਾਲ ਦੇਖਦੇ ਹਾਂ ਤਾਂ ਸਾਨੂੰ ਇਹਨਾਂ ਪਿੱਛੇ ਕਾਰਜਸ਼ੀਲ ਇੱਕ ਡੂੰਘੀ ਅੰਤਰ-ਦ੍ਰਿਸ਼ਟੀ ਦੀ ਸੋਝੀ ਹੁੰਦੀ ਹੈ, ਜੋ ਕੇਵਲ ਮਨੁੱਖੀ ਅਸਤਿਤਵ ਨਾਲ ਜੁੜੇ ਸਮਕਾਲੀ ਸਮਾਜਿਕ ਸਰੋਕਾਰਾਂ ਤੱਕ ਹੀ ਸੀਮਤ ਨਾ ਰਹਿੰਦੀ ਹੋਈ ਸਮੁੱਚੇ ਬ੍ਰਹਿਮੰਡੀ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੀ ਹੈ।ਉਸਦੀਆਂ ਕਵਿਤਾਵਾਂ ਵਿੱਚ ਇੱਕ ਅਨੂਠਾ ਰਸ ਹੈ ਜੋ ਲਿਖਤ ਨੂੰ ਪੜ੍ਹਦਿਆਂ ਕਿਤੇ ਵੀ ਪਾਠਕ ਨੂੰ ਨੀਰਸ ਨਹੀਂ ਹੋਣ ਦਿੰਦਾ।

ਰਹੱਸਵਾਦੀ ਰੰਗ 'ਚ ਰੰਗੀਆਂ ਕਵਿਤਾਵਾਂ ਵਿੱਚ ਉਹ ਮੱਧਕਾਲੀ ਸਾਹਿਤ ਖਾਸ ਕਰਕੇ ਗੁਰਬਾਣੀ ਵਾਂਗ ਆਪਣੇ-ਆਪਣੇ ਨੂੰ ਗਿਆਨ ਵਿਹੂਣੀ ਇਸਤਰੀ ਦੇ ਰੂਪ ਵਿੱਚ ਚਿਤਰਦਾ ਹੋਇਆ ਕਿਤੇ ਤਾਂ ਪ੍ਰਮਾਤਮਾ ਦੇ ਕਣ-ਕਣ 'ਚ ਵਸੇ ਹੋਣ ਦੀ ਬਾਤ ਪਾਉਂਦਾ ਹੈ ਤੇ ਕਿਤੇ ਆਤਮ-ਪਰਮਾਤਮਾ ਦੇ ਮਿਲਾਪ ਦੇ ਮੇਟਾਫਰ ਰਾਹੀਂ ਮਨੁੱਖੀ ਜ਼ਿੰਦਗੀ ਦੇ ਅੰਤਿਮ ਸੱਚ ਦੀ ਗੱਲ ਕਰਦਾ ਹੈ। ਮਨੁੱਖ ਰੂਪੀ ਜੀਵਾਤਮਾ ਨੂੰ ਇਹ ਸਮੁੱਚਾ ਜਗਤ ਹੀ ਝੂਠ ਦਾ ਪਸਾਰਾ ਤੇ ਉਸਨੂੰ ਜ਼ਿੰਦਗੀ ਦੇ ਸੱਚ ਨੂੰ ਪਾਉਣਾ ਹੀ ਆਪਣਾ ਅੰਤਿਮ ਲਕਸ਼ ਜਾਪਦਾ ਹੈ। ਉਸ ਈਸ਼ਵਰ ਭਾਵ ਸੱਚ ਦੀ ਸਰਬ ਵਿਆਪਕਤਾ ਬਾਰੇ ਕਵੀ ਬਿਆਨ ਕਰਦਾ ਹੈ-

"ਮੈਂ ਤੈਨੂੰ ਪਾਣੀ ਵਾਂਗ,
ਰੱਕੜਾਂ 'ਤੇ ਫੈਲਿਆ ਵੇਖਦੀ ਹਾਂ,
ਮਹਿਕ ਵਾਂਗ,
ਫ਼ਿਜ਼ਾ 'ਚ ਘੁਲਿਆ ਤੱਕਦੀ ਹਾਂ।"1

ਪ੍ਰਭੂ ਪਿਆਰ 'ਚ ਬਿਹਬਲ ਹੋਈ ਜੀਵ ਆਤਮਾ ਨੂੰ ਦੁਨੀਆ ਦੀਆਂ ਸਾਰੀਆਂ ਹੀ ਚੀਜ਼ਾਂ ਭੁਲੇਖਾ ਲੱਗਦੀਆਂ ਹਨ-

"ਕਦੇ-ਕਦੇ ਲੱਗਦਾ,
ਸਾਹਮਣੇ ਮੰਜ਼ਿਲ ਨਹੀਂ ਭਰਮ ਹੈ ਮੇਰਾ
ਸਫ਼ਰ ਕਿੰਨਾ ਕੁ ਸੁਹਾਵਣਾ ਹੋ ਸਕਦਾ ਭਲਾ,
ਛਲਾਵਿਆਂ ਨਾਲ ਦੋਸਤੀ ਪਾ ਕੇ।"2

ਇੰਜ ਜੀਵਾਤਮਾ ਨੂੰ ਦੁਨੀਆਂ ਦੀ ਕੋਈ ਵੀ ਚੀਜ਼ ਭਰਮਾ ਨਹੀਂ ਸਕਦੀ ਉਸਨੂੰ ਪ੍ਰਭੂ ਦੀ ਮਿਹਰ ਨਾਲ ਮਨੁੱਖ ਦੀ ਤੁੱਛਤਾ ਤੇ ਦੁਨੀਆਂ ਵੀ ਅਸਥਿਰਤਾ ਦਾ ਗਿਆਨ ਹੋ ਚੁੱਕਾ ਹੈ। ਇਸ ਤਰਾਂ ਕਵੀ ਅੰਤਿਮ ਮਿਲਾਪ ਤੋਂ ਪਹਿਲਾਂ ਦੀ ਭਟਕਣਾ ਦੀ ਮਹੱਤਤਾ ਨੂੰ ਉਜਾਗਰ ਕਰਨ ਵੱਲ ਰੁਚਿਤ ਹੁੰਦਾ ਹੈ।

ਕਵੀ ਨੇ ਸਾਡੇ ਸਮਾਜ ਵਿੱਚ ਔਰਤ ਦੀ ਸਥਿਤੀ ਤੇ ਅਸਤਿਤਵ ਨਾਲ ਜੁੜੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਇਹਨਾਂ ਦੇ ਤਤਕਾਲੀ ਹੱਲ ਬਾਰੇ ਵੀ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕੀਤੇ ਹਨ। ਉਹ ਔਰਤ ਜਾਤ ਨੂੰ ਸਦੀਆਂ ਤੋਂ ਦਬਾ ਕੇ ਰੱਖਣ ਲਈ ਸਾਰੇ ਪਿਤਰਕੀ ਸਮਾਜ ਨੂੰ ਲੱਖ ਲਾਹਨਤ ਪਾਉਂਦਾ ਹੈ ਜਿਸਨੇ ਕਦੀ ਵੀ ਔਰਤ ਨੂੰ ਉਸਦਾ ਬਣਦਾ ਦਰਜਾ ਤਾਂ ਕੀ ਦੇਣਾ ਸੀ ਸਗੋਂ ਉਸਨੂੰ ਇੱਕ ਸੰਪੂਰਨ ਮਨੁੱਖ ਵਜੋਂ ਵੀ ਕਦੇ ਵੀ ਸਵੀਕ੍ਰਿਤੀ ਨਹੀਂ ਦਿੱਤੀ। ਜਿਸ ਕਾਰਨ ਸਾਡੇ ਸਮਾਜ ਦਾ ਅੱਧਾ ਹਿੱਸਾ ਅਜੇ ਵੀ ਹਾਸ਼ੀਏ 'ਤੇ ਧੱਕਿਆ ਹੋਇਆ ਹੈ। ਮਰਦ ਪ੍ਰਧਾਨ ਸਮਾਜ ਵਲੋਂ ਬਣਾਈਆਂ ਸੈਆਂ ਮਿੱਥਾਂ ਤੇ ਵਰਜਨਾਵਾਂ ਨੇ ਔਰਤ ਨੂੰ ਘਰ ਦੀ ਚਾਰਦੀਵਾਰੀ ਤੱਕ ਸੀਮਤ ਕਰਦਿਆਂ ਕੇਵਲ ਮਰਦ ਦੀ ਭੋਗਣਯੋਗ ਸਮੱਗਰੀ ਤੱਕ ਸੀਮਤ ਕਰ ਦਿੱਤਾ-

"ਹਰ ਯੁੱਗ ਵਿੱਚ ਯੋਧੇ ਸੂਰਬੀਰ
ਨਾਰੀ ਦੇ ਖੰਭ ਕੱਟ ਕੇ,
ਤੁਰਲਿਆਂ ਵਿੱਚ ਟੰਗਦੇ ਰਹੇ,
ਪਰ ਨਾ ਕਦੇ ਧਰਤੀ ਡੋਲੀ
ਨਾ ਅਸਮਾਨ ਪਾਟਿਆ।"3

ਸਦੀਆਂ ਤੋਂ ਮਰਦ ਤੇ ਉਸ ਦੀ ਸਿਰਜੀ ਦੁਨੀਆ ਦੇ ਅਕੀਦੇ ਔਰਤ ਨੂੰ ਇੱਕ ਵਸਤ ਵਾਂਗ ਆਪਣੀ ਜੂਨ ਹੰਢਾਉਣ ਲਈ ਮਜ਼ਬੂਰ ਕਰ ਰਹੇ ਹਨ ਪ੍ਰੰਤੂ ਸਾਡਾ ਅਖੌਤੀ ਸਭਿਅਕ ਸਮਾਜ ਫੇਰ ਵੀ ਔਰਤ ਦੇ ਅਸਤਿੱਤਵ ਨਾਲ ਸੰਬੰਧਿਤ ਸਵਾਲਾਂ ਨੂੰ ਖੂਹ-ਖਾਤੇ ਹੀ ਪਾਉਂਦਾ ਆਇਆ ਹੈ। ਅੱਜ ਭਾਵੇਂ ਔਰਤ ਪੜ੍ਹ-ਲਿਖ ਕੇ ਚੰਗੀ ਨੌਕਰੀ 'ਤੇ ਲੱਗ ਕੇ ਪਰਿਵਾਰ/ਸਮਾਜ ਦੀ ਆਰਥਕ ਖੁਸ਼ਹਾਲੀ ਵਿਚ ਯੋਗਦਾਨ ਪਾ ਰਹੀ ਹੈ ਪ੍ਰੰਤੂ ਫਿਰ ਵੀ ਸਾਡਾ ਮਰਦ ਪ੍ਰਧਾਨ ਸਮਾਜ ਇੱਕ ਔਰਤ ਹੋਣ ਦੇ ਨਾਤੇ ਉਸ ਨਾਲ ਬਦਸਲੂਕੀ ਹੀ ਕਰਦਾ ਆਇਆ ਹੈ ਜੋ ਹੁਣ ਤੱਕ ਜਾਰੀ ਹੈ। ਸਮਾਜਕ ਮਰਿਆਦਾਵਾਂ, ਸਭ ਪ੍ਰਕਾਰ ਦੀਆਂ ਬੰਧਨ ਤੇ ਵਲਗਣਾਵਾਂ ਔਰਤ ਦੇ ਹੀ ਹਿੱਸੇ ਆਈਆਂ ਹਨ-

"ਵਰਜਣਾਂ ਦੀਆਂ ਕੰਧਾਂ ਵਿੱਚ
ਰੋਜ ਚਿਣੇ ਜਾਂਦੇ ਨਾਰੀ ਦੇ ਵਲਵਲੇ
ਨਿੱਤ ਦੀਵਾਰਾਂ ਉੱਸਰਦੀਆਂ
ਜਿਨ੍ਹਾਂ ਦਾ ਕੋਈ ਦਰ ਨਹੀਂ ਹੁੰਦਾ।"4

ਬੁੱਟਰ ਇੱਕ ਸੰਵੇਦਨਸ਼ੀਲ, ਨਾਰੀਪੱਖੀ ਕਵੀ ਹੈ,

ਉਹ ਸਿਰਫ਼ ਸਾਡੇ ਸਮਾਜ ਵਿੱਚ ਔਰਤ ਦੀ ਸਥਿਤੀ ਬਾਰੇ ਗੱਲ ਹੀ ਨਹੀਂ ਕਰਦਾ ਸਗੋਂ ਔਰਤ ਨੂੰ ਆਪਣੇ ਅਸਤਿਤਵ ਪ੍ਰਤੀ ਚੇਤੰਨ ਹੋ ਕੇ ਇਹਨਾਂ ਬੰਧਨ ਰੂਪੀ ਜੰਜ਼ੀਰਾਂ ਨੂੰ ਤੋੜਨ ਲਈ ਪ੍ਰੇਰਿਤ ਵੀ ਕਰਦਾ ਹੈ। ਮਰਦ ਹੋਣ ਦੇ ਨਾਤੇ ਭਾਵੇ ਸਮਾਜ ਨੇ ਉਸਨੂੰ ਵਿਸ਼ੇਸ਼ ਅਧਿਕਾਰ ਦਿੱਤੇ ਹਨ ਪ੍ਰੰਤੂ ਤਾਂ ਵੀ ਉਹ ਔਰਤ ਦੀ ਆਜ਼ਾਦੀ ਦੀ ਗੱਲ ਨਿਧੱੜਕ ਹੋ ਕੇ ਕਰਦਾ ਹੈ। ਉਹ ਤਹਿ ਦਿਲੋ ਚਾਹੁੰਦਾ ਹੈ ਕਿ ਔਰਤ ਆਪਣੇ ਜਿਸਮ ਤੇ ਰੂਹ ਦੀ ਖ਼ੁਦ ਮਾਲਕ ਹੋਵੇ। ਇਸ ਲਈ ਉਹ ਔਰਤ ਦੁਆਰਾ ਸਾਧੀ ਚੁੱਪੀ ਤੋਂ ਖਾਸਾ ਪਰੇਸ਼ਾਨ ਨਜ਼ਰ ਆਉਂਦਾ ਹੈ–

"ਪਿੰਜਰੇ ਵਿਚਲਾ ਪੰਛੀ
ਉੱਡਣ ਤੋਂ ਇਨਕਾਰੀ ਕਿਉਂ ਹੈ
ਏਨਾ ਵੀ ਕੀ ਤੁਲਿਆ ਹੈ,
ਸੋਨੇ ਦੀਆਂ ਸੀਖਾਂ ਵਿੱਚ।"5

ਭਾਵੇਂ ਕਿ ਬੁੱਟਰ ਦੀ ਕਵਿਤਾ ਦੇ ਮੁਹਾਂਦਰੇ ਤੋਂ ਉਸ ਉੱਤੇ ਰਹੱਸਵਾਦ ਦੀ ਛਾਪ ਗਹਿਰੀ ਦਿਖਾਈ ਦਿੰਦੀ ਹੈ ਪ੍ਰੰਤੂ ਉਸਦੀ ਕਵਿਤਾ ਅਤੀਤ ਤੇ ਭਵਿੱਖ ਨੂੰ ਦਰਕਿਨਾਰ ਕਰਕੇ ਵਰਤਮਾਨ ਦੀ ਬਾਤ ਪਾਉਂਦੀ ਹੈ। ਇਹੀ ਉਸਦੀ ਕਵਿਤਾ ਦਾ ਖਾਸਾ ਹੈ ਜੋ ਉਸਦੀ ਕਵਿਤਾ ਦੇ ਮੱਧਕਾਲੀ ਮੁਹਾਂਦਰੇ ਦੇ ਬਾਵਜੂਦ ਉਸਨੂੰ ਮੱਧਕਾਲੀ ਕਵੀਆਂ ਨਾਲੋਂ ਵੱਖਰਿਆਉਂਦੀ ਹੈ। ਬੁੱਟਰ ਉਸ ਅਭੇਦ ਦੀ ਗੱਲ ਤਾਂ ਕਰਦਾ ਹੈ ਪ੍ਰੰਤੂ ਉਸਨੂੰ ਆਪਣੀ ਲਿਖਤ ਵਿੱਚ ਪ੍ਰੋਣ ਦੀ ਜੁਗਤ ਉਸਦੀ ਨਿਰਾਲੀ ਹੈ।ਭੂਤ ਦੀਆਂ ਸੋਚਾਂ ਵਿੱਚ ਉਲਝੇ ਰਹਿ ਕੇ ਜਾਂ ਭਵਿੱਖ ਬਾਰੇ ਖਿਆਲੀ ਪੁਲਾਅ ਬਣਾਉਣ ਵਿੱਚ ਅਣਮੋਲ ਵਰਤਮਾਨ ਨੂੰ ਖੁੰਝਾਉਣਾ ਉਸਦੇ ਕਵੀ ਮਨ ਨੂੰ ਗਵਾਰਾ ਨਹੀਂ। ਇਸ ਸਬੰਧੀ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਾਚੀਆਂ ਜਾ ਸਕਦੀਆਂ ਹਨ–

"ਵਰਤਮਾਨ ਵਿੱਚ ਜਿਉਣਾ ਆ ਜਾਵੇ
ਤਾਂ ਇੱਕੋ ਪਲ ਉਮਰ ਹੋ ਨਿਬੜਦਾ.
ਪਰ ਅਸੀਂ ਤਾਂ ਅਤੀਤ ਦੀ ਸ਼ੀਸ਼ੇ ਨੂੰ,
ਲਿਸ਼ਕਾਉਣ ਵਿਚ ਮਸ਼ਰੂਫ਼ ਰਹਿੰਦੇ।"6
ਜਾਂ
"ਅਤੀਤ ਦੀਆਂ ਗਲੀਆਂ ਵਿੱਚ
ਅੱਖਾਂ ਮੀਟ ਕੇ ਕਿਉਂ ਘੁੰਮਦਾ ਹੈ ਵਰਤਮਾਨ
ਹਾਸਲ ਪਲ,
ਮੁੱਠੀ 'ਚੋਂ ਕਿਉਂ ਕਿਰ ਜਾਂਦਾ ਰੇਤ ਵਾਂਗੂੰ।" 7

ਅਜੋਕੇ ਸਮੇਂ ਮਨੁੱਖ ਅੰਦਰ ਲੱਗੀ ਪੈਸੇ ਦੀ ਦੋੜ ਅਤੇ ਇਸ ਹੋੜ ਵਿੱਚ ਹੋ ਰਹੇ ਰਿਸ਼ਤਿਆਂ ਦੇ ਘਾਣ ਬਾਰੇ ਕਵੀ ਕਾਫ਼ੀ ਚਿੰਤਤ ਨਜ਼ਰੀਂ ਪੈਂਦਾ ਹੈ।ਅੱਜ ਕਿਸੇ ਬੰਦੇ ਕੋਲ ਦੂਜੇ ਨਾਲ ਗੱਲ ਕਰਨ ਦੀ ਹੀ ਫੁਰਸਤ ਨਹੀਂ। ਪੈਸੇ ਪਿੱਛੇ ਪਾਗਲ ਹੋਏ ਬੰਦੇ/ਮਨੁੱਖ ਨੂੰ ਕਵੀ ਨੇ ਵਿਅਕਤੀ ਨਹੀ ਭੀੜ ਮੰਨਿਆ ਹੈ ਅਜਿਹੀ ਭੀੜ ਜੋ ਬੇਨਕਸ਼ ਤੇ ਬੇਲਗਾਮ ਹੈ। ਦੂਜੇ ਤੋਂ ਵੱਧ ਪੈਸੇ ਕਮਾਉਣਾ ਹੀ ਜਿਸਦਾ ਅੰਤਮ ਲਕਸ਼/ਨਿਸ਼ਾਨਾ ਹੈ। ਇਹ ਭੀੜ ਹਮਦਰਦੀ ਤੇ ਪਿਆਰ ਦੀ ਬਾਤ ਤੋਂ ਸੱਖਣੀ ਹੈ–

"ਭੀੜ ਵਿੱਚ, ਸਿਰਾਂ ਤੋਂ ਸਿਰਾਂ ਤੱਕ ਦੂਰੀ ਨਾ ਮਾਤਰ, ਦਿਲਾਂ ਤੋਂ ਦਿਲਾਂ ਵਿਚਲਾ ਕੋਹਾਂ ਦਾ ਫਾਸਲਾ,
ਇੱਕ-ਦੂਜੇ ਨੂੰ ਮਿੱਧਣ ਦੀ ਕਾਹਲ 'ਚ,
ਵਿਹਲ ਨਹੀਂ ਮਰਨ ਦੀ ਵੀ।"8

ਪੈਸੇ ਪਿੱਛੇ ਲੱਗੀ ਇਸ ਦੋੜ ਨੇ ਸਾਡੇ ਰਿਸ਼ਤਿਆਂ 'ਚੋਂ ਕੇਵਲ ਅਪਣੱਤ ਨੂੰ ਹੀ ਮਨਫ਼ੀ ਨਹੀਂ ਕੀਤਾ ਸਗੋਂ ਸਾਡੀ ਭਾਈਚਾਰਕ ਸਾਂਝ ਨੂੰ ਵੀ ਖੋਰਾ ਲਾਇਆ ਹੈ।ਜਿਸਦਾ ਵਰਣਨ ਕਵੀ ਦੀ ਕਵਿਤਾ 'ਹਾਦਸਿਆਂ ਦਾ ਤਾਪਮਾਨ' ਕਰਦੀ ਹੈ–

"ਇੱਕ ਹੱਥ ਦੂਜੇ 'ਤੇ ਸ਼ੱਕ ਕਰਦਾ,
ਪੈਰ ਵੀ ਹੁਕਮ ਅਦੂਲੀ ਕਰਦੇ ਸਿਰਾਂ ਦੀ,
ਮੋਹ ਦੇ ਦਰਿਆ, ਗਰਜ਼ਾਂ ਦੇ
ਸਮੁੰਦਰ ਵਿੱਚ ਜਾ ਡਿੱਗਦੇ,
ਅੱਖਾਂ ਵੇਖਦੀਆਂ ਕਦੋਂ ਨੇ, ਸਿਰਫ਼ ਤੋਲਦੀਆਂ ਨੇ,
ਸੁਫ਼ਨਿਆਂ ਨੂੰ, ਚੀਜ਼ਾਂ ਨੂੰ, ਰਿਸ਼ਤਿਆਂ ਨੂੰ।"9

ਅਜਿਹੇ ਗਰਜ਼ਾਂ ਮਾਰੇ ਉੱਤਰ-ਆਧੁਨਿਕ ਸਮੇਂ 'ਤੇ ਕਵੀ ਕਰਾਰੀ ਚੋਟ ਕਰਦਾ ਹੈ ਜਿਸ ਵਿੱਚ ਸਾਡੀਆਂ ਸਾਰੀਆਂ ਸਰੀਰਕ/ਮਾਨਸਕ ਕਿਰਿਆਵਾਂ ਬਣਾਵਟੀ ਹੋ ਚੁੱਕੀਆਂ ਹਨ–

"ਬੇਗਾਨੀ ਪੀੜ ਦੇ ਰੂਬਰੂ ਹੁੰਦਿਆਂ,
ਕੌਸਮੈਟਿਕੀ ਅੱਥਰੂ ਵਹਾਅ ਕੇ ਸੁਰਖਰੂ ਹੋਈਏ,
ਸਾਡੇ ਹਾਸੇ ਹੀ ਨਹੀਂ,
ਹਉਕੇ ਵੀ ਉੱਤਰ-ਆਧੁਨਿਕ ਹੋ ਗਏ।"10

ਬੁੱਟਰ ਕੇਵਲ ਸਰੋਕਾਰਾਂ ਦੇ ਪੱਖ ਤੋਂ ਹੀ ਨਹੀਂ ਸਗੋਂ ਉਸਦੇ ਕਾਵਿ ਵਿਚਲੀਆਂ ਕਲਾਤਮਕ ਖੂਬੀਆਂ ਕਾਰਨ ਵੀ ਇੱਕ ਉੱਚ-ਪਾਇ ਦਾ ਕਵੀ ਹੈ।ਉਸਦੀ ਕਵਿਤਾ ਕਲਾਤਮਕ ਪੱਖ ਦੀ ਗੱਲ ਕਰਨ ਲੱਗਿਆਂ ਸਭ ਤੋਂ ਪਹਿਲਾਂ ਜਿਹੜੀ ਗੱਲ ਸਾਡਾ ਧਿਆਨ ਕੇਂਦਰਿਤ ਕਰਦੀ ਹੈ ਉਹ ਹੈ ਇਸ ਕਾਵਿ ਸੰਗ੍ਰਹਿ ਦਾ ਸਿਰਲੇਖ 'ਮਹਾਂ ਕੰਬਣੀ'। ਇਸਨੂੰ (ਸਿਰਲੇਖ ਨੂੰ) ਜਦੋਂ ਅਸੀਂ ਡੀਕੋਡ ਕਰਕੇ ਦੇਖਦੇ ਹਾਂ ਤਾਂ ਇੱਕ ਪਹਿਲੂ ਜਿਹੜਾ ਸਾਡੇ ਸਾਹਮਣੇ ਆਉਂਦਾ ਹੈ ਕਿ ਇੱਕ ਕੰਬਣੀ ਤਾਂ ਪਰਮਾਤਮਾ-ਜੀਵਾਤਮਾ ਦੇ ਬਿਰਹੋਂ ਕਾਰਨ ਪੈਦਾ ਹੋਈ ਹੈ ਪ੍ਰੰਤੂ ਸਮਕਾਲ ਵਿਚ ਇਹ ਕੰਬਣੀ ਕਵੀ ਦੀ ਸੰਵੇਦਨਾ ਦੇ ਸਮਾਜਿਕ ਸੰਦਰਭ ਨੂੰ ਪੇਸ਼ ਕਰਦੀ ਹੈ। ਇਹ ਕੰਬਣੀ ਉਦੋਂ ਹੋਰ ਵੀ ਤੀਬਰ ਅਤੇ ਮਹੱਤਵਪੂਰਨ ਹੋ ਜਾਂਦੀ ਹੈ ਜਦੋਂ ਇਹ ਸਮਕਾਲੀ ਸਮਾਜ 'ਚ ਫੈਲੇ ਦੁੱਖਾਂ-ਤਕਲੀਫ਼ਾਂ ਤੇ ਅਰਾਜਕਤਾ ਕਾਰਨ ਪੈਦਾ ਹੁੰਦੀ ਹੈ ਅਤੇ ਅਲੌਕਿੱਕ ਸੰਸਾਰ ਦੀ ਥਾਂ ਇਹਲੌਕਿੱਕ ਸੰਸਾਰ ਦੇ ਸੰਦਰਭ ਵਿਚ ਪੇਸ਼ ਹੁੰਦੀ ਹੈ।ਇਸ ਨੁਕਤੇ ਦਾ ਜ਼ਿਕਰ ਕਵੀ ਇਸ ਸੰਗ੍ਰਹਿ ਦੇ 'ਸਮਰਪਣ' ਵਿੱਚ ਹੀ ਕਰ ਰਿਹਾ ਹੈ–

"ਪੰਜ ਤੱਤਾਂ ਦੀ,
ਮਹਾਂਕੰਬਣੀ 'ਚੋਂ ਉਪਜੇ,

ਸੰਵਾਦ ਰਾਗ ਦੇ ਨਾਂ।"11

ਸਾਰਾ ਕਾਵਿ ਸੰਗ੍ਰਹਿ ਪ੍ਰਸ਼ਨੋਤਰੀ ਵਿਧੀ 'ਚ ਰਚਿਆ ਹੋਇਆ ਹੈ ਜਿੱਥੇ ਇੱਕ ਪਾਸੇ ਜੀਵਾਤਮਾ ਰੂਪੀ ਜਗਿਆਸਾ ਤੇ ਦੂਜੇ ਪਾਸੇ ਗੁਰਦੇਵ ਦਾ ਅਪਸ ਵਿਚ ਸੰਵਾਦ ਹੈ।ਜਗਿਆਸਾ ਅਸਲ ਵਿੱਚ ਅਣਜਾਣੇ ਨੂੰ ਜਾਣਨ, ਅਣਦੇਖੇ ਨੂੰ ਦੇਖਣ, ਅਣ-ਸੁਲਝੇ ਨੂੰ ਸੁਲਝਾਉਣ ਤੇ ਅਣ-ਸਮਝੇ ਨੂੰ ਸਮਝਣ ਲਈ ਗੁਰਦੇਵ ਅੱਗੇ ਪ੍ਰਸ਼ਨ ਕਰਦੀ ਹੈ ਅਤੇ ਗੁਰਦੇਵ ਉਸ ਪ੍ਰਸ਼ਨ ਦਾ ਯਥਾਯੋਗ ਉੱਤਰ ਦਿੰਦੇ ਹਨ। ਇੰਜਕ ਵੀ ਨੇ ਕੁਦਰਤ/ਪ੍ਰਕਿਰਤੀ ਦੇ ਉਹਨਾਂ ਸਵਾਲਾਂ ਦੇ ਜਵਾਬ ਖੋਜਣ ਦੀ ਕੋਸ਼ਿਸ਼ ਕੀਤੀ ਜੋ ਮਨੁੱਖ ਦੀ ਤੁੱਛ ਬੁੱਧੀ ਤੋਂ ਪਰ੍ਹੇ ਦੇ ਹਨ।ਜਿਵੇਂ-

"ਹੇ ਗੁਰਦੇਵ।
ਮੈਂ ਆਪਣੀਆਂ ਅਤ੍ਰਿਪਤੀਆਂ ਦਾ ਕਾਸ਼ਾ ਲੈ ਕੇ,
ਖੜ੍ਹੀ ਹਾਂ ਤੇਰੇ ਦੁਆਰ।"
ਗੁਰਦੇਵ- "ਹੇ ਸਖੀ!
ਅਤ੍ਰਿਪਤੀਆਂ ਜਾਮਨ ਹੀ ਹੁੰਦੀਆਂ
ਰਗਾਂ 'ਚੋਂ ਦੋੜਦੇ ਲਹੂ ਦੀਆਂ
ਪਿਆਸ ਮਿਟ ਜਾਵੇ
ਤਲਾਸ਼ ਦਾ ਸਿਲਸਿਲਾ ਹੀ ਰੁਕ ਜਾਂਦਾ।"12

ਇੱਥੇ ਕਵੀ ਅਤ੍ਰਿਪਤੀ ਨੂੰ ਵੀ ਪ੍ਰਾਪਤੀ ਮੰਨ ਰਿਹਾ ਹੈ ਕਿਉਂਕਿ ਜੋ ਇਹੀ ਖ਼ਤਮ ਹੋ ਜਾਵੇ ਤਾਂ ਬੰਦੇ ਦੀ ਪ੍ਰਗਤੀ ਹੀ ਰੁਕ ਜਾਂਦੀ ਹੈ।

ਭਾਵੇਂ ਕਿ ਮਹਾਂਕੰਬਣੀ 'ਚ ਸ਼ਾਮਲ ਬਹੁਤੀਆਂ ਕਵਿਤਾਵਾਂ ਰਹੱਸਵਾਦੀ ਲਹਿਜੇ ਦੀਆਂ ਹਨ ਪ੍ਰੰਤੂ ਫਿਰ ਵੀ ਬਹੁਤੇ ਥਾਂਵੇਂ ਕਵੀ ਆਪਣੀ ਗੱਲ ਨੂੰ ਕਹਿਣ ਲੱਮੇ ਤਰਕ ਰਾਹੀਂ ਪੇਸ਼ ਕਰਦਾ ਹੈ-

"ਜਿਸ ਵਿਸਫੋਟ 'ਚੋਂ ਉਪਜੀ ਕਾਇਨਾਤ
ਉਹ ਹਾਲੇ ਵੀ ਧੜਕਦਾ,
ਕਣ ਕਣ ਦੇ ਜਿਗਰ ਅੰਦਰ।"13

ਬੁੱਟਰ ਆਪਣੀ ਗੱਲ ਨੂੰ ਸਿਰਫ਼ ਤਰਕ ਨਾਲ ਹੀ ਪੇਸ਼ ਨਹੀਂ ਕਰਦਾ ਸਗੋਂ ਉਹ ਇਤਿਹਾਸਕ/ ਮਿਥਿਹਾਸਕ ਘਟਨਾਵਾਂ ਤੇ ਪਾਤਰਾਂ ਦੀ ਸਿਰਜਨਾ ਨਵੇਂ ਸੰਦਰਭ 'ਚ ਕਰਦਾ ਹੋਇਆ ਨਵੇ ਤਰਕ ਦੀ ਸਿਰਜਣਾ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ। ਜਿਵੇਂ-

"ਕਿਸੇ ਦੇਵ ਦੇ ਹਿੱਸੇ ਵੀ ਨਹੀਂ,
ਹਸਤੀ ਦੀ ਮੁਕੰਮਲਤਾ,
ਤਿੜਕਦੇ ਰਹੇ ਉਹ ਵੀ ਹਰ ਕਾਲ ਅੰਦਰ।" 14

ਜਾਂ

"ਚਿਤਰਗੁਪਤ ਨਹੀਂ
ਸਾਡੀ ਜ਼ਮੀਰ ਹੀ ਪਲ-ਪਲ ਦਾ ਹਿਸਾਬ ਰੱਖਦੀ।"15

'ਖੌਫ਼ਜ਼ਦਾ ਮਿੱਟੀ' ਨਾਮੀ ਕਵਿਤਾ ਵਿੱਚ ਕਵੀ ਅਮਰੀਕੀ ਸਾਮਰਾਜਵਾਦ 'ਤੇ ਕਰਾਰਾ ਵਿਅੰਗ ਕਰਦਾ ਹੋਇਆ, ਉਥੋਂ ਦੇ ਸ਼ਾਸ਼ਕਾਂ ਨੂੰ 'ਪਾਤਾਲ ਦੇ ਦੇਵਤੇ ਨਾਮੀ ਲਕਬ ਨਾਲ ਸੰਬੋਧਿਤ ਹੁੰਦਾ ਹੈ। ਜਿਨ੍ਹਾਂ ਨੇ ਛੋਟੇ/ਵਿਕਾਸਸ਼ੀਲ ਮੁਲਕਾਂ ਦੇ ਰੂਪ ਸਿੱਧਰਾਂ, ਚਾਅ-ਮਲ੍ਹਾਰ, ਕਦਰਾਂ-ਕੀਮਤਾਂ, ਪੁਸ਼ਾਕ, ਖਾਣ-ਪੀਣ ਆਦਿ ਸਭ ਕਾਸੇ ਨੂੰ ਹੀ ਢਾਅ ਲਾਈ/ਨਿਗਲ ਲਿਆ-

"ਪਤਾਲ ਦੇਸ਼ ਦੇ 'ਦੇਵਤੇ'
ਮਨੁੱਖਾਂ ਨੂੰ ਕੀੜੇ ਸਮਝਦੇ
ਕੀ-ਕੀ ਪੀੜਿਆ ਜਾ ਰਿਹਾ ਪੂੰਜੀ ਦੇ ਕੋਹਲੂ 'ਚ,
ਨਿੱਕੇ-ਨਿੱਕੇ ਚਾਅ, ਵੱਡੇ-ਵੱਡੇ ਸੁਫ਼ਨੇ,
ਚੱਜ ਆਚਾਰ, ਸਭਿਆਚਾਰ
ਬੱਲੀਆਂ 'ਚੋਂ ਰੋਟੀ ਨਈਂ, ਪੀਜੇ ਬੋਲਦੇ,
ਦੁੱਧ ਦੀਆਂ ਧਾਰਾਂ ਬਟਰ ਬਣਦੀਆਂ
ਤੇ ਵਿੱਥ ਸਿਰਜ ਲੈਂਦੀਆਂ,
ਲੱਸੀ ਪੀਣੇ ਗਲ਼ੀਆਂ ਪਾਲ਼ੀਆਂ ਤੋਂ।"16

ਇਥੇ ਕਵੀ ਅਮਰੀਕੀ ਸਾਮਰਾਜਵਾਦ ਦੇ ਪੂਰੀ ਦੁਨੀਆਂ 'ਤੇ ਕਾਬਜ਼ ਹੋਣ ਦੀ ਗੱਲ ਕਰ ਰਿਹਾ ਹੈ। ਗੱਲ ਕਰਦਾ ਹੋਇਆ ਉੱਥੇ ਦੇ ਸ਼ਾਸ਼ਕਾਂ ਨੂੰ 'ਪਾਤਾਲ ਦੇ ਦੇਵਤੇ' ਰੂਪਕ ਨਾਲ ਸੰਬੋਧਤ ਕਰਦਾ ਹੈ। ਜਿਨ੍ਹਾਂ ਨੇ ਸਾਡੀ ਅਮੀਰ ਸਭਿਆਚਾਰਕ ਸਾਂਝ ਨੂੰ ਢਾਅ ਲਾਈ। ਇੱਕ ਗੱਲ ਹੋਰ ਵੀ ਬਿਆਨਗੋਚੀ ਹੈ ਕਿ ਸਾਡੇ ਪੰਜਾਬੀ ਸਭਿਆਚਾਰ ਵਿੱਚ ਜਿੱਥੇ ਪਹਿਲਾਂ ਪੀੜ੍ਹੀ ਪਾੜਾ ਕੇਵਲ ਉਮਰ ਦੇ ਫ਼ਰਕ ਕਾਰਨ ਹੁੰਦਾ ਸੀ, ਅੰਗਰੇਜ਼ਾਂ ਦੀ ਆਮਦ ਨਾਲ ਇਹ ਦੋਵੇਂ ਪੀੜ੍ਹੀਆਂ ਦੀ ਸੋਚ, ਉਹਨਾਂ ਦੀਆਂ ਕਦਰਾਂ-ਕੀਮਤਾਂ ਤੇ ਨਵੀਂ ਪੀੜ੍ਹੀ ਦੇ ਪੱਛਮੀ ਪ੍ਰਭਾਵ ਹੇਠ ਵਿਚਾਰ ਰਹੀ ਹੋਣ ਕਾਰਨ ਵੀ ਹੋਂਦ ਧਾਰਦਾ ਹੈ। ਇਹ ਅੰਤਰ ਉਪਰੋਕਤ ਕਵਿਤਾ 'ਚੋਂ ਸਾਫ਼ ਤੌਰ 'ਤੇ ਦੇਖਿਆ ਜਾ ਸਕਦਾ ਹੈ। ਨਵੇਂ ਰੂਪਕਾਂ ਦੀ ਵਰਤੋਂ ਦੇ ਪੱਖੋਂ ਉਸਦੀਆਂ ਹੋਰ ਵੀ ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ।

"ਚੁੱਲ੍ਹੇ 'ਚ ਹੱਡਾਂ ਦੀ ਅੱਮ ਬਾਲ਼ੀ,
ਤਾਂ ਵੀ,
ਕੱਚੇ ਹੀ ਰਹੇ ਰੀਝਾਂ ਦੇ ਚੌਲ਼।"17
ਜਾਂ
"ਅਸੀ ਮਿੱਟੀ ਦੇ ਬੋਲਦੇ ਬਾਵੇ
ਤਿੰਨ ਕਾਲ ਦੀ ਪਰਿਕਰਮਾ ਕਰਦਿਆ
ਮਿੱਟੀ ਅੰਦਰ ਸਦੀਵੀ ਵਿਸ਼ਰਾਮ ਕਰਦੇ।"18
ਜਾਂ
"ਬੁਲਬੁਲੇ ਜਿੰਨੀ ਸਾਡੀ ਆਰਜ਼ੂ,
ਭੁਲੇਖਾ ਪਾਲਦੇ ਸਮੁੰਦਰ ਹੋਣ ਦਾ।"19
ਜਾਂ
"ਲਾਲ ਵਹੀ ਦੇ ਅੰਕੜੇ,
ਪਹਿਲਾਂ ਅਮੀਬਾ ਫੇਰ ਡਾਇਨਾਸੋਰ ਹੋ ਗਏ।"20

## ਕਵਿਤਾਵਾਂ / ਡਾ. ਓਮ ਪ੍ਰਕਾਸ਼ ਸ਼ਰਮਾ 'ਪ੍ਰਕਾਸ਼'

### ਭਵਿੱਖ

ਮੈਂ ਖਰੀਦਿਆ ਇੱਕ ਘੋੜਾ
ਮੋਟਰ ਦੇ ਯੁਗ ਵਿਚ

ਮੈਂ ਜਗਾਇਆ ਇਕ ਦੀਵਾ
ਜੇਨਰੇਟਰ ਦੇ ਯੁਗ ਵਿਚ

ਮੈਂ ਬੀਜਿਆ ਇਕ ਪੌਦਾ
ਮਿੱਟੀ ਦਾ ਢੇਰ ਬਣਾ ਕੇ
ਸੀਮੇਂਟ ਦੀ ਕੰਧ ਦੇ ਉੱਤੇ

ਭਾਂਡਿਆਂ ਨੂੰ ਦਰਕਿਨਾਰ ਕਰ ਕੇ
ਮੈਂ ਪੀਤਾ ਪਾਣੀ ਓਕ ਵਿਚ

ਮੈਂ ਅਤੀਤ ਵਿਚ ਹਾਂ
ਜਾਂ ਭਵਿੱਖ ਵਿਚ
ਫੈਸਲਾ ਕਰੇਗਾ ਵਕਤ

### ਲੇਖਣ

ਮੈਂ ਲਿਖਦਾ ਰਿਹਾ
ਗਰੀਬਾਂ ਦੀ ਗਾਥਾ
ਮਜਦੂਰਾਂ ਦੀ ਗੱਲ



ਰਿਕਸ਼ੇ ਵਾਲਿਆਂ ਦਾ ਦਰਦ
ਬਿਨਾ ਜਾਣੇ ਕਿ
ਕੀ ਲਿਖਣਾ ਹੈ ਮੈਂ

ਮੈਂ ਸਾਰਿਆਂ ਦੇ ਬਾਰੇ
ਲਿਖਦਾ ਰਿਹਾ
ਬਿਨਾ ਪਛਾਣੇ ਕਿ
ਲਿਖਣਾ ਹੈ ਮੈਂ ਖ਼ੁਦ ਨੂੰ ਹੀ...

### ਆਦਮਖੋਰ

ਆਦਮਖੋਰ ਦਹਾੜਿਆ-
ਆਦਮ-ਬੂ, ਆਦਮ-ਬੂ
ਪਰਦੇ ਦੇ ਪਿਛੇ ਲਕੋਇਆ ਹੈ ਜਿਸਨੂੰ
ਇਸੇ ਪਲ ਖਾਵਾਂਗਾ ਉਸਨੂੰ

ਰਾਜਕੁਮਾਰੀ ਨੇ ਕਿਹਾ-
ਇੱਥੇ ਕੋਈ ਨਹੀਂ ਹੈ ਮੇਰੇ ਤੋਂ ਸਿਵਾ
ਤੂੰ ਕਰਦਾ ਰਹਿੰਦਾ ਹੈਂ ਹੱਤਿਆਵਾਂ
ਜੰਗਲ ਵਿਚ ਖਾਂਦਾ ਰਹਿੰਦਾ ਹੈਂ ਮਾਸ
ਉਹੀ ਦੁਰਗੰਧ ਹੈ ਇਹ
ਤੇਰੇ ਆਪਣੇ ਸਰੀਰ ਵਿਚੋਂ ਆਉਂਦੀ
ਹੋਈ...

### ਪਾਣੀ

ਪਾਣੀ ਮੰਗਣਾ ਬੁਰਾ ਨਹੀਂ
ਪਰ ਸੋਕਾ ਪੈ ਰਿਹਾ ਹੋਵੇ
ਤੇ ਪਾਣੀ ਮੰਗੋ
ਤਾਂ ਕੀ ਹੋਵੇਗਾ
ਹੋਵੇਗਾ ਕੀ ?

ਪਾਣੀ ਆਪਣੀ ਥਾਂ ਹੈ
ਸੋਕਾ ਵੀ ਆਪਣੀ ਥਾਂ

ਸਵਾਲ ਤਾਂ
ਮੰਗਣ ਅਤੇ
ਦੇਣ ਵਾਲੇ ਦੇ ਫ਼ਰਕ ਦਾ ਹੈ।

**ਅਨੁ. ਅਮਰਜੀਤ ਕੌਂਕੇ**

ਅੰਤ ਤੇ ਕਿਹਾ ਜਾ ਸਕਦਾ ਹੈ ਕਿ ਦਰਸ਼ਨ ਬੁੱਟਰ ਦੀ ਕਵਿਤਾ ਰਹੱਸਵਾਦੀ ਰੰਗ 'ਚ ਰੰਗੀ ਹੋਈ ਹੋਣ ਦੇ ਬਾਵਜੂਦ ਵੀ ਤਰਕ ਦਾ ਪੱਲਾ ਨਹੀਂ ਛੱਡਦੀ। ਉਹ ਮਨੁੱਖ ਨੂੰ ਇਸ ਮੰਦਲੀ ਦੁਨੀਆ ਤੋਂ ਕੰਵਲ ਦੇ ਫੁੱਲ ਵਾਂਗ ਨਿਰਲੇਪ ਰਹਿੰਦੇ ਆਪਣੀ ਮੌਲਿਕਤਾ ਨੂੰ ਬਰਕਰਾਰ ਰੱਖਣ ਅਤੇ ਆਸਵੰਤ ਰਹਿਣ ਦਾ ਸੰਦੇਸ਼ ਦਿੰਦਾ ਹੈ-

"ਫੇਰ ਵੀ ਸਖੀ।
ਕੰਵਲ-ਪੱਤੀਆਂ ਨਹੀਂ ਭਿੱਜਦੀਆਂ
ਮੈਲ਼ੇ ਪਾਣੀਆਂ 'ਚ
ਗੰਧਲੀ ਫਿਜ਼ਾ 'ਚ,
ਆਪਣੀ ਮੌਲਿਕ ਮਹਿਕ ਕਿਉਂ ਵਿਸਾਰੀਏ।"21

### ਹਵਾਲੇ ਅਤੇ ਟਿੱਪਣੀਆਂ


1. ਦਰਸ਼ਨ ਬੁੱਟਰ, ਮਹਾਂਕੰਬਣੀ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009. ਪੰਨਾ-10
2. ਉਹੀ, ਪੰਨਾ-36
3. ਉਹੀ, ਪੰਨਾ-54
4. ਉਹੀ, ਪੰਨਾ -56
5. ਉਹੀ, ਪੰਨਾ-74
6. ਉਹੀ, ਪੰਨਾ-45
7. ਉਹੀ, ਪੰਨਾ-72
8. ਉਹੀ, ਪੰਨਾ-84
9. ਉਹੀ, ਪੰਨਾ-86
10 ਉਹੀ, ਪੰਨਾ-87
11. ਉਹੀ, ਪੰਨਾ-
12. ਉਹੀ, ਪੰਨਾ-8
13. ਉਹੀ, ਪੰਨਾ-9
14. ਉਹੀ, ਪੰਨਾ-73
15. ਉਹੀ, ਪੰਨਾ-64
16. ਉਹੀ, ਪੰਨਾ-61
17. ਉਹੀ, ਪੰਨਾ-77
18. ਉਹੀ, ਪੰਨਾ-80
19. ਉਹੀ, ਪੰਨਾ-73
20. ਉਹੀ, ਪੰਨਾ-74
21. ਉਹੀ, ਪੰਨਾ-90



**ਵੜੈਚ ਕਲੋਨੀ**
**ਸਮਾਣਾ**

# ਮਸ਼ਾਲਚੀ ਨਾਵਲ ਦੇ ਸਮਾਜਿਕ ਭਾਸ਼ਾਈ ਸਰੋਕਾਰ / ਡਾ. ਰਜਵੰਤ ਕੌਰ

ਮਸ੍ਹਾਲਚੀ, ਗੁਰਚਰਨ ਸਿੰਘ ਰਾਓ ਦਾ ਪਹਿਲਾ ਅਤੇ ਆਖ਼ਰੀ ਨਾਵਲ ਹੈ। ਪਰ ਲੇਖਕ ਦਾ ਇਹ ਇੱਕੋ ਇੱਕ ਨਾਵਲ ਹੀ ਪੰਜਾਬੀ ਨਾਵਲ ਦੇ ਖੇਤਰ ਵਿਚ ਵਿਲੱਖਣ ਸਥਾਨ ਦਾ ਧਾਰਨੀ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਬਹੁਤ ਹੀ ਸੂਖ਼ਮ ਢੰਗ ਨਾਲ ਪੰਜਾਬ ਦੇ ਦੱਬੇ-ਕੁਚਲੇ ਲੋਕ-ਜੀਵਨ ਅਤੇ ਉਨਾਂ ਦੇ ਆਰਥਿਕ-ਸਮਾਜਿਕ ਸ਼ੋਸ਼ਣ ਨੂੰ ਪੇਸ਼ ਕੀਤਾ ਹੈ।ਇਸ ਨਾਵਲ ਵਿਚ 1947 ਤੋਂ ਪਹਿਲਾਂ ਦੇ ਮਲਵਈ ਸਮਾਜ ਵਿਚ ਫੈਲੀ ਜਾਤ-ਪਾਤ ਅਤੇ ਛੂਤਛਾਤ ਆਦਿ ਸਮਾਜਿਕ ਵਿਤਕਰਿਆਂ ਨੂੰ ਬਰੀਕ-ਬੀਨੀ ਨਾਲ ਚਿਤਰਿਆ ਗਿਆ ਹੈ। ਲੇਖਕ ਨੇ ਪੰਜਾਬ ਦੀ ਧਨੀ ਕਿਰਸਾਣੀ ਵੱਲੋਂ ਕੰਮੀਆਂ ਦੀ ਲੁੱਟ ਅਤੇ ਸੀਰੀਆਂ-ਕੰਮੀਆਂ ਨਾਲ ਦੁਰ-ਵਿਹਾਰ ਦੇ ਸੰਵੇਦਨਸ਼ੀਲ ਚਿਤਰ, ਉਨਾਂ ਦੀ ਬੋਲਚਾਲੀ ਭਾਸ਼ਾ ਵਿਚ ਪੇਸ਼ ਕੀਤੇ ਹਨ। ਨਾਵਲ ਦੀ ਭੂਮਿਕਾ(ਪੰਨਾ:11)ਵਿਚ ਸੰਤ ਸਿੰਘ ਸੇਖੋਂ ਦੀ ਟਿੱਪਣੀ ਅਨੁਸਾਰ, ਇਸ ਨਾਵਲ ਵਿਚ ਨਾਵਲਕਾਰ ਨੇ ਪੇਂਡੂ ਦਲਿਤ ਸ੍ਰੇਣੀ ਦੇ ਜੀਵਨ ਵਿਚੋਂ ਇੱਕ ਮੁੰਡੇ ਦੇ ਵ੍ਰਿਤ ਨੂੰ ਚਿਤਰਿਤ ਕੀਤਾ ਹੈ, ਜਿਹੜਾ ਬੁੱਧੀਮਾਨ ਅਤੇ ਸਾਹਸ-ਧਾਰੀ ਹੈ, ਪਰ ਜਿਸ ਦਾ ਸਾਹਸ ਉਸ ਲਈ ਘਾਤਕ ਸਿੱਧ ਹੁੰਦਾ ਹੈ। ਇਸ ਪ੍ਰਕਾਰ ਮਸ੍ਹਾਲਚੀ ਇੱਕ ਅਜਿਹੀ ਨਿਵੇਕਲੀ ਰਚਨਾ ਹੈ ਜਿਸ ਵਿਚ ਪੇਂਡੂ ਦਲਿਤ ਸ੍ਰੇਣੀ ਨੂੰ ਕਲਾਤਮਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਦੇ ਸਾਰੇ ਪਾਤਰ ਮਲਵਈ ਸੰਸਕ੍ਰਿਤੀ ਨਾਲ ਪਰਨਾਏ ਹੋਏ ਹਨ। ਇਸ ਕਾਰਨ ਉਹ ਸਹਿਜ ਰੂਪ ਵਿਚ ਮਲਵਈ ਬੋਲੀ ਦੀ ਵਰਤੋਂ ਕਰ ਕੇ ਆਪਣੀ ਜੀਵਨ ਰਹਿਤਲ ਨੂੰ ਉਜਾਗਰ ਕਰਦੇ ਹਨ। ਇਸ ਨਾਵਲ ਵਿਚ ਮਲਵਈ ਬੋਲੀ ਅਗਰਭੂਮਿਤ ਹੁੰਦੀ ਹੈ।

ਇਸ ਨਾਵਲ ਦਾ ਪ੍ਰਤੀਨਿਧ ਪਾਤਰ ਕੱਟੂ ਹੈ,ਜੋ ਦਲਿਤ-ਸ੍ਰੇਣੀ ਨਾਲ ਸਬੰਧਿਤ ਨੌਜਵਾਨ ਹੈ।ਉਸ ਦਾ ਮੁੱਢਲਾ ਘਰੋਗੀ ਜੀਵਨ ਕਠੋਰ ਪ੍ਰਸਥਿਤੀਆਂ ਵਿੱਚੋਂ ਗੁਜ਼ਰਦਾ ਹੈ। ਕੱਟੂ ਦਾ ਪਿਤਾ ਭਗਤੂ ਚਾਹੁੰਦਾ ਹੈ ਕਿ ਉਹ ਜ਼ੈਲਦਾਰਾਂ ਦੇ ਡੰਗਰ ਚਾਰੇ ਜਦਕਿ ਮਾਂ ਬਚਨੀ ਕੱਟੂ ਨੂੰ ਸਕੂਲ ਭੇਜਣਾ ਚਾਹੁੰਦੀ ਹੈ। ਔਕੜਾਂ ਭਰੇ ਪਰਿਵਾਰਕ ਵਾਤਾਵਰਨ ਵਿਚੋਂ ਉਸ ਨੂੰ ਮੁਸ਼ਕਲ ਨਾਲ ਹੀ ਸਕੂਲ ਪਹੁੰਚਣ ਦਾ ਮੌਕਾ ਮਿਲਦਾ ਹੈ। ਨੀਵੀਂ ਜਾਤ (ਚਮਾਰ) ਨਾਲ ਸਬੰਧਿਤ ਹੋਣ ਕਰ ਕੇ ਸਕੂਲ ਵਿਚ ਜਮਾਤੀ ਮੁੰਡੇ ਉਸ ਨੂੰ ਚੰਮ ਕਹਿ ਕੇ ਚਿੜਾਉਂਦੇ ਹਨ। ਪੜ੍ਹਾਈ ਵਿਚ ਹੁਸ਼ਿਆਰ ਹੋਣ ਦੇ ਬਾਵਜੂਦ ਅਧਿਆਪਕਾਂ ਦਾ ਨੀਵੀਂ ਜਾਤ ਦੇ ਕੱਟੂ ਪ੍ਰਤੀ ਵਤੀਰਾ ਅਪਮਾਨਜਨਕ ਰਹਿੰਦਾ ਹੈ।ਉੱਚ ਜਾਤੀ ਨਾਲ ਸੰਬੰਧਿਤ ਕੁੱਝ ਅਧਿਆਪਕ ਚਾਹੁੰਦੇ ਹਨ ਕਿ ਕੱਟੂ ਸਕੂਲੋਂ ਨਾਂ ਕਟਵਾ ਲਵੇ। ਇਸੇ ਕਾਰਨ ਉਹ ਕੱਟੂ ਨੂੰ ਆਨੇ-ਬਹਾਨੇ ਅਪਭਾਸ਼ਾਈ ਬੋਲਾਂ ਰਾਹੀਂ ਜ਼ਲੀਲ ਕਰਦੇ ਹੋਏ, ਕੁੱਟਮਾਰ ਕਰਨ ਉਪਰੰਤ ਉਸ ਕੋਲੋਂ ਭਿੱਟ-ਚੜਨੀ ਮਹਿਸੂਸ ਕਰਦੇ ਹਨ।ਜਿਵੇਂ: ਉਏ ਦਿਆਲਿਆ ਪਾਣੀ ਦਾ ਗਲਾਸ ਲਿਆ ਕਿ ਹੱਥ ਧੁਆ ਓਏ ਮੇਰੇ ਕਿੱਟ ਚਾਤੀ ਕੁੱਤੀ ਜਾਤ ਨੇ। ਉਕਤ ਪ੍ਰਸਥਿਤੀਆਂ ਦੇ ਮੱਦੇਨਜ਼ਰ ਜ਼ੈਲਦਾਰ ਤਖ਼ਤ ਸਿੰਘ ਦੇ ਦੋਹਤੇ ਇਕਬਾਲ ਵੱਲੋਂ ਕੱਟੂ ਉੱਪਰ ਸਰੀਰਕ ਹਮਲਾ, ਥਾਣੇਦਾਰ ਦੁਆਰਾ ਪੁਲਿਸ ਹਿਰਾਸਤ ਵਿਚ ਉਸ ਉੱਪਰ ਕੀਤਾ ਕਠੋਰ ਤਸ਼ੱਦਦ, ਮਾਤਾ-ਪਿਤਾ ਦਾ ਪਰਿਵਾਰਿਕ ਤੰਗੀਆਂ-ਤੁਰਸ਼ੀਆਂ ਵਿਚ ਚਲਾਣਾ ਅਤੇ ਗ੍ਰੰਥੀ ਨਾਲ ਹੋਈ ਝੜਪ ਆਦਿ ਉਸ ਦੇ ਜੀਵਨ ਵਿਚ ਅੰਧਕਾਰ ਲਿਆਉਣ ਵਾਲੀਆਂ ਤ੍ਰਾਸਦਿਕ ਘਟਨਾਵਾਂ ਬਣਦੀਆਂ ਹਨ। ਜੀਵਨ ਦੀਆਂ ਅਜਿਹੀਆਂ ਵਿਕਰਾਲ ਘਟਨਾਵਾਂ ਨਾਲ ਨਜਿੱਠਣ ਲਈ ਉਹ ਸਮਾਜਿਕ ਚੇਤਨਾ ਦੀ ਮਸ਼ਾਲ ਚੁੱਕਦਾ ਹੈ। ਇਉਂ ਇਸ ਨਾਵਲ ਰਾਹੀਂ ਸਮਾਜ ਵਿਚਲੀ ਦਲਿਤ-ਸ਼੍ਰੇਣੀ ਨੂੰ ਨਵੀਂ ਚੇਤਨਾ ਦੀ ਲੋਅ ਨਾਲ ਜਾਗਰੂਕ ਹੁੰਦਿਆਂ ਵਿਖਾਇਆ ਗਿਆ ਹੈ,ਪਰ ਅਗਿਆਨਤਾ ਦੇ ਹਨ੍ਹੇਰੇ 'ਚ ਚੱਲਿਆ ਇਹ ਸ਼੍ਰੇਣੀ ਸੰਘਰਸ਼ ਅਧਵਾਟੇ ਹੀ ਅਲੋਪ ਹੋ ਜਾਂਦਾ ਹੈ।

ਸਮਾਜਿਕ ਪੱਖ ਤੋਂ ਵਾਚਦਿਆਂ ਇਸ ਨਾਵਲ ਦੀ ਕੇਂਦਰੀ-ਸੁਰ ਦਲਿਤ ਮਸਲਿਆਂ ਦੇ ਤੌਰ ਤੇ ਉੱਭਰੀ ਹੈ।ਨਾਵਲੀ ਕਥਾਨਕ ਦੇ ਸੰਚਾਰ ਵਿਚ ਵਿਚਰਦੇ ਉੱਚ ਅਤੇ ਨਿਮਨ ਜਾਤੀਆਂ ਦੇ ਪਾਤਰ ਭਾਸ਼ਾਈ ਤੌਰ ਤੇ ਅੰਤਰ-ਕਿਰਿਆ ਕਰਦੇ ਹਨ। ਜੀਵਨ ਦੀਆਂ ਵਿਭਿੰਨ ਪ੍ਰਸਥਿਤੀਆਂ ਦੇ ਸੰਦਰਭ ਵਿਚ ਪਾਤਰਾਂ ਦਾ ਪਰਸਪਰ ਬੋਲਚਾਲੀ ਵਰਤਾਰਾ ਜਾਤ ਆਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਪ੍ਰਮੁੱਖਤਾ ਵਜੋਂ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਮੁੱਖ ਤੌਰ ਤੇ ਜਾਤ, ਵਰਗ ਅਤੇ ਕਿੱਤਾ ਆਧਾਰਿਤ ਸਮਾਜ ਭਾਸ਼ਾਈ ਵਖਰੇਵੇਂ ਉਜਾਗਰ ਹੋਏ ਹਨ, ਪਰ ਵੱਖ-ਵੱਖ ਸਮਾਜਿਕ ਸਥਿਤੀਆਂ ਮੁਤਾਬਿਕ ਲਿੰਗ ਅਤੇ ਉਮਰ ਨਾਲ ਸੰਬੰਧਿਤ ਭਾਸ਼ਾਈ ਵਖਰੇਵੇਂ ਵੀ ਪ੍ਰਤੱਖ ਹੁੰਦੇ ਹਨ।

ਭਾਰਤੀ ਉਪ ਮਹਾਂਦੀਪ ਦੇ ਵੱਖ-ਵੱਖ ਸਮਾਜਾਂ ਵਿਚ ਵਰਣ ਆਸ਼ਰਮ ਅਤੇ ਜਾਤੀਵਾਦ ਨੇ ਵੱਖ-ਵੱਖ ਤਰੀਕਿਆਂ ਨਾਲ ਪ੍ਰਵੇਸ਼ ਕੀਤਾ। ਇਸ ਨੇ ਵਿਭਿੰਨ ਸਮਾਜਾਂ ਨੂੰ ਕਈ ਤਰੀਕਿਆਂ ਨਾਲ ਤਥਾਕਥਿਤ ਉੱਚੀਆਂ ਅਤੇ ਨੀਵੀਆਂ ਜਾਤੀਆਂ ਵਿਚ ਵੰਡਿਆ। ਚਾਰ ਵਰਣਾਂ ਤੋਂ ਤੁਰੀ ਇਹ ਵੰਡ ਸਮਾਜ ਨੂੰ ਵੰਡਦੀ ਚਲੀ ਗਈ। ਫਲਸਰੂਪ ਸਮਾਜ ਅਤੇ ਭਾਈਚਾਰੇ ਅਣਗਿਣਤ ਜਾਤਾਂ ਵਿਚ ਵੰਡੇ ਗਏ। ਹਰ ਜਾਤ ਨੇ ਆਪਣੇ ਆਲੇ-ਦੁਆਲੇ ਸਮਾਜਿਕ ਵਿਚਾਰਧਾਰਕ ਤੇ ਮਨੋਵਿਗਿਆਨਕ ਹੱਦਾਂ ਉਸਾਰ ਲਈਆਂ, ਜੋ ਭਾਈਚਾਰੇ ਦੀ ਜੀਵਨ-ਜਾਚ ਦਾ ਹਿੱਸਾ ਬਣ ਗਈਆਂ। ਇਸ ਤਰ੍ਹਾਂ ਜਾਤੀਵਾਦ ਸਾਡੇ ਸਮਾਜ ਦੀ ਨਸ-ਨਸ ਵਿਚ ਰਚ ਗਿਆ। ਜਾਤੀਵਾਦੀ ਵੰਡ ਨੇ ਸਮਾਜ ਦੇ ਹਰ ਹਿੱਸੇ ਅਤੇ ਹਰ ਵਰਤਾਰੇ ਨੂੰ

ਪ੍ਰਭਾਵਿਤ ਕਰਨਾ ਸ਼ੁਰੂ ਕੀਤਾ। ਭਾਸ਼ਾ ਅਤੇ ਸਮਾਜ ਵੀ ਆਪਸ ਵਿਚ ਨਹੀਂ ਅਤੇ ਮਾਸ ਵਾਂਗ ਜੁੜੇ ਹੁੰਦੇ ਹਨ । ਇਸ ਲਈ ਭਾਸ਼ਾ ਵੀ ਜਾਤੀਵਾਦ ਦੇ ਪ੍ਰਭਾਵ ਤੋਂ ਬਚ ਨਾ ਸਕੀ। ਰਾਮ ਵਿਲਾਸ ਸ਼ਰਮਾ(2008:239)ਅਨੁਸਾਰ, ਹਿੰਦੁਸਤਾਨ ਵਿਚ ਜਿੰਨੇ ਪੇਸ਼ੇ ਹਨ, ਉਸ ਤੋਂ ਵੀ ਵੱਧ ਜਾਤੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਜਾਤਾਂ ਨਾਲ ਉਨ੍ਹਾਂ ਦੇ ਪ੍ਰਾਚੀਨ ਨਾਂ ਜੁੜੇ ਹੋਏ ਹਨ। ਕਿਸੇ ਕਬੀਲੇ ਦੇ ਖਾਤਮੇ ਉਪਰੰਤ ਉਸ ਦੇ ਸਮੁੱਚੇ ਮੈਂਬਰ ਵਿਭਿੰਨ ਜਾਤੀਆਂ ਵਿਚ ਵੰਡੇ ਜਾਂਦੇ ਹਨ। ਸ਼ਿਆਮ ਚਰਨ ਦੂਬੇ (1990:54) ਅਨੁਸਾਰ, ਜਾਤਾਂ ਅੰਦਰਵਰੀਆ ਇਕਾਈਆਂ ਹੁੰਦੀਆਂ ਹਨ। ਇਨ੍ਹਾਂ ਵਿਚ ਦਰਜ਼ੇਬੰਦੀ ਕੀਤੀ ਜਾਂਦੀ ਹੈ। ਜਾਤ ਮਨੁੱਖ ਦੇ ਕਿੱਤੇ ਨੂੰ ਨਿਰਧਾਰਿਤ ਕਰਦੀ ਹੈ। ਉੱਚ ਅਤੇ ਨਿਮਨ ਜਾਤੀਆਂ ਦੀ ਅੰਤਰ-ਕਿਰਿਆ ਵਜੋਂ ਸਮਾਜ ਵਿਚ ਛੂਤ-ਛਾਤ ਦਾ ਪਾਸਾਰ ਹੁੰਦਾ ਹੈ। ਹਰ ਜਾਤੀ ਦੀ ਆਪਣੀ ਪਛਾਣ ਅਤੇ ਵਿਚਾਰਧਾਰਾ ਹੁੰਦੀ ਹੈ, ਜਿਸ ਵਿਚ ਸਮੂਹ ਦੇ ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਨੇਮਾਂ ਤੋਂ ਇਲਾਵਾ ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪੱਖ ਵੀ ਸ਼ਾਮਲ ਹੁੰਦੇ ਹਨ ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸਮਾਜਿਕ ਤੌਰ ਤੇ ਸੰਚਾਰ ਕਰਦੇ ਰਹਿੰਦੇ ਹਨ। ਇਉਂ ਜਾਤ-ਪਾਤ ਭਾਰਤ ਦੇ ਪਿੰਡ-ਪਿੰਡ ਤੋਂ ਸ਼ੁਰੂ ਹੋ ਕਿ ਸਮਾਜ ਦੇ ਅੰਦਰ ਵਿਕਰਾਲ ਰੂਪ ਵਿਚ ਫੈਲੀ ਹੋਈ ਹੈ, ਜਿਸ ਦਾ ਸਮੁੱਚਾ ਨਿਯੰਰਤਨ ਸਮਾਜ ਕੋਲ ਹੈ। ਪੰਜਾਬੀ ਸਮਾਜ ਦੀ ਸਥਿਤੀ ਵੀ ਅਜਿਹੀ ਹੀ ਰਹੀ ਹੈ।

ਮਸ਼ਾਲਚੀ ਦੀ ਮੁੱਖ ਸੁਰ ਜਾਤ-ਪਾਤ ਦੇ ਪੱਖਪਾਤੀ ਵਤੀਰੇ ਨੂੰ ਉਭਾਰ ਕੇ ਪੇਸ਼ ਕਰਨਾ ਹੈ। ਪੰਜਾਬੀ ਸਮਾਜ ਦੀ ਉੱਚ-ਜਾਤੀ ਜੱਟ (ਜ਼ੈਲਦਾਰ ਤਖ਼ਤ ਸਿੰਘ, ਜ਼ੈਲਦਾਰ ਖੁਸ਼ੀਆ ਸਿੰਘ, ਮੰਗਲ ਸਿੰਘ ਆਦਿ) ਅਤੇ ਨਿਮਨ-ਜਾਤੀ ਚਮਾਰ (ਭਗਤੂ, ਬਚਨੀ, ਕੱਟੂ ਆਦਿ) ਦੀ ਭਾਈਚਾਰਕ ਸਾਂਝ ਅਤੇ ਅੰਤਰ-ਵਿਰੋਧਾਂ ਨੂੰ ਸਮੇਂ ਦੇ ਪ੍ਰਵਾਹ ਵਿਚ ਚਿਤਰਿਆ ਗਿਆ ਹੈ। ਮਸਲਨ ਪੁਰਾਤਨ ਪੀੜ੍ਹੀ ਵਿਚ ਇਨ੍ਹਾਂ ਉੱਚੀ-ਨੀਵੀਂ ਜਾਤ ਦਾ ਪਰਸਪਰ ਵਤੀਰਾ ਮਿਲਵਰਤਨ, ਭਰਾਤਰੀ ਭਾਵ ਅਤੇ ਸਹਿਯੋਗ ਨੂੰ ਸਮਰਪਿਤ ਰਹਿੰਦਾ ਹੈ, ਜਦਕਿ ਨਵੀਂ ਪੀੜ੍ਹੀ ਦੀ ਆਮਦ (ਪੂੰਜੀਵਾਦੀ ਯੁੱਗ-ਚੇਤਨਾ) ਨਾਲ ਇਨ੍ਹਾਂ ਦੇ ਭਾਈਚਾਰਕ ਸਬੰਧ ਤਿੜਕਣ ਅਤੇ ਥਿੜਕਣ ਉਪਰੰਤ ਟੁੱਟਦੇ ਹੋਏ ਦਿਖਾਈ ਦਿੰਦੇ ਹਨ। ਮਸ਼ਾਲਚੀ ਵਿਚ ਪੇਸ਼ ਇਨ੍ਹਾਂ ਪ੍ਰਤੀਨਿਧ ਅਤੇ ਹੋਰ ਜਾਤੀਆਂ ਦੇ ਪਾਤਰਾਂ ਦਰਮਿਆਨ ਬਣੀਆਂ ਸੰਪਰਕ ਸਥਿਤੀਆਂ ਵਜੋਂ ਭਾਸ਼ਾ ਉਚਾਰਨ ਵਿਚ ਅੰਤਰ ਆਉਂਦਾ ਹੈ। ਨਾਵਲ ਵਿਚ ਦਲਿਤ ਔਰਤਾਂ ਦੀ ਦਾਸਤਾਨ ਦੂਹਰੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਉੱਚ ਜਾਤੀ ਦਾ ਜ਼ੈਲਦਾਰ ਤਖਤ ਸਿੰਘ ਬਚਨੀ ਦੀ ਪਤ ਲੁੱਟਣ ਦਾ ਯਤਨ ਕਰਦਾ ਹੈ, ਪਰ ਸਫਲ ਨਹੀਂ ਹੁੰਦਾ। ਅਖੀਰ ਉਹ ਆਪਣੀ ਕੋਝੀ ਅਸਫਲਤਾ ਦਾ ਜੁਆਬ ਮੋੜਵਾਂ ਜੁਆਬ ਦਿੰਦਾ ਹੋਇਆ ਘਟਨਾਕਮ ਬਾਰੇ ਚੁੱਪ ਰਹਿਣ ਲਈ ਬਚਨੀ ਨੂੰ ਉਸ ਦੀ ਨੀਵੀਂ ਜਾਤ ਦੇ ਹਵਾਲੇ ਨਾਲ ਅਪਭਾਸ਼ਾਈ ਲਹਿਜੇ ਵਿਚ ਧਮਕਾਉਂਦਾ ਹੈ:

"ਮੇਰੇ ਮੂਰ੍ਹੇ ਤਾਂ ਕੈਂਦੀਆਂ-ਕਹਿੰਦੀਆਂ ਜੱਟੀਆਂ ਨੂੰ ਅੜੀਆਂ ਕੁੱਤੀਏ ਚਮਾਰੀਏ, ਤੇਰੇ ਕੱਟੂ ਨੂੰ ਕੁੱਤਿਆਂ ਤੋਂ ਪੜਵਾ ਦੇ ਜੇ ਰੌਲਾ ਪਾਇਐ, ਪਿੰਡ ਜਾ ਕੇ...ਸਾਲੀਏ ਕਤੀੜ-ਜ਼ਾਤੇ !!" ਪੰਨਾ:73

ਜ਼ੈਲਦਾਰ ਵੱਲੋਂ ਵਰਤੇ ਗਏ ਵਾਕੰਸ਼ ਮੇਰੇ ਮੂਰ੍ਹੇ ਤਾਂ ਕੈਂਦੀਆਂ-ਕਹਿੰਦੀਆਂ ਜੱਟੀਆਂ ਨੀ ਅੜੀਆਂ ਕੁੱਤੀਏ ਚਮਾਰੀਏ ਅਤੇ ਸਾਲੀਏ ਕਤੀੜ-ਜ਼ਾਤੇ, ਜਾਤ ਆਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਪੇਸ਼ ਕਰਦੇ ਹਨ।

ਨਾਵਲ ਦੇ ਪ੍ਰਵਾਹ ਵਿਚ ਹਾਕਮ ਤੇ ਲੁਟੇਰੀਆਂ ਜਮਾਤਾਂ, ਜਮਾਤੀ-ਏਕਾ ਤੋੜਨ ਲਈ ਚੇਤੰਨ ਪੱਧਰ ਤੇ ਸਰਗਰਮ ਹੁੰਦੀਆਂ ਹਨ । ਦਰਅਸਲ ਅਜਿਹੇ ਲੋਕ ਦਲਿਤ ਜਾਤੀਆਂ ਦੇ ਲੋਕਾਂ ਨੂੰ ਬੁੱਧੂ, ਬੇਈਮਾਨ ਤੇ ਆਲਸੀ ਸਮਝਦੇ ਹਨ । ਸੇਠ ਜਗਤ ਰਾਮ ਅਸੈਂਬਲੀ ਚੋਣਾਂ ਦੌਰਾਨ ਨਿਮਨ ਜਾਤੀ ਦੇ ਉਮੀਦਵਾਰ ਕਟਾਰ ਸਿੰਘ ਨੂੰ ਰਾਹ ਦਾ ਰੋੜਾ ਸਮਝਦਾ ਹੈ। ਇੱਥੇ ਖੁਸ਼ੀਆ ਸਿੰਘ ਵਰਗੇ ਆਰਥਿਕ ਵਿਤਕਰੇ ਦੇ ਨਾਲ-ਨਾਲ ਨਾਇਕ ਦੇ ਵਿਰੋਧ ਵਿਚ ਜਾਤ-ਪਾਤ ਦਾ ਪ੍ਰਗਟਾਵਾ ਕਰਦੇ ਹਨ :

"ਕਿੱਕੂ ਕੀ..ਜਦੋਂ ਕਿਤੇ ਜੜਾ-ਜਲਸਾ ਕਰੇ..ਇੱਟਾਂ-ਪੱਥਰ ਮਰਵਾ ਦਿਓ ਸਾਲੇ ਝੜੰਮ ਦੇ..ਆਪੇ ਮਰਜੂ ਹਸਪਤਾਲੀ ਰੁਲ-ਖੁਲ ਕੇ ਸਰਕਾਰੀ ਡਾਕਟਰ ਨੂੰ ਨਾਮਾਂ ਚੜ੍ਹਾ ਦਿਓ..ਜੋ ਬਚਦਾ ਬੀ ਹੋਇਆ ਤਾਂ ਵੀ ਗਾਂਅ ਕਰਦੂ ਗੱਲ ਤਾਂ ਕੋਈ ਔਖੀ ਨੀਂ..!! ਪੰਨਾ:332-333

ਉਪਰੋਕਤ ਪ੍ਰਸੰਗ ਵਿਚ ਕੱਟੂ ਲਈ ਤ੍ਰਿਸਕਾਰਤ ਲਹਿਜੇ ਵਿਚ ਉਚਾਰੇ ਵਾਕੰਸ਼ ਇੱਟਾਂ-ਪੱਥਰ ਮਰਵਾ ਦਿਓ ਸਾਲੇ ਝੜੰਮ ਦੇ ਇਸੇ ਹੀ ਸੰਦਰਭ ਵਿਚ ਪੇਸ਼ ਹੋਏ ਹਨ ।

ਨਾਵਲ ਮਸ਼ਾਲਚੀ ਵਿਚ ਮੁੱਖ ਤੌਰ ਤੇ ਦੋ ਸਮਾਜਿਕ ਵਰਗ ਕਾਰਜਸ਼ੀਲ ਹੋਏ ਹਨ। ਉੱਚ-ਵਰਗ ਦੇ ਲੋਕਾਂ ਕੋਲ ਆਮਦਨ ਦੇ ਵੱਡੇ ਸਰੋਤ-ਸਾਧਨ ਹਨ, ਜਿਵੇਂ ਕਿ ਵੱਡੀਆਂ ਜ਼ਮੀਨ-ਜਾਇਦਾਦਾਂ, ਮਾਲ ਮੰਗ ਅਤੇ ਚੰਗੇ ਕਾਰੋਬਾਰ ਆਦਿ। ਇਨ੍ਹਾਂ ਵਿਚ ਜ਼ੈਲਦਾਰ ਤੇ ਠੁੱਲ੍ਹੇਦਾਰ ਵਰਗੇ ਜਗੀਰਦਾਰ ਅਤੇ ਪੰਜੀਪਤੀ ਆਉਂਦੇ ਹਨ। ਸਮਾਜ ਦੇ ਇੱਕ ਵੱਡੇ ਵਰਗ ਦੇ ਲੋਕ ਇੱਕ ਪਾਸੇ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ, ਬਿਮਾਰੀਆਂ ਦੇ ਮਰੀਜ਼, ਹੱਡ-ਭੰਨਵੀਂ ਕਮਾਈ ਕਰਨ ਵਾਲੇ, ਗੈਰ ਪੌਸ਼ਟਿਕ ਤੱਤਾਂ ਵਾਲਾ ਭੋਜਨ ਸੇਵਨ ਕਰਨ ਵਾਲੇ, ਅਨਪੜ੍ਹ ਪਿਛਾਂਹ-ਖਿੱਚੂ ਸੋਚ ਵਾਲੇ ਚੌਗਿਰਦੇ ਦੇ ਵਸਨੀਕ, ਉੱਚ-ਵਰਗ ਦਾ ਕੂੜਾ ਢੋਣ ਵਾਲੇ, ਮਲੀਨ ਕਿੱਤਾਕਾਰ ਹਨ ਅਤੇ ਦੂਜੇ ਪਾਸੇ ਇਨ੍ਹਾਂ ਨਿਮਨ-ਵਰਗ ਦੇ ਲੋਕਾਂ ਦਰਮਿਆਨ

ਆਪਸੀ ਖਿੱਚੋਤਾਣ ਵੇਖਣ ਨੂੰ ਮਿਲਦੀ ਹੈ। ਉੱਚ-ਵਰਗ ਦੇ ਲੋਕਾਂ ਵੱਲੋਂ ਦਿੱਤੇ ਤੁੱਛ ਜਿਹੇ ਲਾਲਚ ਵੱਸ ਹੀ ਸਵਾਰਥ ਦੀ ਪੂਰਤੀ ਲਈ ਇਹ ਆਪਣੇ ਪਿਤਰੀ ਵਰਗ ਦੇ ਵਿਰੋਧ ਵਿਚ ਆਣ ਖੜ੍ਹਦੇ ਹਨ। ਇਸੇ ਤਰ੍ਹਾਂ ਦੀਆਂ ਪ੍ਰਸਥਿਤੀਆਂ ਅੱਗੇ ਚੱਲ ਕੇ ਸਮੁੱਚੇ ਵਰਗ ਦੀ ਤ੍ਰਾਸਦਿਕ ਹੋਣ ਦਾ ਕਾਰਨ ਬਣਦੀਆਂ ਹਨ।ਨਾਵਲ ਦੇ ਪ੍ਰਤੀਨਿਧ ਉੱਚ-ਵਰਗ ਦੇ ਲੋਕਾਂ ਵਿਚ ਤਖਤ ਸਿੰਘ, ਜ਼ੈਲਦਾਰ, ਠੁੱਲ੍ਹੇਦਾਰ, ਖੁਸ਼ੀਆ ਸਿੰਘ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਸ਼ਾਮਲ ਹਨ। ਦੂਜੇ ਪਾਸੇ ਭਗਤੂ, ਬਚਨੀ ਤੇ ਕੱਟੂ ਨਿਮਨ-ਵਰਗ ਦੇ ਪ੍ਰਤੀਨਿਧ ਨਾਵਲੀ ਪਾਤਰ ਹਨ।

ਨਾਵਲੀ ਕਥਾ ਅਨੁਸਾਰ ਨਿਮਨ-ਸ਼੍ਰੇਣੀ ਨਾਲ ਸਬੰਧਿਤ ਪਾਤਰ ਭਗਤੂ ਜਿੱਥੇ ਵਾਹੀ ਅਤੇ ਮਾਲ-ਡੰਗਰ ਸਾਂਭਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ, ਉਸ ਦੇ ਨਾਲ ਹੀ ਬਚਨੀ ਪਸ਼ੂਆਂ ਦਾ ਗੋਹਾ-ਕੂੜਾ ਕਰਨ ਦਾ ਕੰਮ ਕਰਦੀ ਹੈ।ਇੱਥੇ ਜ਼ੈਲਦਾਰਨੀ ਦੇ ਭਗਤੂ ਨੂੰ ਸੰਬੋਧਨੀ ਬੋਲ ਵਰਗ ਆਧਾਰਿਤ ਭਾਸ਼ਾਈ ਵਖਰੇਵਿਆਂ ਦੀ ਪਛਾਣ ਕਰਵਾਉਂਦੇ ਹਨ :

"ਵੇਅ ਤੇਰੀ ਬਹੂ ਨੀਂ ਆਈ ਅੱਜ ਗੋਹਾ ਸਿੱਟਣ ਦੇਖ ਤਾਂ ਕਿਮੇਂ ਗਰਕਣੀ ਉੱਠੀ ਐ ਪਸ਼ੂਆਂ ਥੱਲੇ..?" ਪੰਨਾ:20

ਜ਼ੈਲਦਾਰਨੀ ਵੱਲੋਂ ਭਗਤੂ ਨੂੰ ਬਚਨੀ ਪ੍ਰਤੀ ਉਲਾਂਭਾ ਦੇਣ ਸਮੇਂ ਅਪਣਾਇਆ ਗਿਆ ਤ੍ਰਿਸਕਾਰਤ ਵਤੀਰਾ ਵੇਅ ਤੇਰੀ ਬਹੂ ਨੀਂ ਆਈ ਅੱਜ ਗੋਹਾ ਸਿੱਟਣ ਉਸ ਦੀ ਵਰਗ-ਹੀਣਤਾ ਦਾ ਪ੍ਰਮਾਣ ਬਣਦਾ ਹੈ।

ਮਾਲਵਾ ਖਿੱਤੇ ਦੇ ਲੋਕ-ਜੀਵਨ ਦਾ ਯਥਾਰਥਿਕ ਚਿਤਰ ਉਲੀਕਦੇ ਇਸ ਨਾਵਲ ਦੇ ਪਾਤਰ ਮੁੱਖ ਤੌਰ ਤੇ ਖੇਤੀਬਾੜੀ ਧੰਦੇ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚ ਫ਼ਸਲਾਂ ਦੀ ਬਿਜਾਈ, ਗੁਡਾਈ, ਕਈ ਚਾਰਨੇ, ਗੋਹਾ-ਕੂੜਾ ਕਰਨ ਕੰਮੀ-ਸੀਰੀ, ਵਗਾਰੀ, ਮੁਰਦ-ਮਿੱਟੀ ਚੁੱਕਣ ਵਾਲੇ, ਮਰੇ ਪਸ਼ੂ ਚੁੱਕਣ ਵਾਲੇ, ਮੋਚੀ, ਤਰਖਾਣਾਂ ਕੰਮ ਕਰਨ ਵਾਲੇ, ਮਸ਼ਕ ਵਾਲੇ, ਅਧਿਆਪਨ ਕਰਨ ਵਾਲੇ, ਪੁਲਿਸ ਮੁਲਾਜ਼ਮ ਅਤੇ ਚਿੱਠੀ ਰਸੈਣ ਆਦਿ ਕਿੱਤਿਆਂ ਨੂੰ ਕਰਨ ਵਾਲੇ ਲੋਕ ਆਉਂਦੇ ਹਨ ਉਪਜੀਵਕਾ ਦੇ ਇਨ੍ਹਾਂ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕਾਂ ਦੀ ਵਿਹਾਰਕ ਅਤੇ ਤਕਨੀਕੀ ਗੱਲਬਾਤ ਦੌਰਾਨ ਬੋਲਚਾਲ ਵਿਚ ਬਦਲਾਅ ਪੈਦਾ ਹੁੰਦਾ ਹੈ।

ਨਾਵਲ ਮਸ਼ਾਲਚੀ ਪੇਂਡੂ ਸਮਾਜ ਵਿਚਲੇ ਵਿਹੜਿਆਂ ਦੀ ਪ੍ਰਿਸ਼ਟ-ਭੂਮੀ ਨੂੰ ਝਾਕੀਆਂ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਵਿਹੜਿਆਂ ਵਿਚਲੇ ਲੋਕ-ਜੀਵਨ ਦੀ ਆਰਥਿਕਤਾ ਦਾ ਆਧਾਰ ਪਿਤਾ-ਪੁਰਖੀ ਧੰਦੇ ਹੁੰਦੇ ਹਨ ਜਿਵੇਂ ਕਿ ਸੀਰ ਕਰਨਾ, ਚੰਮ ਲਾਉਣਾ, ਚਮੜਾ ਰੰਗਣਾ, ਜੁੱਤੀਆਂ ਬਣਾਉਣਾ, ਪਸ਼ੂਆਂ ਲਈ ਘਾਹ ਖੋਤਣਾ ਅਤੇ ਗੋਹਾ-ਕੂੜਾ ਕਰਨਾ ਆਦਿ।ਦੂਜੇ ਪਾਸੇ ਉੱਚ ਘਰਾਣਿਆਂ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੁੰਦਾ ਹੈ, ਜਿਸ ਵਿਚ ਨਿਮਨ-ਵਰਗ ਦੇ ਲੋਕ ਉਨ੍ਹਾਂ ਦੇ ਸਹਾਇਕ ਕਾਮੇ ਬਣਦੇ ਹਨ। ਨਾਵਲ ਵਿਚ ਪਿੰਡ ਦੀ ਚੌਂਤਾ ਢਾਣੀ 'ਚ ਜੁੜੇ ਮਜ਼ਦੂਰ ਵਿਅਕਤੀ ਧੱਤੂ, ਫੱਤੂ ਬੁੜ੍ਹਾ, ਨੱਥੂ ਤੇ ਘੋਤੇ ਦਾ ਪਰਸਪਰ ਸੰਚਾਰ ਲੰਮੇਰਾ ਹੋਣ ਕਾਰਨ ਉਹ ਆਪਣਾ ਕੰਮ-ਕਾਜੀ ਮਨੋਰਥ ਭੁੱਲ ਜਾਂਦੇ ਹਨ। ਅਚਾਨਕ ਘਾਹ ਖੋਤਣ ਦਾ ਖਿਆਲ ਆਉਣ ਉਪਰੰਤ ਉਹ ਆਪੋ-ਆਪਣੇ ਸੰਦ ਦਾਤੀਆਂ, ਖੁਰਪੇ, ਲੀੜੇ ਸਾਂਭਦੇ ਹੋਏ ਨੱਥੂ ਦੇ ਪਰੰਪਰਾਗਤ ਧੰਦੇ ਤੇ ਵਿਅੰਗ ਕਸਦਿਆਂ ਕਹਿੰਦੇ ਹਨ :

"ਓਏ ਚਲੋ ਹੁਣ ਚੱਲੀਏ ਖੋਤ ਲਿਆਈਏ ਝੋਲੀ ਕੱਖਾਂ ਦੀ ਨੱਥੂ ਤਾਂ ਬੇਲ੍ਹੈ ਕਲਬੂਤ ਚੜ੍ਹਾ ਕੇ ਰੱਖ ਆਇਆ ਹੋਣੈ ਜੁੱਤੀ 'ਚ!ਪੰਨਾ:30

ਉਪਰੋਕਤ ਸੰਵਾਦ ਵਿਚ ਆਏ ਵਾਕੰਸ਼ ਖੋਤ ਲਿਆਈਏ ਝੋਲੀ ਕੱਖਾਂ ਦੀ,ਨੱਥੂ ਤਾਂ ਬੇਲ੍ਹੈ ਅਤੇ ਕਲਬੂਤ ਚੜ੍ਹਾ ਕੇ ਰੱਖ ਆਇਆ ਹੋਣੈ ਜੁੱਤੀ 'ਚ, ਕਿੱਤਾ ਆਧਾਰਿਤ ਭਾਸ਼ਾ ਵੰਨਗੀ ਨੂੰ ਪ੍ਰਤੱਖ ਕਰਦੇ ਹਨ।

ਇਸ ਪ੍ਰਕਾਰ ਨਾਵਲ ਮਸ਼ਾਲਚੀ ਸਮਾਜ ਭਾਸ਼ਾਈ ਅਧਿਐਨ ਪੱਖੋਂ ਪੇਂਡੂ ਲੋਕ-ਜੀਵਨ ਦੇ ਸਮਾਜਿਕ-ਸਾਂਸਕ੍ਰਿਤਿਕ ਧਰਾਤਲ, ਵਰਗਗਤ ਮਸਲਿਆਂ, ਪਰਿਵਾਰਕ ਥੁੜਾਂ-ਔਕੜਾਂ, ਟਿੱਚਰ-ਮਸ਼ਕਰੀਆਂ ਅਤੇ ਭਾਈਚਾਰਕ ਸਾਂਝ ਆਦਿ ਦੀ ਪੇਸ਼ਕਾਰੀ ਕਰਦਾ ਹੈ। ਨਾਵਲੀ ਕਥਾ ਦਾ ਬਹੁਤਾ ਸੰਚਾਰ ਗ਼ਰੀਬ ਬਸਤੀਆਂ ਵਿਚਲੀਆਂ ਢਾਣੀਆਂ ਸੱਥਾਂ ਰਾਹੀਂ ਪ੍ਰਵਾਹਿਤ ਹੋਇਆ ਹੈ। ਨਾਵਲ ਵਿਚ ਦੱਬੇ-ਕੁਚਲੇ ਅਤੇ ਨਿਮਨ-ਵਰਗਾਂ ਦੇ ਲੋਕ-ਮਸਲਿਆਂ ਨੂੰ ਵਿਭਿੰਨ ਪਾਤਰਾਂ ਦੇ ਮਾਧਿਅਮ ਰਾਹੀਂ ਸਥਾਨਿਕ ਭਾਸ਼ਾ ਨਾਲ ਚਿਤਰਿਆ ਗਿਆ ਹੈ। ਇਉਂ ਨਾਵਲ ਮਸ਼ਾਲਚੀ ਪੰਜਾਬ ਦੇ ਸਭ ਤੋਂ ਵੱਡੇ ਭੂਗੋਲਿਕ-ਖੇਤਰ ਮਾਲਵਾ ਦੇ ਸਮਾਜਿਕ ਸਰੋਕਾਰਾਂ ਦੀ ਭਾਸ਼ਾਈ ਪੇਸ਼ਕਾਰੀ ਕਰਦਾ ਹੈ।

**ਹਵਾਲੇ :**

1. ਸ਼ਰਮਾ,ਰਾਮ ਵਿਲਾਸ 2008.ਭਾਸ਼ਾ ਔਰ ਸਮਾਜ.ਦਿੱਲੀ :ਰਾਜਕਮਲ ਪ੍ਰਕਾਸ਼ਨ.

2. Dube, S.C. 2006.**INDIAN SOCIETY**. Dehli : National Book Trust.

3. ਸਿੱਧੂ,ਪਰਮਜੀਤ ਸਿੰਘ 1998.ਮਾਨਵ ਵਿਗਿਆਨਕ ਭਾਸ਼ਾ ਵਿਗਿਆਨ.ਪਟਿਆਲਾ: ਪੰਜਾਬੀ ਯੂਨੀਵਰਸਿਟੀ.

**ਲੈਕਚਰਾਰ,**
**ਡਾ.ਹਰੀ ਸਿੰਘ ਸੇਵਕ ਸ.ਸ.ਸ.ਸਕੂਲ (ਮੁੰਡੇ)**
**ਕੋਟਕਪੂਰਾ (ਫ਼ਰੀਦਕੋਟ)**

ਮੜ੍ਹੀ ਦਾ ਦੀਵਾ ਗੁਰਦਿਆਲ ਸਿੰਘ ਦਾ ਪਹਿਲਾ ਨਾਵਲ ਹੈ ਜੋ 1964 ਵਿੱਚ ਛਪਿਆ। 1966 ਵਿੱਚ ਇਸ ਦਾ ਹਿੰਦੀ ਅਨੁਵਾਦ 'ਮੜ੍ਹੀ ਕਾ ਦੀਵਾ' ਛਪਣ ਕਾਰਨ ਇਸ ਨੂੰ ਭਾਰਤੀ ਨਾਵਲ ਦੇ ਵਿਕਾਸ ਵਿੱਚ ਮੀਲ ਪੱਥਰ ਮੰਨਿਆ ਗਿਆ ਹੈ। ਇਹ ਪੰਜਾਬੀ ਦਾ ਪਹਿਲਾ ਨਾਵਲ ਹੈ, ਜਿਸ ਨਾਲ ਯਥਾਰਥਵਾਦੀ ਨਾਵਲ ਦਾ ਮੁੱਢ ਬੱਝਦਾ ਹੈ। ਇਸ ਵਿੱਚ ਨਾਵਲਕਾਰ ਨੇ ਪੰਜਾਬ ਦੇ ਪੇਂਡੂ ਭਾਈਚਾਰੇ ਵਿੱਚੋਂ ਖ਼ੁਰ ਰਹੀਆਂ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਸਮਾਜਿਕ ਪਰਿਪੇਖ ਵਿੱਚ ਚਿਤਰਿਆ ਹੈ। 1972 ਵਿੱਚ ਨਾਵਲ ਦਾ ਰੂਸੀ ਅਨੁਵਾਦ ਪ੍ਰਸਿੱਧ ਰੂਸੀ ਰਸਾਲੇ 'ਵਿਦੇਸ਼ੀ ਸਾਹਿਤ' ਦੇ ਇੱਕ ਅੰਕ ਵਿੱਚ ਪ੍ਰਕਾਸ਼ਿਤ ਹੋਇਆ, ਜੋ ਚਾਰ ਲੱਖ ਦੀ ਗਿਣਤੀ ਵਿੱਚ ਛਪਿਆ। 1994 ਵਿੱਚ ਭਾਰਤੀ ਸਾਹਿਤ ਅਕਾਦਮੀ ਨੇ ਅੰਗਰੇਜ਼ੀ ਵਿੱਚ ਇਸ ਨਾਵਲ ਨੂੰ ਛਾਪਿਆ ਹੈ। ਇਸ ਤੋਂ ਬਿਨ੍ਹਾਂ ਉਰਦੂ ਤੇ ਉੜੀਆ ਭਾਸ਼ਾਵਾਂ ਵਿੱਚ ਵੀ ਇਸ ਦਾ ਅਨੁਵਾਦ ਹੋ ਚੁੱਕਾ ਹੈ।

ਇਸ ਨਾਵਲ ਦਾ ਵਿਸ਼ਾ ਸਮਾਜਿਕ ਤੌਰ ਤੇ ਜੱਟ ਅਤੇ ਸੀਰੀ ਦੇ ਰਿਸ਼ਤੇ ਨੂੰ ਚਿਤਰਦਾ ਹੈ। ਧਰਮ ਸਿੰਘ ਦਾ ਪਿਉ ਠੋਲ੍ਹੇ ਨੂੰ ਕਿਸੇ ਪਿੰਡੋਂ ਸੀਰੀ ਬਣਾ ਕੇ ਲੈ ਆਇਆ। ਦੋਹਾਂ ਨੇ ਹੱਡ ਭੰਨਵੀਂ ਮਿਹਨਤ ਕਰਦਿਆਂ ਜੱਦੀ ਨਾਲੋਂ ਦੁੱਗਣੀ ਜ਼ਮੀਨ ਹੋਰ ਖ਼ਰੀਦ ਲਈ। ਸੱਪਾਂ ਦੀਆਂ ਸਿਰੀਆਂ ਜਗਸੀਰ ਦੇ ਪਿਉ ਠੋਲ੍ਹੇ ਨੇ ਮਿੱਧੀਆਂ ਪਰੰਤੂ ਜਾਇਦਾਦ ਧਰਮ ਸਿੰਘ ਦੇ ਪਿਉ ਦੀ ਬਣੀ। ਧਰਮ ਸਿੰਘ ਦੇ ਪਿਉ ਨੇ ਇਸਦੇ ਬਦਲੇ ਚਾਰ ਵਿੱਘੇ ਜ਼ਮੀਨ ਆਪਣੇ ਸੀਰੀ ਠੋਲ੍ਹੇ ਨੂੰ ਜ਼ੁਬਾਨੀ ਰੂਪ ਵਿੱਚ ਦੇ ਦਿੱਤੀ। ਮਰਦੇ ਸਮੇਂ ਉਹ ਆਪਣੇ ਪੁੱਤਰ ਧਰਮ ਸਿੰਘ ਦੀ ਬਾਂਹ ਆਪਣੇ ਪੱਗ ਵੱਟ ਭਰਾ ਬਣੇ ਸੀਰੀ ਠੋਲ੍ਹੇ ਨੂੰ ਫੜਾ ਦਿੰਦਾ ਹੈ। ਦੂਜੇ ਪਾਸੇ ਠੋਲ੍ਹੇ ਦਾ ਪਰਿਵਾਰ ਗੋਲਪੁਣਾ ਕਰ ਕੇ ਵੀ ਸੀਰੀ ਦਾ ਸੀਰੀ ਹੀ ਰਿਹਾ। ਠੋਲ੍ਹਾ ਆਪਣੀਆਂ ਚਾਰ ਧੀਆਂ ਦਾ ਪੁੰਨ ਦਾ ਵਿਆਹ ਕਰਨ ਉਪਰੰਤ ਵੀ ਆਪਣੇ ਪੁੱਤਰ ਜਗਸੀਰ ਨੂੰ ਨਾ ਵਿਆਹ ਸਕਿਆ। ਨਾਵਲ ਵਿੱਚ ਭੰਤੇ ਦਾ ਪ੍ਰਵੇਸ਼ ਜਗਸੀਰ ਅਤੇ ਧਰਮ ਸਿੰਘ ਦੀ ਤ੍ਰਾਸਦਿਕ ਸਥਿਤੀ ਦਾ ਕਾਰਨ ਬਣਦਾ ਹੈ। ਭੰਤਾ ਧਰਮ ਸਿੰਘ ਦਾ ਪੁੱਤਰ ਹੈ ਜੋ ਪੂੰਜੀਵਾਦੀ ਯੁੱਗ ਚੇਤਨਾ ਵਾਲੀ ਬਿਰਤੀ ਦਾ ਧਾਰਨੀ ਹੈ। ਉਹ ਆਪਣੇ ਸਖ਼ਤ ਅਤੇ ਰੁੱਖੇ ਰਵੱਈਏ ਕਾਰਨ ਆਪਣੇ ਖੇਤ ਵਿੱਚ ਜਗਸੀਰ ਦੇ ਪਿਉ ਦੀ ਬਣੀ ਮੜ੍ਹੀ ਢੁਹਾ ਕੇ ਟਾਹਲੀ ਵੀ ਪੁਟਵਾ ਦਿੰਦਾ ਹੈ। ਇਹ ਮੜ੍ਹੀ ਮਰਦੇ ਸਮੇਂ ਠੋਲ੍ਹੇ ਦੀ ਇੱਛਾ ਪੂਰਤੀ ਵਜੋਂ ਉਨ੍ਹਾਂ ਦੇ ਖੇਤ 'ਚ ਬਣਾਈ ਗਈ ਸੀ। ਜਗਸੀਰ ਦੀ ਮਾਂ ਨੰਦੀ ਵੀ ਦੁੱਖਾਂ ਮਜ਼ਬੂਰੀਆਂ ਅਤੇ ਘੋਰ-ਨਿਰਾਸ਼ਾ ਦੇ ਆਲਮ ਨੂੰ ਜ਼ਿਆਦਾ ਨਾ ਸਹਾਰਦੀ ਹੋਈ ਮਰ ਜਾਂਦੀ ਹੈ। ਇਸ ਦੇ ਨਾਲ ਹੀ ਜਗਸੀਰ ਦੀਆ ਸਮਾਜਿਕ ਮਜ਼ਬੂਰੀਆਂ, ਭਾਨੀ ਨਾਲ ਉਸਦੇ ਇਸ਼ਕ ਨੂੰ ਸਿਰੇ ਨਹੀਂ ਚੜ੍ਹਨ ਦਿੰਦੀਆਂ। ਅਖੀਰ ਉਸ ਦਾ ਅੰਤਿਮ ਸਹਾਰਾ ਰੌਣਕੀ ਹੀ ਰਹਿ ਜਾਂਦਾ ਹੈ। ਰੌਣਕੀ ਉਸ ਦੇ ਬਚਪਨ ਦਾ ਦੋਸਤ ਹੈ, ਜਿਸ ਦੀ ਪਤਨੀ ਸੰਤੀ ਕਿਧਰੇ ਨਿੱਕਲ ਜਾਂਦੀ ਹੈ। ਨਸ਼ਿਆਂ ਦੇ ਸੇਵਨ ਅਤੇ ਮਾਰੂ ਚਾਹ ਨਾਲ ਦਿਨ ਕਟੀ ਕਰਦਾ ਜਗਸੀਰ ਅਖੀਰ ਆਪਣੇ ਜਿਗਰੀ ਦੋਸਤ ਰੌਣਕੀ ਅਤੇ ਪ੍ਰੇਮਿਕਾ, ਭਾਨੀ ਨੂੰ ਛੱਡ ਕੇ ਜਹਾਨੋਂ ਤੁਰ ਜਾਂਦਾ ਹੈ। ਇਸ ਪ੍ਰਕਾਰ ਇਹ ਨਾਵਲ ਮਨੁੱਖੀ ਸਮਾਜਿਕ ਪ੍ਰਸਥਿਤੀਆਂ ਨੂੰ ਤ੍ਰਾਸਦਿਕ ਪ੍ਰਸੰਗ ਵਿੱਚ ਪੇਸ਼ ਕਰਦਾ ਹੈ।

ਮੜ੍ਹੀ ਉਹਨਾਂ ਲੋਕਾਂ ਦੀ ਬਣਾਈ ਜਾਂਦੀ ਹੈ ਜੋ ਔਤ ਹੁੰਦੇ ਹਨ ਅਤੇ ਤੰਗੀਆਂ-ਤੁਰਸ਼ੀਆਂ ਦੇ ਕਾਰਨ ਆਪਣੀਆਂ ਸਮਾਜਿਕ ਖਾਹਿਸ਼ਾਂ, ਇੱਛਾਵਾਂ ਅਤੇ ਸੱਧਰਾਂ ਆਦਿ ਦੀ ਪੂਰਤੀ ਕਰਨ ਤੋਂ ਅਸਮਰੱਥ ਹੰਦੇ ਹਨ। ਉਹ ਮਾੜੀ ਆਰਥਿਕਤਾ ਕਾਰਨ ਵੱਡੀਆਂ ਯਾਦਗਾਰਾਂ ਉਸਾਰਨ ਦੀ ਥਾਂ ਉਹ, ਮੜ੍ਹੀ ਬਣਾਉਣ ਨੂੰ ਹੀ ਤਰਜੀਹ ਦਿੰਦੇ ਹਨ। 'ਮੜ੍ਹੀ ਤੇ ਦੀਵਾ' ਜਗਾਉਣ ਤੋਂ ਭਾਵ ਵਿੱਛੜ ਚੁੱਕੀ ਆਤਮਾ ਨੂੰ ਸਤਿਕਾਰ ਪੂਰਵਕ ਸਮਰਣ ਕਰਨਾ ਹੈ। ਜਗਸੀਰ ਪਰਿਵਾਰਕ ਮੈਂਬਰਾਂ ਦੀ ਅਣਹੋਂਦ ਵਿੱਚ ਆਪਣੀ ਮੌਤ ਦੇ ਅੰਤਲੇ ਪਲ, ਕਰੀਬੀ ਦੋਸਤ ਰੌਣਕੀ ਨੂੰ ਉਕਤ ਸਮਾਜਿਕ ਰੀਤ ਨਿਭਾਉਣ ਲਈ ਕਹਿੰਦਾ ਹੈ :

" ਨਿੱਕੇ ਦੀ ਬਹੂ ਨੂੰ ਆਖੀਂ, ਰੌਣਕਾ ; ਮੇਰੀ ਮੜ੍ਹੀ ਬਰ-ਜਰੂਰ ਪੋਚਿਆ ਕਰੇ..ਬਣਾ ਤਾਂ ਤੂੰ ਦੇਵੇਂਗਾ ਈ !" ਪੰਨਾ :113

ਨਿੱਕੇ ਦੀ ਬਹੂ ਵੱਲੋਂ ਮੜ੍ਹੀ ਪੋਚਣ ਦੀ ਇੱਛਾ ਪਿੱਛੇ ਜਗਸੀਰ ਦਾ ਪਿਆਰ ਛੁਪਿਆ ਹੋਇਆ ਹੈ। ਉਹ ਭਾਨੀ ਦੁਆਰਾ ਦੀਵਾ ਜਗਾਉਣ ਦੀ ਰੀਤ ਸਦਕਾ, ਜ਼ਿੰਦਗੀ ਭੋਗਣ ਤੋਂ ਬਾਅਦ ਵੀ ਸਜੀਵ ਰਹਿਣਾ ਚਾਹੁੰਦਾ ਹੈ। ਹਨ੍ਹੇਰੇ ਵਿੱਚ ਜਗਸੀਰ ਦੀ ਮੜ੍ਹੀ ਉੱਤੇ ਭਾਨੀ ਵੱਲੋਂ ਦੀਵਾ ਜਗਾਉਣਾ, ਉਨ੍ਹਾਂ ਦੇ ਸਮਾਜਿਕ ਤੌਰ ਤੇ ਅਪ੍ਰਮਾਣਿਕ ਇਸ਼ਕ ਨੂੰ ਦ੍ਰਿਸ਼ਟਮਾਨ ਕਰਦਾ ਹੈ। ਇਸ ਤਰ੍ਹਾਂ ਜਗਸੀਰ ਦਾ ਜੱਗ ਵਿੱਚ ਸੀਰ ਭਾਨੀ ਬਣਦੀ ਹੈ। ਮੜ੍ਹੀ ਦਾ ਦੀਵਾ ਦਾ ਸਮਾਜ ਭਾਸ਼ਾਈ ਅਧਿਐਨ ਕਰਨ ਲਈ ਜਾਤ, ਉਮਰ, ਲਿੰਗ, ਕਿੱਤਾ ਅਤੇ ਵਰਗ ਅਧਾਰਿਤ ਸਮਾਜਿਕ ਪੈਰਾਮੀਟਰਾਂ ਨੂੰ ਕ੍ਰਮਵਾਰ ਆਧਾਰ ਬਣਾਇਆ ਗਿਆ ਹੈ।

ਨਾਵਲ ਵਿੱਚ ਜਗਸੀਰ, ਘੀਲਾ ਤੇ ਗੇਬਾ ਬਚਪਨ ਦੇ ਦੋਸਤ ਹਨ, ਜੋ ਅਕਸਰ ਹੀ ਇਕੱਠੇ ਹੋ ਜਾਂਦੇ ਹਨ। ਨਿੱਕਾ ਵੀ ਉਨ੍ਹਾਂ ਦੇ ਹਾਣੀ ਮੁੰਡਿਆਂ ਵਿੱਚੋਂ ਇੱਕ ਹੈ। ਇਨ੍ਹਾਂ ਵਿੱਚੋਂ ਘੀਲਾ ਤੇ ਗੇਬਾ ਜੱਟ, ਜਗਸੀਰ ਮਜ਼ਬੀ ਅਤੇ ਨਿੱਕਾ ਨਾਈ ਜਾਤੀਆਂ ਨਾਲ ਸਬੰਧਤ ਨੌਜਵਾਨ ਹਨ। ਨਿੱਕੇ ਦਾ ਵਿਆਹ ਸਭ ਤੋਂ ਪਹਿਲਾਂ ਹੁੰਦਾ ਹੈ। ਉਸਦੇ ਘਰ ਪਹੁੰਚ ਕਰਕੇ ਨਵੀਂ ਭਰਜਾਈ ਦਾ ਮੂੰਹ ਵੇਖਣਾ ਸਾਰਿਆਂ ਦਾ ਸਾਂਝਾ ਮਨੋਰਥ ਬਣ ਜਾਂਦਾ ਹੈ। ਉੱਚ ਸਮਾਜਿਕ ਰੁਤਬੇ ਕਾਰਨ ਘੀਲਾ ਨਿੱਕੇ ਅਤੇ ਉਸ ਦੀ ਪਤਨੀ ਭਾਨੀ ਨੂੰ ਜਾਤੀ ਸੂਚਕ ਸ਼ਬਦਾਂ ਰਾਹੀਂ ਵਿਅੰਗਾਤਮਕ ਚੋਭ

ਲਾਉਂਦਾ ਹੈ :

"ਕਿਵੇਂ ਐਂ ਉਇ-ਚਰਖੇ ਦਿਆ ਮੁੰਨਿਆਂ ਜਿਆ, ਬਹੂ ਦਖੌਣ ਦਾ ਮਾਰਾ ਗੱਲ ਈ ਨ੍ਹੀਂ ਕਰਦਾ, ਉਹ ਇੰਦਰ ਦੇ ਖਾੜੇ ਦੀ ਪਰੀ ਐ? ਲਿਆ ਕੇ ਢਾਈਆਂ ਆਨਿਆਂ ਦੀ ਨੈਣ ਉਂਈ ਸੁਕੰਦਰ ਬਨਿਆਂ ਫਿਰਦੈਂ!-ਮੂੰਹ ਵੇਖ ਸਾਲੇ ਬਾਂਦਰ ਜੇ ਦਾ।" ਪੰਨਾ :27

ਉਕਤ ਨਾਵਲੀ ਸੰਦਰਭ ਵਿੱਚ ਜੱਟ ਜਾਤੀ ਦੇ ਘੀਲੇ ਵੱਲੋਂ ਨਾਈ ਜਾਤੀ ਦੇ ਨਿੱਕੇ ਪ੍ਰਤੀ ਸ੍ਰੇਣਿਕ ਹੀਣਤਾ ਦੇ ਭਾਵ ਪ੍ਰਗਟਾਉਂਦਿਆਂ ਉਸ ਦੀ ਪਤਨੀ ਨੂੰ ਢਾਈ ਆਨਿਆਂ ਦੀ ਨਾਇਣ ਦੱਸਿਆ ਹੈ। ਇਸ ਦੇ ਨਾਲ ਹੀ ਉਸ ਨੇ ਵਿਅੰਗਆਤਮਿਕ ਲਹਿਜੇ ਵਿੱਚ ਦੋਹਾਂ ਦਾ ਸੰਬੰਧ ਕ੍ਰਮਵਾਰ ਮਿਥਿਹਾਸਕ ਅਤੇ ਇਤਿਹਾਸਕ ਕਾਲ ਦੇ ਪਾਤਰਾਂ (ਇੰਦਰ ਤੇ ਸਿਕੰਦਰ) ਨਾਲ ਜੋੜਦਿਆਂ ਖਾੜੇ ਦੀ ਪਰੀ ਅਤੇ ਸਾਲਾ ਬਾਂਦਰ ਜਿਹਾ ਕਹਿ ਕੇ ਚਿੜਾਇਆ ਹੈ।

ਮੜ੍ਹੀ ਦਾ ਦੀਵਾ ਵਿਚਲੀ ਨੰਦੀ, ਧਰਮ ਸਿੰਘ ਕੋਲ ਉਲਾਂਭਾ ਲੈ ਕੇ ਜਾਂਦੀ ਹੈ ਕਿ ਉਸਦੇ ਪਤੀ ਦੁਆਰਾ ਧੀਆਂ ਵਾਂਗ ਪਾਲੀ-ਸਾਂਭੀ ਟਾਹਲੀ ਆਖਰ ਉਸਨੇ ਕਿਉਂ ਪੁੱਟਵਾ ਕੇ ਵੇਚ ਦਿੱਤੀ। ਉਸਦੇ ਆਪ-ਮੁਹਾਰੇ ਬੋਲਾਂ ਤੋਂ ਖਿਝਦੀ ਹੋਈ ਧੰਨੋ ਉਸਨੂੰ ਆਪਣੇ ਕੁਰੱਖ਼ਤ ਬੋਲਾਂ ਰਾਹੀਂ ਚੁੱਪ ਕਰਵਾਉਂਦੀ ਹੋਈ, ਉਸ ਦੀ ਨੀਵੀਂ ਜਾਤ ਪ੍ਰਤੀ ਤ੍ਰਿਸਕਾਰਤ ਵਤੀਰਾ ਧਾਰਨ ਕਰਦੀ ਹੈ :

"ਕੌਣ ਇਹ ਕੁੱਤੀ-ਜਾਤ ਮਸਤਾਈ ਐ!- ਸੀਰੀ ਐ ਕਿ ਖੁਦਾ ਐ ! ਅਕੇ ਹਮਰੀ ਟਾਹਲੀ ਵੇਚ 'ਤੀ।

ਟਾਹਲੀ ਤੇਰੇ ਖਸਮ ਦੀ ਸੀ? ਹਾਲ ਵੇਖ ਕੀ ਕਰਦੀ ਫਿਰਦੀ ਐ, ਫੁਫੇਕੁਟਣੀ, ਕਚੀਲ ਨਾ ਹੋਵੇ ਤਾਂ!" ਪੰਨਾ :78

ਡਾ.ਟੀ.ਆਰ.ਵਿਨੋਦ(2000:63)ਅਨੁਸਾਰ,ਇ ਹ ਉਸ ਜਮਾਤੀ-ਜਾਤੀ ਕਲਚਰ ਦੇ ਦੁਖਾਂਤ ਦੀ ਯਥਾਰਥਕ ਤਸਵੀਰ ਹੈ, ਜਿਹੜੀ ਭੂਮੀ-ਰਹਿਤ ਸੀਰੀ ਅਤੇ ਭੂਮੀਪਤੀ ਕਿਰਸਾਣ ਦੇ ਪਰਸਪਰ ਬੁਨਿਆਦੀ ਰਿਸ਼ਤਿਆਂ ਤੇ ਉਸਰਦੀ ਹੈ। ਨਾਵਲ ਵਿਚ ਉੱਚ ਜਾਤੀ ਦੀ ਪਾਤਰ ਧੰਨੋ ਦੁਆਰਾ ਨਿਮਨ ਜਾਤੀ ਦੀ ਨੰਦੀ ਨੂੰ ਕੁੱਤੀ ਜਾਤ ਕਹਿਣਾ ਅਤੇ ਉਸ ਪ੍ਰਤੀ ਨਿਰਾਦਰ ਸੂਚਕ ਸ਼ਬਦਾਂ ਜਿਵੇਂ ਕਿ ਫੱਫੇਕੁਟਣੀ ਅਤੇ ਕਚੀਲ ਆਦਿ ਦੇ ਪ੍ਰਯੋਗ ਰਾਹੀ ਤ੍ਰਿਸਕਾਰਨਾ ਆਦਿ ਉਕਤ ਸੰਦਰਭ ਵਿੱਚ ਵਰਣਿਤ ਹੋਏ ਹਨ।

ਡਾ.ਟੀ.ਆਰ.ਵਿਨੋਦ(2000:18)ਅਨੁਸਾਰ, ਜਗਸੀਰ ਅਤੇ ਰੌਣਕੀ ਦੇ ਮੋਹ ਅਤੇ ਅਪਣੱਤ ਭਰੇ ਰਿਸ਼ਤੇ ਵਿੱਚੋਂ ਨਾਵਲਕਾਰ ਇੱਕ ਨਵੀਂ ਸੰਭਾਵਨਾ ਉਜਾਗਰ ਕਰਦਾ ਨਜ਼ਰ ਆਉਂਦਾ ਹੈ। ਉਸ ਅਨੁਸਾਰ ਜਿਨ੍ਹਾਂ ਲੋਕਾਂ ਦਾ ਸੁਖ-ਦੁੱਖ ਸਾਂਝਾ ਹੋ ਜਾਵੇ ਉਨ੍ਹਾਂ ਵਿੱਚ ਜਾਤੀਗਤ ਭੇਦ ਘਟਦੇ ਘਟਦੇ ਮਿਟ ਜਾਂਦੇ ਹਨ।ਮਸਲਨ ਜਦੋਂ ਕਿਸੇ ਉੱਚ ਜਾਤ ਦਾ ਵਿਅਕਤੀ ਕਿਸੇ ਨੀਵੀਂ ਜਾਤ ਦੇ ਵਿਅਕਤੀ ਨੂੰ ਬਰਾਬਰਤਾ ਵਾਲਾ ਮਾਣ-ਸਤਿਕਾਰ ਦੇਵੇ ਤਾਂ ਸੁਭਾਵਿਕ ਹੀ ਨੀਵੀਂ ਜਾਤ ਦਾ ਬੰਦਾ ਉਸ ਦਾ ਹੀ ਬਣ ਕੇ ਰਿਹ ਜਾਂਦਾ ਹੈ।ਨਾਵਲੀ ਪਰਿਪੇਖ ਵਿੱਚ ਰੌਣਕੀ ਦੁਆਰਾ ਜਗਸੀਰ ਦੀ ਜੂਠੀ ਕੌਲੀ ਮਾਂਜਣ ਨਾਲ ਉਕਤ ਤੱਥ ਦੀ ਪੁਸ਼ਟੀ ਸਹਿਜੇ ਹੀ ਹੋ ਜਾਂਦੀ ਹੈ:

"ਏਹੋ ਜੀ ਨਿੰਦ-ਬਚਾਰ ਹੋਊ ਵੱਡੇ ਘਰਾਂ ਨੂੰ। ਜੀਹਨੂੰ ਯਾਰ ਈ ਆਖ 'ਤਾ ਉਹਦੇ ਨਾਲ ਦਰੈਤ ਕਾਹਦੀ ?" ਪੰਨਾ : 52

ਇਸੇ ਪ੍ਰਕਾਰ ਨਾਵਲ ਵਿਚਲਾ ਧਰਮ ਸਿੰਘ ਜੱਟ ਜਾਤੀ ਨਾਲ ਸੰਬੰਧਿਤ ਹੈ, ਪਰ ਉਹ ਆਪਣੇ ਸੀਰੀ ਠੋਲ੍ਹੇ ਨਾਲ ਭਰਾਵਾਂ ਵਰਗਾ ਰਿਸ਼ਤਾ ਨਿਭਾਉਂਦਾ ਹੈ, ਜਿਵੇਂ ਕਿ ਪੱਗ ਵਟਾਉਣੀ, ਇੱਕੋ ਠੂਠੇ ਵਿੱਚ ਇਕੱਠਿਆਂ ਸ਼ਰਾਬ ਪੀਣਾ ਆਦਿ ਮਿਸਾਲਾਂ ਨਾਵਲ ਵਿੱਚ ਕਈ ਥਾਵਾਂ ਤੇ ਮਿਲਦੀਆਂ ਹਨ।

ਜਗਸੀਰ, ਨਾਵਲ ਦਾ ਕੇਂਦਰੀ ਪਾਤਰ ਹੈ। ਉਸਦੇ ਸਾਰੇ ਹਾਣੀ ਵਿਆਹੇ ਜਾਣ ਉਪਰੰਤ ਬਾਲ-ਬੱਚੇਦਾਰ ਬਣ ਜਾਂਦੇ ਹਨ। ਚਾਲੀ ਤੋਂ ਵਧੀਕ ਉਮਰ ਹੋਣ ਕਾਰਨ ਉਸਨੂੰ ਕਿਧਰੋਂ ਵੀ ਰਿਸ਼ਤਾ ਨਹੀਂ ਚੜਦਾ। ਉਸਦੀ ਮਾਂ ਨੰਦੀ ਨੇ ਇਸ ਸਬੰਧੀ ਪਹਿਲਾਂ ਵੀ ਕਈ ਵਾਰ ਸੂਟ੍ਹੀ ਨੂੰ ਕਿਹਾ ਹੈ, ਕਿ ਉਹ ਜਗਸੀਰ ਨੂੰ ਰਿਸ਼ਤਾ ਕਰਵਾ ਦੇਵੇ। ਸੂਟ੍ਹੀ ਇਸ ਸਬੰਧੀ ਆਪਣਾ ਪੱਖ ਸਪੱਸ਼ਟ ਕਰਦੀ ਹੋਈ ਉਮਰ ਆਧਾਰਿਤ ਭਾਸ਼ਾਈ ਵਖਰੇਵੇਂ ਉਤਪੰਨ ਕਰਨ ਦਾ ਵਸੀਲਾ ਬਣਦੀ ਹੈ :

" ਜੀਹਨੂੰ ਆਖੀਦੈ ਅੱਗੋਂ ਉਮਰ ਦਾ ਫਾਨਾ ਫਸਾ ਬਹਿੰਦੇ।" ਪੰਨਾ :11

ਨਾਵਲੀ ਪਾਤਰ ਨੰਦੀ, ਸੂਟ੍ਹੀ ਦੇ ਉਪਰੋਕਤ ਜੁਆਬ ਤੋਂ ਖਿਝਦੀ ਹੈ। ਉਹ ਜਗਸੀਰ ਤੋਂ ਵੱਡੀ ਉਮਰ ਦੇ ਵਿਆ੍ਹਦੜਾਂ ਅਤੇ ਉਸ ਦੇ (ਜਗਸੀਰ) ਦੇ ਜਨਮ ਤੱਥਾਂ ਦੀ ਪੁਸ਼ਟੀ ਵੀ ਕਰਦੀ ਹੈ :

"ਖ਼ਬਰੈ ਲੋਕ ਕੀ ਸਜਾਏ ਜੁਆਕ ਭਾਲਦੇ ਐ।ਉਮਰ ਨੂੰ ਕੀ ਉਹ ਨੱਬਿਆਂ ਦਾ ਹੋ ਗਿਆ, ਕੱਤੇ ਦੀ ਬਮਾਰੀ

ਵੇਲੇ ਦਾ ਜਰਮ ਐ। ਲੋਕਾਂ ਦੇ ਜਿਹੜੇ ਸੱਤਰ੍ਹੇ-ਬਹੱਤਰੇ ਵਿਆਹੇ ਜਾਂਦੇ ਐ, ਉਹ ਬਾਲ੍ਹੇ ਸੁਹਣੇਂ ਹੁੰਦੇ ਐ।" ਪੰਨਾ :12

ਸਮਾਜ ਵਿੱਚ ਕਿਸੇ ਔਰਤ ਦੀ ਇੱਜ਼ਤ-ਆਬਰੂ ਉੱਪਰ ਲੱਗਾ ਦਾਗ ਨਿਰੰਤਰ ਰੂਪ ਵਿੱਚ ਕਈ ਪੀੜ੍ਹੀਆਂ ਤੱਕ ਉਸ ਦੇ ਪਰਿਵਾਰ ਦਾ ਪਿੱਛਾ ਨਹੀਂ ਛੱਡਦਾ। ਮਸਲਨ ਨਾਵਲੀ ਨਾਇਕ ਜਗਸੀਰ ਦਾ ਅਣਵਿਆਹੇ ਰਹਿ ਜਾਣ ਦਾ ਕਾਰਨ, ਉਸ ਦੀ ਮਾਂ ਨੰਦੀ ਦਾ ਪੇਕਿਓਂ ਵਾਹਰੀ ਹੋਣਾ ਬਣਿਆ ਹੈ।ਜਗਸੀਰ ਦੇ ਮਾਪਿਆਂ ਦਾ ਵਿਆਹ ਸਮਾਜਿਕ-ਸੰਸਕਾਰ ਅਤੇ ਰਵਾਇਤ-ਮਰਿਆਦਾ ਅਨੁਸਾਰ ਨਹੀਂ ਹੋਇਆ। ਪੁਰਾਤਨ ਮਲਵਈ ਸਮਾਜ ਵਿੱਚ ਪ੍ਰਚੱਲਿਤ ਮੁੱਲ ਦੀ ਤੀਵੀਂ

ਲਿਆਉਣ ਦਾ ਸੰਕਲਪ ਵੀ ਨਾਵਲਕਾਰ ਨੇ ਮੜ੍ਹੀ ਦਾ ਦੀਵਾ ਰਾਹੀਂ ਪੇਸ਼ ਕੀਤਾ ਹੈ ਪਰ ਜਗਸੀਰ ਦਾ ਵਿਆਹ ਉਕਤ ਨਾਨਕਿਆਂ ਦੀ ਅਣਹੋਂਦ ਅਤੇ ਸੀਰ ਕਰਦੇ ਪਿਤਾ ਠੋਲ੍ਹੇ ਦੀ ਗਰੀਬੀ (ਮੁੱਲ ਦੀ ਤੀਵੀਂ ਅਤੇ ਸਮਾਜਿਕ ਕਲੰਕ) ਕਾਰਨ ਨੇਪਰੇ ਨਹੀਂ ਚੜ੍ਹ ਸਕਿਆ। ਉਕਤ ਵਰਣਿਤ ਸ਼ਬਦ ਕੱਤੇ ਦੀ ਬਿਮਾਰੀ ਤੋਂ ਭਾਵ ਪਲੇਗ ਦੀ ਬਿਮਾਰੀ ਹੈ, ਨਾਵਲ ਵਿੱਚ ਇਸ ਦਾ ਸਰੋਕਾਰ ਜਗਸੀਰ ਦੀ ਉਮਰ ਨਾਲ ਜੁੜਿਆ ਹੋਇਆ ਹੈ

ਨਾਵਲੀ ਕਥਾਨਕ ਵਿੱਚ, ਜਗਸੀਰ ਇੱਕ ਦਿਨ ਖੇਤ ਪਹੁੰਚ ਕੇ ਖੀਸੇ ਵਿੱਚੋਂ ਕੁੱਝ ਚੌਲਾਂ ਦੇ ਦਾਣੇ ਅਤੇ ਗੁੜ ਦੀ ਰੋੜੀ ਕੱਢਦਾ ਹੈ। ਉਹ ਟਾਹਲੀ ਹੇਠ ਬਣੀ ਆਪਣੇ ਪਿਉ ਦੀ ਮੜ੍ਹੀ ਨੂੰ ਮੱਥਾ ਟੇਕਦਾ ਹੈ। ਜਦੋਂ ਉਸਦਾ ਮੱਥਾ ਮੜ੍ਹੀ ਦੀ ਇੱਟ ਨੂੰ ਲੱਗਦਾ ਹੈ ਤਾਂ ਉਸਨੂੰ ਆਪਣੇ ਪਿਤਾ ਦੀ ਸਾਵੀਂ ਅਵਾਜ਼ ਸੁਣਾਈ ਦਿੰਦੀ ਹੈ :

"ਮੇਰੀ ਮੜ੍ਹੀ,ਮੇਰੀ ਟਾਹਲੀ ਹੇਠ ਬਣਾਈਂ,ਤੇ ਟਾਹਲੀ ਦੀ ਪੂਰੀ ਪਰਵਸਤ ਰੱਖੀ-ਜੇ ਤੂੰ ਮੇਰਾ ਸਲੱਗ ਪੁੱਤ ਐਂ ਤਾਂ!" ਪੰਨਾ :19-20

ਉਕਤ ਨਾਵਲੀ ਵਾਰਤਲਾਪ ਸਪੱਸ਼ਟ ਹੈ ਕਿ ਸਮਾਜ ਵਿਚਲੇ ਅਤਿ ਗਰੀਬ ਲੋਕ ਜੋ ਵੱਡੀਆਂ ਯਾਦਗਾਰਾਂ ਅਥਵਾ ਇਮਾਰਤਾਂ ਨਹੀਂ ਉਸਾਰ ਸਕਦੇ ਉਹ ਆਪਣੀ ਮੌਤ ਪਿੱਛੋਂ ਮੜ੍ਹੀ ਬਣਾਏ ਜਾਣ ਦੀ ਚੇਸ਼ਟਾ ਕਰਦੇ ਹਨ, ਤਾਂ ਕਿ ਮਰਨ ਉਪਰੰਤ ਉਨ੍ਹਾਂ ਨੂੰ ਕੋਈ ਆਪਣਾ ਯਾਦ ਕਰਦਾ ਰਹੇ।

ਮੜ੍ਹੀ ਦਾ ਦੀਵਾ ਨਾਵਲ ਵਿੱਚ ਟਾਹਲੀ ਦਾ ਵਿਸ਼ੇਸ਼ ਮਹੱਤਵ ਹੈ।ਜਗਸੀਰ ਅਤੇ ਉਸ ਦੀ ਮਾਂ ਨੰਦੀ ਲਈ ਟਾਹਲੀ ਦਾ ਸਥਾਨ ਪੂਜਨੀਕ ਹੈ। ਇਸ ਟਾਹਲੀ ਦੇ ਹੇਠ ਠੋਲ੍ਹੇ ਦੀ ਇੱਛਾ ਪੂਰਤੀ ਵਜੋਂ ਉਸਦੀ ਮੜ੍ਹੀ ਬਣਾਈ ਗਈ ਹੈ। ਟਾਹਲੀ ਵੱਢੇ ਜਾਣ ਦੀ ਘਟਨਾ ਨੰਦੀ ਨੂੰ ਆਪੇ ਤੋਂ ਬਾਹਰ ਕਰ ਦਿੰਦੀ ਹੈ, ਉਹ ਧਰਮ ਸਿੰਘ ਨੂੰ ਸੰਬੋਧਨੀ ਲਹਿਜੇ ਵਿੱਚ ਸੜ ਕੇ ਮਰਨ ਦਾ ਡਰਾਵਾ ਦਿੰਦੀ ਹੋਈ ਲਿੰਗਕ ਭਾਸ਼ਾਈ ਵਖਰੇਵਿਆਂ ਨੂੰ ਪ੍ਰਗਟਾਉਂਦੀ ਹੈ :

"ਮੈਂ ਤਾਂ ਤੇਰੇ ਬਾਰ 'ਚ ਸੜ ਕੇ ਮਰੂੰ ਵੇ, ਧਰਮਿਆਂ! ਤੂੰ ਮੈਨੂੰ ਸਮਝ ਕੀ ਛੱਡਿਐ ! ਤੂੰ ਇਹ ਕੀਤਾ ਕੀ ਵੇ?"ਪੰਨਾ:75

ਨੰਦੀ ਟਾਹਲੀ ਵੱਢਣ ਸਬੰਧੀ ਧਰਮ ਸਿੰਘ ਨੂੰ ਕਸੂਰਵਾਰ ਠਹਿਰਾਉਂਦੀ ਹੈ। ਉਹ ਉਸਨੂੰ ਸੰਬੋਧਨੀਂ ਲਹਿਜੇ ਵਿੱਚ 'ਫ਼ਗਟਾਹਲੀ' ਦੀ ਪਰਿਵਾਰਕ ਅਹਿਮੀਅਤ ਤੋਂ ਜਾਣੂੰ ਕਰਵਾਉਂਦੀ ਹੈ।ਫਲਸਰੂਪ ਉਸ ਦੇ ਉਪਰੋਕਤ ਬੋਲਾਂ ਨਾਲ ਲਿੰਗ ਆਧਾਰਿਤ ਭਾਸ਼ਾਈ ਵਖਰੇਵੇਂ ਉਤਪੰਨ ਹੁੰਦੇ ਹਨ :

"ਵੇ ਧਰਮ ਸਿਆਂ ਉਹਦਾ ਸਿਵਿਆਂ 'ਚ ਪਏ ਦਾ ਸਿਰ ਵੇਚ ਕੇ ਤੇਰੀਆਂ ਪੂਰੀਆਂ ਪੈ ਜਾਣਗੀਆਂ ?" ਪੰਨਾ : 77

ਨਾਵਲੀ ਪਾਤਰ ਨੰਦੀ ਦੇ ਬੋਲਾਂ ਰਾਹੀਂ ਆਇਆ ਰਾਖਵਾਂ ਸੰਬੋਧਨੀ ਸ਼ਬਦ(ਭਕਅਦਕਗ;ਕਫਵ) /ਵੇ/ ਲਿੰਗ ਆਧਾਰਤ ਭਾਸ਼ਾਈ ਵਖਰੇਵਿਆਂ ਨੂੰ ਸਪੱਸ਼ਟ ਕਰਦਾ ਹੈ।ਇਸ ਤਰ੍ਹਾਂ ਜਗਸੀਰ ਦੇ ਪਰਿਵਾਰ ਲਈ ਟਾਹਲੀ ਵਿਸ਼ੇਸ਼ ਅਰਥਾਂ ਦੀ ਧਾਰਨੀ ਬਣ ਜਾਂਦੀ ਹੈ ।

ਨਾਵਲੀ ਕਥਾਨਿਕ ਵਿੱਚ ਖੇਤ ਦੇ ਕਿਆਰਿਆਂ ਨੂੰ ਸਾਰਾ ਪਾਣੀ ਜਗਸੀਰ ਹੀ ਲਾਉਂਦਾ ਹੈ, ਪਰ ਭੰਤਾ ਟਾਹਲੀ ਹੇਠੋਂ ਹੀ ਨਹੀਂ ਉੱਠਦਾ। ਜਦੋਂ ਜਗਸੀਰ ਕੱਸੀ ਤੇ ਗੇੜਾ ਮਾਰਨ ਜਾਂਦਾ ਹੈ ਤਾਂ ਭੰਤੇ ਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ ਸ਼ਾਇਦ ਉਸ ਨੇ ਆਪਣੇ ਕਿਆਰਿਆਂ ਨੂੰ ਚਲਾਕੀ ਨਾਲ ਪਹਿਲਾਂ ਪਾਣੀ ਛੱਡ ਲਿਆ। ਇਸ ਕਾਰਨ ਆਪਣੇ ਸੀਰੀ ਤੇ ਖਿਝਦਾ ਹੋਇਆ ਕਿੱਤਾ ਆਧਾਰਿਤ ਭਾਸ਼ਾਈ ਸੂਚਕ ਸ਼ਬਦਾਂ ਨੂੰ ਪ੍ਰਗਟਾਉਂਦਾ ਹੈ :

"ਮੈਂ ਭੁੱਲਿਐਂ ਤੈਨੂੰ ਨਾਲੇ ਤੇਰੇ ਪਿਉ ਨੂੰ ! ਸਾਡੇ ਭੋਲੇ ਬੁੜ੍ਹਿਆਂ ਦੀ ਖੱਲ ਈ ਪਟ-ਪਟ ਖਾਂਦੇ ਰਹੇ ਓ ਨਾ,

ਐਂ ਚਲਾਕੀਆਂ ਕਰ-ਕਰ ਕੇ, ਹੋਰ ਕਮਾਈ ਕਰਕੇ ਸਾਡੇ ਮਹਿਲ ਤਾਂ ਨ੍ਹੀ ਉਸਾਰਦੇ ਰਹੇ।" ਪੰਨਾ : 53

ਸਮਾਜ ਵਿੱਚ ਗੋਲਪੁਣਾ ਕਰਨਾ ਨਿਰਸੁਆਰਥ ਕਾਰਜ ਕਰਨਾ ਹੁੰਦਾ ਹੈ। ਸੱਪਾਂ ਦੇ ਸਿਰ ਮਿੱਧਣਾ, ਜਾਨ ਜੋਖਮ ਭਰਿਆ ਕੰਮ ਗਿਣਿਆ ਜਾਂਦਾ ਹੈ।ਇਸੇ ਪ੍ਰਕਾਰ ਕਾਲੇ ਬਲਦ ਵਾਂਗ ਕਮਾਉਣਾ, ਗੋਹਾ-ਕੂੜਾ ਕਰਨਾ ਅਤੇ ਕੀਤੇ ਗਏ ਪੂਰਵਲੇ ਚੰਗੇ ਕੰਮਾ ਨੂੰ ਅਣਗੌਲਣਾ ਆਦਿ ਵਰਗ-ਹੀਣਤਾ ਦਾ ਬੋਧ ਕਰਵਾਉਂਦੇ ਸਮਾਜਿਕ ਪਛਾਣ ਚਿੰਨ੍ਹ ਹਨ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਨਾਵਲ ਮੜ੍ਹੀ ਦਾ ਦੀਵਾ ਦੇ ਵਿਭਿੰਨ ਪਾਤਰ ਸਮਾਜਿਕ ਸਰੋਕਾਰਾਂ ਦੇ ਅੰਤਰਗਤ ਭਾਸ਼ਾਈ ਵਾਰਤਾਲਾਪ ਸਿਰਜਦੇ ਹਨ। ਉਨ੍ਹਾਂ ਦੇ ਉਚਰਿਤ ਬਹੁ-ਭਾਂਤੀ ਪੈਰੋਲ ਭਾਸ਼ਾਈ ਵਖਰੇਵਿਆਂ ਦਾ ਨਿਰਮਾਣ ਕਰਦੇ ਹਨ, ਜੋ ਵ੍ਰਿਸਤ੍ਰਿਤ ਭੂ-ਖੰਡ ਵਿੱਚ ਫ਼ੈਲੇ ਮਾਲਵਾ ਜਨ-ਸਮੂਹ ਦੀ ਪ੍ਰਤਿਨਿਧਤਾ ਕਰਦੇ ਹਨ।

**ਹਵਾਲੇ :**

1. ਵਿਨੋਦ,ਟੀ.ਆਰ. 2000. ਗਲਪਕਾਰ ਗੁਰਦਿਆਲ ਸਿੰਘ. ਅੰਮ੍ਰਿਤਸਰ : ਨਾਨਕ ਸਿੰਘ ਪੁਸਤਕਮਾਲਾ.

2. ਰਾਹੀ, ਜੋਗਿੰਦਰ ਸਿੰਘ 1999. ਪੰਜਾਬੀ ਨਾਵਲ. ਅੰਮ੍ਰਿਤਸਰ : ਨਾਨਕ ਸਿੰਘ ਪੁਸਤਕਮਾਲਾ.

**ਲੈਕਚਰਾਰ, ਸ.ਸ.ਸ.ਸਕੂਲ, ਵਾਂਦਰ ਜਟਾਣਾ (ਫ਼ਰੀਦਕੋਟ)**

## ਪੰਜਾਬੀ ਸੱਭਿਆਚਾਰ ਵਿੱਚ ਅੱਲ / ਪ੍ਰੋ. ਸੁਖਵਿੰਦਰ ਸਿੰਘ ਢਿੱਲੋਂ

ਸੱਭਿਆਚਾਰ ਇੱਕ ਵੱਡਾ ਪ੍ਰਬੰਧ ਹੋਣ ਦੇ ਨਾਲ-ਨਾਲ ਜਟਿਲ ਵੀ ਹੈ। ਇਸ ਦੀਆਂ ਅਨੇਕਾਂ ਪਰਤਾਂ ਹਨ। ਉਪਰੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹ ਸਧਾਰਨ ਵਰਤਾਰਾ ਹੀ ਜਾਪਦਾ ਹੈ ਪਰ ਇਸ ਦੇ ਧੁਰ ਅੰਦਰ ਝਾਤੀ ਮਾਰਨ 'ਤੇ ਪਤਾ ਚਲਦਾ ਹੈ ਕਿ ਇਹ ਬਹੁਤ ਹੀ ਵਿਸ਼ਾਲ ਤੇ ਗੁੰਝਲਦਾਰ ਹੈ। ਕਿਸੇ ਇੱਕ ਪਰਤ ਨੂੰ ਫਰੋਲਣ 'ਤੇ ਉਸ ਵਿਚਲੀਆਂ ਛੋਟੀਆਂ-ਵੱਡੀਆਂ ਸਾਰੀਆਂ ਤਹਿਆਂ ਉਧੜਨ ਲਗਦੀਆਂ ਹਨ।

ਪੰਜਾਬੀ ਸੱਭਿਆਚਾਰ ਦੁਨੀਆ ਦੇ ਬਾਕੀ ਸੱਭਿਆਚਾਰਾਂ ਵਰਗਾ ਹੀ ਹੈ ਪਰ ਇੱਕ ਗੱਲ ਇਹ ਵੀ ਖਾਸ ਹੈ ਕਿ ਦੁਨੀਆ ਦਾ ਹਰ ਸੱਭਿਆਚਾਰ ਦੂਜੇ ਸੱਭਿਆਚਾਰ ਤੋਂ ਭਿੰਨ ਹੁੰਦਾ ਹੈ। ਬੇਸ਼ੱਕ ਰਹਿਣ-ਸਹਿਣ, ਖਾਣ-ਪੀਣ, ਰਸਮਾਂ-ਰਿਵਾਜ ਹਰ ਸੱਭਿਆਚਾਰ ਤੇ ਸਮਾਜ ਅੰਦਰ ਮੌਜੂਦ ਹੁੰਦੇ ਹਨ ਪਰ ਇਹਨਾਂ ਦੀ ਪੂਰਤੀ ਤੇ ਵਰਤੋਂ ਲਗਭਗ ਨੱਬੇ ਫੀਸਦੀ ਵੱਖ-ਵੱਖ ਹੁੰਦੀ ਹੈ। ਇਸ ਦਾ ਵੱਡਾ ਕਾਰਨ ਭੂਗੋਲਕ ਹਾਲਤਾਂ ਜਾਂ ਹੋਰ ਵੀ ਬਹੁਤ ਕੁਝ ਹੋ ਸਕਦਾ ਹੈ।

ਪੰਜਾਬੀ ਸੱਭਿਆਚਾਰ ਦੀਆਂ ਅਨੇਕਾਂ ਪਰਤਾਂ ਹਨ। ਇਹਨਾਂ ਵਿੱਚ ਇੱਕ ਖਾਸ ਪਰਤ 'ਅੱਲ' ਹੈ। ਇਹ ਵਰਤਾਰਾ ਪੁਰਾਤਨ ਸਮੇਂ ਤੋਂ ਹੀ ਪੰਜਾਬੀ ਪੇਂਡੂ ਜੀਵਨ ਦਾ ਖਾਸ ਅੰਗ ਬਣਿਆ ਹੋਇਆ ਹੈ। ਜੇਕਰ ਅੱਲ ਸ਼ਬਦ ਦੇ ਅਰਥਾਂ ਬਾਰੇ ਦੇਖਿਆ ਜਾਵੇ ਤਾਂ ਵਣਜਾਰਾ ਬੇਦੀ ਕਹਿੰਦਾ ਹੈ ਕਿ 'ਮੂਲ ਨਾਉਂ ਤੋਂ ਇਲਾਵਾ ਕੋਈ ਹੋਰ ਨਾਂ ਜੋ ਕਿਸੇ ਖਾਸ ਗੁਣ, ਔਗੁਣ ਜਾਂ ਜਾਤੀ ਵਸਫ ਕਾਰਨ ਪ੍ਰਸਿੱਧ ਹੋ ਗਿਆ ਹੋਵੇ' 1 ਬਣਦਾ ਹੈ। ਕਿਰਪਾਲ ਕਜ਼ਾਕ ਦੇ ਅੱਲ ਸੰਬੰਧੀ ਵਿਚਾਰ ਇਸ ਤਰ੍ਹਾਂ ਹਨ 'ਅਸਲ ਨਾਂ ਦੇ ਸਮਵਿਧ ਬੰਦੇ ਦੀਆਂ ਵਹਿਬਤਾਂ ਕਾਰਨ ਲੋਕਾਂ ਦੁਆਰਾ ਪ੍ਰਚਲਿਤ ਕੀਤਾ ਨਾਂ'। 2

ਪੁਆਧੀ ਸ਼ਬਦ ਕੋਸ਼ ਮੁਤਾਬਕ 'ਆਲ੍ਹ, ਕਿਸੇ ਪ੍ਰਕਾਰ ਦਾ ਨਾਂ ਪੈ ਜਾਣਾ' 3

ਇਸ ਤਰ੍ਹਾਂ ਇਸ ਸ਼ਬਦ ਦੇ ਅਰਥ ਬਣਦੇ ਹਨ ਕਿ ਪਿੰਡ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਟੱਬਰ ਜਾਂ ਪਰਿਵਾਰ ਦਾ ਉਹ ਨਾਮ ਜਿਹੜਾ ਕਿ ਉਹਨਾਂ ਦੀਆਂ ਆਦਤਾਂ, ਗੁਣਾਂ-ਔਗੁਣਾਂ ਕਾਰਨ ਪ੍ਰਚਲਿਤ ਹੋ ਗਿਆ ਹੋਵੇ। ਇਹ ਗੱਲ ਵੀ ਮਹੱਤਵਪੂਰਨ ਹੈ ਕਿ ਇਹ ਅੱਲ ਵੀ ਦੋ ਤਰ੍ਹਾਂ ਦੀ ਹੈ। ਇੱਕ ਚੰਗੀ ਤੇ ਨੇਕ ਤੇ ਦੂਜੀ ਭੈੜੀ ਤੇ ਗਲਤ। ਪਿੰਡ ਵਿੱਚ ਬਹੁਤ ਸਾਰੇ ਲਾਣੇ (ਪਰਿਵਾਰ) ਇਸ ਤਰ੍ਹਾਂ ਦੇ ਹੁੰਦੇ ਹਨ ਜਿਹਨਾਂ ਦੇ ਵੱਡੇ-ਵਡੇਰਿਆਂ ਨੇ ਕੋਈ ਬਹਾਦਰੀ, ਨੇਕੀ ਜਾਂ ਕੋਈ ਵੀ ਇਹੋ ਜਿਹਾ ਕੰਮ ਕੀਤਾ ਹੁੰਦਾ ਹੈ ਜਿਸ ਕਾਰਨ ਉਹਨਾਂ ਦੀ ਉਸ ਕੰਮ ਸੰਬੰਧੀ ਕੋਈ ਨਾ ਕੋਈ ਅੱਲ ਜਾਂ ਪਛਾਣ ਬਣ ਜਾਂਦੀ ਹੈ। ਉਸ ਤੋਂ ਬਾਅਦ ਉਸ ਪਰਿਵਾਰ ਜਾਂ ਵਿਅਕਤੀ ਵਿਸ਼ੇਸ਼ ਨੂੰ ਉਸੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਹੀ ਪਛਾਣ 'ਅੱਲ' ਵੀ ਅਖਵਾਉਂਦੀ ਹੈ। ਉਦਾਹਰਨ ਦੇ ਤੌਰ 'ਤੇ ਜੇ ਕਿਸੇ ਨੇ ਪਿੰਡ ਵਿੱਚ ਆਏ ਡਾਕੂਆਂ ਜਾਂ ਚੋਰਾਂ ਨੂੰ ਖਦੇੜ ਦਿੱਤਾ ਹੋਵੇ ਜਾਂ ਪਿੰਡ ਦਾ ਕੋਈ ਬੰਦਾ ਲੜਾਈ-ਝਗੜੇ ਵਿੱਚ ਕਿਸੇ ਦੂਜੇ ਪਿੰਡ ਦੇ ਬੰਦੇ ਨੂੰ ਕੁੱਟ ਕੇ ਆਇਆ ਹੋਵੇ। ਇਸ ਦੇ ਨਾਲ ਹੀ ਜੇ ਕਿਸੇ ਵਿਅਕਤੀ ਜਾਂ ਪਰਿਵਾਰ ਦੁਆਰਾ ਕੋਈ ਘਟੀਆ, ਨੀਚ ਜਾਂ ਸਮਾਜ ਦੇ ਸਾਂਚੇ ਤੇ ਕਾਨੂੰਨ ਤੋਂ ਬਾਹਰ ਕੰਮ ਕੀਤਾ ਹੁੰਦਾ ਹੈ ਤਾਂ ਉਸ ਦੀ ਅੱਲ ਘਟੀਆ ਪੱਧਰ ਦੀ ਰੱਖੀ ਜਾਂਦੀ ਹੈ। ਉਦਾਹਰਨ ਦੇ ਤੌਰ 'ਤੇ ਚੋਰੀ ਕਰਨੀ, ਬਾਹਰਲੇ ਬੰਦੇ ਤੋਂ ਕੁੱਟ ਖਾਣੀ ਜਾਂ ਕਿਸੇ ਔਰਤ ਨਾਲ ਕੋਈ ਛੇੜਖਾਨੀ ਕਰਨੀ।

ਇੱਕ ਨੁਕਤਾ ਇਹ ਵੀ ਵਿਚਾਰਨਯੋਗ ਹੈ ਕਿ ਅਮੀਰ, ਸਫੈਦਪੋਸ਼ਾਂ ਤੇ ਪੈਸੇ ਵਾਲਿਆਂ ਦੀ ਘਟੀਆ ਅੱਲ ਬਹੁਤ ਘੱਟ ਥਾਵਾਂ 'ਤੇ ਦੇਖਣ ਨੂੰ ਮਿਲਦੀ ਹੈ ਪਰ ਇਹ ਵੀ ਨਹੀਂ ਕਿ ਉਹਨਾਂ ਦੀ ਅੱਲ ਹਮੇਸ਼ਾ ਹੀ ਚੰਗੀ ਹੋਵੇ ਜਾਂ ਨਾ ਹੋਵੇ। ਇਤਿਹਾਸ ਗਵਾਹ ਹੈ ਕਿ ਭੰਗੀ ਰਾਜਿਆਂ ਦੀ ਭੰਗ ਪੀਣ ਦੀ ਆਦਤ ਕਾਰਨ ਹੀ ਉਹਨਾਂ ਦੀ ਅੱਲ ਭੰਗੀ ਪਈ ਸੀ ਤੇ ਅੱਜ ਵੀ ਉਸੇ ਤਰ੍ਹਾਂ ਹੈ।

ਇਸ ਤੋਂ ਇਲਾਵਾ ਪਿੰਡ ਵਿੱਚ ਕੁਝ ਹੋਰ ਕਾਰਨ ਵੀ ਹਨ ਜਿਹਨਾਂ ਕਰਕੇ ਕਿਸੇ ਵਿਅਕਤੀ ਜਾਂ ਪਰਿਵਾਰ ਦੀ ਅੱਲ ਪੈ ਜਾਂਦੀ ਹੈ-

1. ਕੰਮ-ਧੰਦੇ ਦੀ ਪਛਾਣ ਕਰਕੇ- ਪਿੰਡ ਵਿੱਚ ਕਿਸੇ ਘਰ ਦੀ ਪਛਾਣ ਉਸ ਦੇ ਕੰਮ ਕਾਰਨ ਵੀ ਪੈ ਜਾਂਦੀ ਹੈ। ਜਿਵੇਂ ਕਿ ਪੰਜਾਬ ਦੇ ਲਗਭਗ ਸਾਰੇ ਪਿੰਡਾਂ ਵਿੱਚ ਜਦੋਂ ਦੀਆਂ ਆਟਾ ਚੱਕੀਆਂ ਲੱਗਣੀਆਂ ਆਰੰਭ ਹੋਈਆਂ ਹਨ, ਉਦੋਂ ਤੋਂ ਹੀ ਉਸ ਘਰ ਦੀ ਮੁੱਖ ਪਛਾਣ 'ਚੱਕੀ ਆਲੇ' ਪਈ ਹੋਈ ਹੈ। ਇਹ ਗੱਲ ਵੀ ਖਾਸ ਹੈ ਕਿ ਭਾਵੇਂ ਉਸ ਪਰਿਵਾਰ ਵੱਲੋਂ ਚੱਕੀ ਦਾ ਕੰਮ ਬੰਦ ਵੀ ਕਰ ਦਿੱਤਾ ਹੋਵੇ ਤਾਂ ਵੀ ਉਸ ਪਰਿਵਾਰ ਨੂੰ ਉਸੇ ਅੱਲ ਨਾਲ ਹੀ ਸੰਬੋਧਿਤ ਕੀਤਾ ਜਾਂਦਾ ਹੈ।

2. ਜਾਤੀਗਤ ਅੱਲ- ਹਰ ਪਿੰਡ ਵਿੱਚ ਕੁਝ ਘਰ ਜਿਵੇਂ ਲੁਹਾਰਾਂ, ਸੁਨਿਆਰਾਂ ਜਾਂ ਤਰਖਾਣਾਂ ਆਦਿ ਜਾਤਾਂ ਦੇ ਵੀ ਹੁੰਦੇ ਹਨ। ਇਹਨਾਂ ਨੂੰ ਸੁਭਾਵਕ ਹੀ ਜਾਤੀਗਤ ਪੇਸ਼ੇ ਦੇ ਨਾਮ ਨਾਮ ਹੀ ਬੁਲਾਇਆ ਜਾਂਦਾ ਹੈ।

3. ਅਹੁਦੇ ਦੀ ਪਛਾਣ ਕਾਰਨ- ਪਹਿਲਾਂ ਪਿੰਡਾਂ ਵਿੱਚ ਨੌਕਰੀਆਂ ਕਰਨ ਦਾ ਰੁਝਾਨ ਬਹੁਤਾ ਨਹੀਂ ਸੀ। ਕੋਈ ਟਾਵਾਂ-ਟੱਲਾ ਵਿਅਕਤੀ ਹੀ ਨੌਕਰੀ ਕਰਦਾ ਹੁੰਦਾ ਸੀ। ਕਈ ਤਾਂ ਮਿਲੀ ਹੋਈ ਵੀ ਛੱਡ ਦਿੰਦੇ ਸਨ। ਪਿੰਡਾਂ ਵਿੱਚ ਜਿਹੜੇ ਪਰਿਵਾਰਾਂ ਦੇ ਬੰਦੇ ਨੌਕਰੀ ਕਰਦੇ ਸਨ ਉਹਨਾਂ ਦੇ ਨਾਮ ਦੀ ਉਸੇ ਸੰਬੰਧੀ ਅੱਲ ਪੈ ਜਾਂਦੀ ਸੀ। ਜੇ ਕੋਈ ਫੌਜੀ ਹੁੰਦਾ ਤਾਂ ਫੌਜੀਆਂ ਦੇ, ਜੇ ਪਟਵਾਰੀ ਤਾਂ ਪਟਵਾਰੀਆਂ ਦੇ। ਪਿੰਡ ਵਿੱਚ ਕੁਝ ਬੰਦੇ

ਜਦੋਂ ਗੁਰਦੁਆਰਿਆਂ ਦੇ ਮੋਰਚਿਆਂ ਵਿੱਚ ਜਾਂਦੇ ਸੀ ਤਾਂ ਉਦੋਂ ਉਹਨਾਂ ਨੂੰ ਜਥੇਦਾਰ ਦਾ ਨਾਮ ਦਿੱਤਾ ਜਾਂਦਾ ਸੀ। ਉਹਨਾਂ ਦੇ ਪਰਿਵਾਰਾਂ ਨੂੰ ਅੱਜ ਵੀ ਜਥੇਦਾਰਾਂ ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ। ਸਰਪੰਚ ਦੀ ਅੱਲ ਪੰਜਾਬ ਦੇ ਹਰ ਪਿੰਡ ਵਿੱਚ ਪ੍ਰਸਿੱਧ ਹੈ। ਕਈ ਥਾਵਾਂ 'ਤੇ ਤਾਂ ਇਹ ਵੀ ਦੇਖਿਆ ਜਾਂਦਾ ਹੈ ਕਿ ਮੌਜੂਦਾ ਸਰਪੰਚ ਕੋਈ ਹੋਰ ਹੁੰਦਾ ਹੈ ਤੇ ਸਰਪੰਚ ਦੀ ਅੱਲ ਕਿਸੇ ਹੋਰ ਦੀ ਹੁੰਦੀ ਹੈ। ਜੈਲਦਾਰ ਤੇ ਨੰਬਰਦਾਰ ਦੀ ਅੱਲ ਵੀ ਅਹੁਦਿਆਂ ਕਾਰਨ ਹੀ ਬਣਦੀ ਹੈ।

4. ਆਦਤਾਂ ਜਾਂ ਹਰਕਤਾਂ ਕਾਰਨ- ਕਈ ਵਾਰ ਬੰਦੇ ਦੀਆਂ ਆਦਤਾਂ ਜਾਂ ਹਰਕਤਾਂ ਕਾਰਨ ਵੀ ਅੱਲ ਪੈ ਜਾਂਦੀ ਹੈ। ਸੁਭਾਅ ਮੁਤਾਬਕ ਕਈਆਂ ਨੂੰ ਵਾਰ-ਵਾਰ ਥੁੱਕਣ, ਖੰਘੂਰੇ ਮਾਰਨ, ਅੱਖਾਂ ਝਮਕਣ ਦੀ ਆਦਤ ਕਾਰਨ ਵੀ ਅੱਲ ਪੈ ਜਾਂਦੀ ਹੈ ਪਰ ਇਹ ਅੱਲ ਉਸ ਵਿਅਕਤੀ ਵਿਸ਼ੇਸ਼ ਦੀ ਹਾਜ਼ਰੀ ਦੀ ਤਾਂ ਗੈਰ-ਹਾਜ਼ਰੀ ਵਿੱਚ ਹਾਸੇ-ਮਜ਼ਾਕ ਦੇ ਤੌਰ ਤੇ ਹੀ ਵਰਤੀ ਜਾਂਦੀ ਹੈ।

5. ਘਰਾਂ ਸੰਬੰਧੀ- ਕੁਝ ਅੱਲਾਂ ਲੋਕਾਂ ਦੇ ਘਰਾਂ ਸੰਬੰਧੀ ਵੀ ਬਣ ਜਾਂਦੀਆਂ ਹਨ। ਜਦੋਂ ਪਿੰਡਾਂ ਵਿੱਚ ਹਾਲੇ ਤਰੱਕੀ ਬਹੁਤੀ ਨਹੀਂ ਸੀ ਹੋਈ ਉਦੋਂ ਕੁਝ ਪੈਸੇ ਵਾਲੇ ਲੋਕਾਂ ਨੇ ਘਰ ਵਧੀਆ ਬਣਾ ਲਏ ਸਨ, ਜਿਸ ਕਾਰਨ ਉਹਨਾਂ ਨੂੰ 'ਕੋਠੀ ਵਾਲੇ' ਕਿਹਾ ਜਾਣ ਲੱਗਾ। ਅੱਜ ਪਿੰਡਾਂ ਵਿੱਚ ਲਗਭਗ ਹਰ ਬੰਦਾ ਕੋਠੀ ਵਾਲਾ ਹੈ ਪਰ ਅੱਲ ਉਸੇ ਦੀ ਹੀ ਪ੍ਰਸਿੱਧ ਹੈ, ਜਿਹਨੇ ਸਭ ਤੋਂ ਪਹਿਲਾਂ ਬਣਾਈ ਸੀ। ਪੰਜਾਬ ਦੇ ਇੱਕ ਰਾਜੇ ਦੀ ਅੱਲ ਵੀ ਮਹਿਲਾਂ ਵਾਲੇ ਪ੍ਰਸਿੱਧ ਹੈ।

6. ਸਰੀਰਕ ਗੁਣਾਂ ਜਾਂ ਔਗੁਣਾਂ ਸੰਬੰਧੀ- ਕਈ ਵਾਰ ਕਿਸੇ ਵਿਅਕਤੀ ਦੇ ਸਰੀਰ ਵਿੱਚ ਕੋਈ ਨੁਕਸ ਹੋਣ ਕਾਰਨ ਵੀ ਕੋਈ ਅੱਲ ਪੈ ਜਾਂਦੀ ਹੈ। ਜੇ ਕਿਸੇ ਨੂੰ ਉੱਚਾ ਸੁਣਦਾ ਹੋਵੇ ਤਾਂ 'ਬੋਲਿਆਂ ਦੇ', ਜੇ ਕੋਈ ਨੱਕ 'ਚ ਬੋਲਦਾ ਹੋਵੇ ਤਾਂ 'ਗੁਣ-ਗੁਣਿਆਂ ਦੇ' ਅੱਲ ਪੈ ਜਾਂਦੀ ਹੈ।

7. ਝੂਠ ਜਾਂ ਗੱਪਾਂ ਮਾਰਨ ਕਾਰਨ- ਜਦੋਂ ਪਿੰਡ ਦੀ ਸੱਥ ਜੁੜਦੀ ਹੈ ਤਾਂ ਉਥੇ ਲਗਭਗ ਹਰ ਕਿਸਮ ਦਾ ਬੰਦਾ ਆਉਂਦਾ ਹੈ। ਕਈ ਵਾਰ ਕੋਈ ਬੰਦਾ ਆਪਣੀ ਘੱਟ ਸਮਝ ਕਾਰਨ ਜਾਂ ਆਪਣਾ ਪ੍ਰਭਾਵ ਬਣਾਉਣ ਖਾਤਰ ਕਿਸੇ ਗੱਲ ਨੂੰ ਵਧਾ-ਘਟਾ ਕੇ ਪੇਸ਼ ਕਰ ਦਿੰਦਾ ਹੈ ਤਾਂ ਉਸ ਬੰਦੇ ਦੀ ਉਹੀ ਅੱਲ ਬਣ ਜਾਂਦੀ ਹੈ। ਇਹ ਅੱਲ ਉਸ ਨੂੰ ਮਜ਼ਾਕ ਦਾ ਪਾਤਰ ਬਣਾ ਦਿੰਦੀ ਹੈ ਤੇ ਕਈ ਬਾਰ ਇਸ ਤਰ੍ਹਾਂ ਦੀਆਂ ਗੱਲਾਂ ਕਾਰਨ ਲੜਾਈ-ਝਗੜਾ ਵੀ ਹੋ ਜਾਂਦਾ ਹੈ।

ਸੁਲੱਖਣ ਸਰਹੱਦੀ ਅੱਲ ਪੈਣ ਸੰਬੰਧੀ ਕਹਿੰਦਾ ਹੈ ਕਿ 'ਸਾਡੇ ਪਿੰਡ ਇੱਕ ਟੱਬਰ ਦੇ ਲੋਕ ਬੁੱਢੇ ਹੋ ਕੇ ਕੁੱਬੇ ਹੋ ਜਾਂਦੇ ਸਨ। ਲੋਕਾਂ ਨੇ ਉਹਨਾਂ ਦੀ ਅੱਲ ਲੱਡੂ ਪਾ ਦਿੱਤੀ ਕਿਉਂਕਿ ਉਹ ਦੇਸੀ ਲੱਡੂ ਵਾਂਗ ਕਮਾਨ ਵਾਂਗ ਹੁੰਦੇ ਸਨ'। 4 ਇਸੇ ਤਰ੍ਹਾਂ ਉਸ ਦੀ ਇੱਕ ਹੋਰ ਗੱਲ ਅੱਲ ਨੂੰ ਹੋਰ ਵਧੇਰੇ ਸਪੱਸ਼ਟ ਕਰਦੀ ਹੈ। ਉਹ ਦੱਸਦਾ ਹੈ ਕਿ 'ਮੇਰੇ ਪਿਓ-ਬਾਬਿਆਂ ਦੀ ਅੱਲ 'ਬਿੱਲੇ' ਹੈ। ਸਾਡੇ ਵੱਡੇ-ਵਡੇਰੇ ਬਿੱਲੀਆਂ ਅੱਖਾਂ ਵਾਲੇ ਸਨ। ਪਰ ਕੁਝ ਲੋਕ ਮੰਨਦੇ ਹਨ ਕਿ ਸਾਡੇ ਬਾਬੇ ਦੁੱਧ-ਘਿਓ ਦੇ ਸ਼ੁਕੀਨ ਸਨ ਇਸ ਲਈ ਹੀ ਉਹਨਾਂ ਦੀ ਅੱਲ ਬਿੱਲੇ ਪੈ ਗਈ'। 5 ਸਰਹੱਦੀ ਦੀਆਂ ਇਹਨਾਂ ਗੱਲਾਂ ਤੋਂ ਸਾਫ ਹੁੰਦਾ ਹੈ ਕਿ ਅੱਲ ਕਿਸੇ ਆਦਤ ਜਾਂ ਖਾਸ ਲੱਛਣ ਕਾਰਨ ਹੀ ਹੋਂਦ ਵਿੱਚ ਆਉਂਦੀ ਹੈ।

ਅੱਲ ਪੰਜਾਬੀ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਅੰਗ ਹੈ। ਇਹ ਪੁਰਾਤਨ ਸਮੇਂ ਤੋਂ ਚਲਦੀ ਆਈ ਹੈ ਤੇ ਅੱਗੇ ਵੀ ਜਾਰੀ ਰਹੇਗੀ। ਇਹ ਪਿੰਡ ਵਿੱਚ ਕਿਸੇ ਨਕਸ਼ੇ ਜਾਂ ਪਛਾਣ ਦਾ ਕਾਰਜ ਨਿਭਾਉਂਦੀ ਹੈ। ਜਿਹੜੀਆਂ ਅੱਲਾਂ ਚੰਗੀਆਂ ਹੁੰਦੀਆਂ ਹਨ ਉਹਨਾਂ ਦਾ ਤਾਂ ਉਸ ਧਿਰ ਨੂੰ ਫਾਇਦਾ ਹੁੰਦਾ ਹੈ ਪਰ ਜਿਹੜੀਆਂ ਅੱਲਾਂ ਮਾੜੀਆਂ ਜਾਂ ਭੈੜੇ ਕੰਮਾਂ ਕਾਰਨ ਪਈਆਂ ਹੁੰਦੀਆਂ ਹਨ, ਉਹਨਾਂ ਕਾਰਨ ਉਸ ਪਰਿਵਾਰ ਨੂੰ ਕਈ ਵਾਰ ਨਮੋਸ਼ੀ ਵੀ ਝੱਲਣੀ ਪੈਂਦੀ ਹੈ। ਜਿਵੇਂ ਕਿ ਰਿਸ਼ਤੇ-ਨਾਤੇ ਸਮੇਂ ਜਦੋਂ ਪਿੰਡ ਵਿੱਚ ਮੁੰਡੇ ਜਾਂ ਕੁੜੀ ਸੰਬੰਧੀ ਕੋਈ ਜਾਣਕਾਰੀ ਲੈਣ ਆਉਂਦਾ ਹੈ ਤਾਂ ਉਸ ਟੱਬਰ ਦੀ ਅੱਲ ਤੋਂ ਹੀ ਅੱਧੀ ਗੱਲ ਸਪੱਸ਼ਟ ਹੋ ਜਾਂਦੀ ਹੈ।

ਪਿੰਡ ਵਿੱਚ ਅੱਲ ਤੋਂ ਹੀ ਕਿਸੇ ਲਾਣੇ/ਟੱਬਰ ਦੀ ਪਛਾਣ ਹੋ ਜਾਂਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸ਼ਹਿਰਿ ਵਿੱਚ ਘਰਾਂ ਦੇ ਨੰਬਰ ਹੁੰਦੇ ਹਨ। ਜਦੋਂ ਤੱਕ ਪਿੰਡਾਂ ਵਿੱਚ ਘਰਾਂ ਦੇ ਨੰਬਰ ਨਹੀਂ ਹੁੰਦੇ ਸੀ ਉਦੋਂ ਤੱਕ ਅੱਲ ਹੀ ਹਰ ਘਰ ਤੇ ਬੰਦੇ ਦੀ ਪਛਾਣ ਸੀ ਪਰ ਹੁਣ ਬਦਲ ਰਹੀਆਂ ਪ੍ਰਸਥਿਤੀਆਂ ਵਿੱਚ ਪਿੰਡ ਜਿੱਥੇ ਸ਼ਹਿਰੀ ਸਹੂਲਤਾਂ ਤੇ ਰਹਿਣ-ਸਹਿਣ ਅਪਣਾ ਰਿਹਾ ਹੈ, ਉੱਥੇ ਹੀ ਆਪਣੀਆਂ ਪੁਰਾਤਨ ਸਾਂਝਾਂ ਤੇ ਰਸਮਾਂ ਨੂੰ ਵੀ ਵਿਸਾਰ ਰਿਹਾ ਹੈ। ਇਸ ਕਰਕੇ ਜਦੋਂ ਤੋਂ ਪਿੰਡਾਂ ਵਿੱਚ ਘਰਾਂ ਦੇ ਨੰਬਰ, ਵਾਰਡਬੰਦੀ ਤੇ ਪਿੰਡਾਂ ਨੂੰ ਮਿਊਂਸਪਲ ਕਮੇਟੀ ਦੇ ਘੇਰੇ ਵਿੱਚ ਲਿਆ ਜਾਣ ਲੱਗਾ ਹੈ ਉਦੋਂ ਤੋਂ ਹੀ ਪਿੰਡ ਆਪਣੇ ਸੱਭਿਆਚਾਰਕ ਪੱਖ ਤੋਂ ਪਤਨ ਵੱਲ ਜਾ ਰਹੇ ਹਨ। ਇੱਥੇ ਇਹ ਗੱਲ ਵੀ ਸੋਚੀ ਜਾ ਸਕਦੀ ਹੈ ਕਿ ਗਤੀਸ਼ੀਲਤਾ ਤੇ ਪਰਿਵਰਤਨ ਕੁਦਰਤ ਦਾ ਨੇਮ ਹੈ ਪਰ ਨਾਲ ਹੀ ਇਹ ਗੱਲ ਵੀ ਵਿਚਾਰਨੀ ਬਣਦੀ ਹੈ ਕਿ ਕੁਝ ਚੀਜਾਂ, ਰਸਮਾਂ ਤੇ ਸੋਚਾਂ ਦਾ ਪੁਰਾਤਨ ਰੂਪ ਤੇ ਮੁਹਾਂਦਰਾ ਹੀ ਸਾਡੇ ਸਮਾਜ ਲਈ ਸਹਾਈ ਹੁੰਦਾ ਹੈ।

**ਹਵਾਲੇ ਅਤੇ ਟਿੱਪਣੀਆਂ**


1. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ-1, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2009, ਪੰਨਾ-134.
2. ਕਿਰਪਾਲ ਕਜ਼ਾਕ, ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-12.
3. ਪੁਆਧੀ ਸ਼ਬਦ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2008, ਪੰਨਾ-19.
4. ਸੁਲੱਖਣ ਸਰਹੱਦੀ, ਪਿੰਡਾਂ ਦਾ ਬਦਲ ਰਿਹਾ ਸੱਭਿਆਚਾਰਕ ਮੁਹਾਂਦਰਾ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2009, ਪੰਨਾ-153.
5. ਉਹੀ.



ਅਸਿਸਟੈਂਟ ਪ੍ਰੋਫੈਸਰ (ਪੰਜਾਬੀ ਵਿਭਾਗ)
ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ

# ਪੰਜਾਬੀ ਨਾਵਲ ਵਿੱਚ ਸੈਨਿਕ ਜੀਵਨ ਦੇ ਆਰਥਿਕ ਪਾਸਾਰ

ਕਿਰਨਦੀਪ ਕੌਰ

ਆਰਥਿਕਤਾ ਹਰੇਕ ਸਮਾਜਿਕ ਢਾਂਚੇ ਦੀ ਬੁਨਿਆਦੀ ਇਕਾਈ ਹੈ ਅਤੇ ਉਸ ਵਿਸ਼ੇਸ਼ ਖਿੱਤੇ ਦਾ ਕੁਦਰਤੀ ਚੌਗਿਰਦਾ, ਉਥੋਂ ਦਾ ਵਾਤਾਵਰਨ, ਧਰਤੀ ਦੀ ਕਿਸਮ, ਦਰਿਆਵਾਂ ਅਤੇ ਪਹਾੜਾਂ ਦੀ ਭੂਗੋਲਿਕ ਸਥਿਤੀ ਆਦਿ ਤੱਤ ਉਥੋਂ ਦੇ ਨਿਤਾਪ੍ਰਤੀ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਜੀਵਨ ਹੋਂਦ ਦੇ ਮੁਢਲੇ ਪੜ੍ਹਾਅ ਤੋਂ ਹੀ ਮਨੁੱਖ ਖ਼ੁਦ ਨੂੰ ਕੁਦਰਤ ਦੇ ਅਨੁਕੂਲ ਢਾਲਣ ਲਈ ਯਤਨਸ਼ੀਲ ਰਿਹਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਦਰਿਆਵਾਂ ਕਾਰਨ ਉਪਜਾਊ ਬਣੀ ਸੋ ਜਮੀਨ ਦੇ ਜਰਖੇਜ਼ ਹੋਣ ਕਾਰਨ ਪੰਜਾਬੀ ਸਮਾਜ ਦੀ ਆਰਥਿਕਤਾ ਦਾ ਧੁਰਾ ਖੇਤੀਬਾੜੀ ਬਣ ਗਿਆ। ਜਿਸਦੇ ਫਲਸਰੂਪ ਪੰਜਾਬੀ ਲੋਕਾਂ ਦੀ ਖੁਰਾਕ ਸਾਦੀ ਅਤੇ ਸਰੀਰ ਨਰੋਆ ਬਣਿਆ ਰੱਜ ਕੇ ਖਾਹ ਅਤੇ ਦੱਬ ਕੇ ਵਾਹ ਜਿਹੇ ਅਖਾਣ ਇਸ ਪ੍ਰਵਿਰਤੀ ਦੀ ਗਵਾਹੀ ਭਰਦੇ ਹਨ। ਪੰਜਾਬ ਦੀਆਂ ਸਰਹੱਦਾਂ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਬਦਲਦੀਆਂ ਰਹੀਆਂ ਹਨ। ਇਸਦੀ ਕੁਦਰਤੀ ਅਮੀਰੀ ਵਿਦੇਸ਼ੀ ਹਮਲਾਵਰਾਂ ਦੀ ਖਿੱਚ ਦਾ ਕਾਰਨ ਬਣੀ ਰਹੀ ਫਲਸਰੂਪ ਨਿੱਤ ਦੀਆਂ ਯੁੱਧ ਮੁਹਿੰਮਾਂ ਕਾਰਨ ਪੰਜਾਬ ਵਾਸੀ ਮੁੱਢ ਤੋਂ ਹੀ ਸੈਨਿਕ ਸਰਗਰਮੀਆਂ ਨਾਲ ਜੁੜੇ ਰਹੇ ਹਨ। ਬੇਰੁਜਗਾਰੀ ਅਤੇ ਖੇਤੀ ਸਾਧਨਾ ਦੇ ਘੱਟਦੇ ਸੋਮਿਆਂ ਕਾਰਨ ਬਿਨਾਂ ਸ਼ੱਕ ਫ਼ੌਜ ਪੰਜਾਬੀ ਨੌਜਵਾਨਾਂ ਲਈ ਇਕ ਵੱਡਾ ਪੇਸ਼ੇਵਰ ਬਦਲ ਬਣੀ ਰਹੀ ਹੈ। ਪਿੰਡਾਂ ਦੀ ਆਤਮ ਨਿਰਭਰ ਆਰਥਿਕਤਾ ਖੰਡਿਤ ਹੋ ਰਹੀ ਹੈ ਅਤੇ ਨਵੀਂ ਵਿਕਸਿਤ ਹੋ ਰਹੀ ਆਰਥਿਕਤਾ ਨੇ ਰੋਜੀ ਰੋਟੀ ਦੇ ਨਵੇਂ ਵਸੀਲੇ ਪੈਦਾ ਕਰ ਦਿੱਤੇ ਹਨ, ਉਨ੍ਹਾਂ ਨਵੇਂ ਵਸੀਲਿਆਂ ਵਿਚੋਂ ਇਕ ਵਸੀਲਾ ਫ਼ੌਜੀ ਭਰਤੀ ਦਾ ਵੀ ਹੈ। ਦਿਨੋ ਦਿਨ ਨਿਘਰਦੀ ਜਾ ਰਹੀ ਅਰਥ-ਵਿਵਸਥਾ ਕਾਰਨ ਫੌਜ ਲੰਬੇ ਸਮੇਂ ਤੋਂ ਪੰਜਾਬੀਆਂ ਲਈ ਪੇਸ਼ੇਵਰ ਬਦਲ ਰਹੀ ਹੈ। ਪੰਜਾਬੀ ਨਾਵਲ ਵਿਚ ਸੈਨਿਕ ਜੀਵਨ ਦੇ ਅਨੇਕਾਂ ਹਵਾਲੇ ਮੌਜੂਦ ਹਨ। ਇਨ੍ਹਾਂ ਹਵਾਲਿਆਂ ਰਾਹੀਂ ਜਿੱਥੇ ਇੱਕ ਪਾਸੇ ਸੈਨਿਕਾਂ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਜ਼ੁਬਾਨ ਮਿਲੀ ਹੈ ਉਥੇ ਆਰਥਿਕ ਥੁੜਾਂ, ਮਜ਼ਬੂਰੀਆਂ ਅਤੇ ਲੋੜਾਂ ਦੇ ਪ੍ਰਸੰਗ ਵੀ ਮਿਲਦੇ ਹਨ। ਭਾਰਤੀ ਸੈਨਾ ਵਿੱਚ ਪੰਜਾਬੀ ਨੌਜਵਾਨ ਦੀ ਸ਼ੁਰੂ ਤੋਂ ਹੀ ਵੱਖਰੀ ਪਛਾਣ ਰਹੀ ਹੈ। ਪੰਜਾਬੀ ਸੈਨਿਕ ਨੂੰ ਸਿਰਫ਼ ਸੂਰਮਗਤੀ ਤੱਕ ਹੀ ਸੀਮਿਤ ਕਰਕੇ ਦੇਖਣ ਦੀ ਪਰੰਪਰਾ ਚਲਦੀ ਆ ਰਹੀ ਹੈ ਪਰੰਤੂ ਪੰਜਾਬੀ ਨਾਵਲ ਵਿਚ ਹੋਰਨਾ ਸਾਹਿਤ ਵਿਧਾਵਾਂ ਵਾਂਗ ਇਸ ਸੂਰਮਗਤੀ ਦੇ ਅੰਤਰਗਤ ਕਾਰਜਸ਼ੀਲ ਕਰੂਰ ਯਥਾਰਥ ਨੂੰ ਵੀ ਪੇਸ਼ ਕੀਤਾ ਹੈ। ਜੰਗ ਜਾਂ ਅਮਨ, ਰੇਤ ਵਿੱਚ ਡੁੱਬੀਆਂ ਨਦੀਆਂ, ਪ੍ਰੀਤੋ, ਰੇਗਿਸਤਾਨ ਦਾ ਸਫ਼ਰ, ਆਪਣੀ ਮਿੱਟੀ ਦੀ ਸਾਜਿਸ਼, ਵੈਹ ਗਏ ਪਾਣੀ ਆਦਿ ਅਜਿਹੇ ਨਾਵਲ ਹਨ ਜੋ ਸਿੱਧੇ ਰੂਪ ਵਿੱਚ ਸੈਨਿਕ ਮਸਲਿਆਂ ਨੂੰ ਮੂਰਤੀਮਾਨ ਕਰਦੇ ਹਨ। ਵਿਚਾਰਯੋਗ ਤੱਥ ਇਹ ਵੀ ਹੈ ਕਿ ਫ਼ੌਜ 'ਚ ਭਰਤੀ ਹੋਣਾ ਸੈਨਿਕਾਂ ਦੀ ਦਿਲੀ ਇੱਛਾ ਘੱਟ ਅਤੇ ਮਾੜੀ ਆਰਥਿਕਤਾ ਵਿਚੋਂ ਪੈਦਾ ਹੋਈਆਂ ਤੰਗੀਆਂ ਤੁਰਸ਼ੀਆਂ ਵੱਧ ਹਨ। ਸੋਹਣ ਸਿੰਘ ਸੀਤਲ ਦੇ ਨਾਵਲ ਜੰਗ ਜਾਂ ਅਮਨ ਵਿਚ ਫੌਜੀ ਭਰਤੀ ਦੇ ਮੂਲ ਕਾਰਨ (ਆਰਥਿਕਤਾ) ਨੂੰ ਪੇਸ਼ ਕੀਤਾ ਹੈ। "ਸਤੰਬਰ 1938 ਈ. ਵਿਚ ਦੂਸਰਾ ਯੁੱਧ ਸ਼ੁਰੂ ਹੋ ਗਿਆ। ਅੰਗਰੇਜਾਂ ਨੇ ਆਪਣੇ ਅਧੀਨ ਮੁਲਕਾਂ ਵਿੱਚ ਥਾਂ-ਥਾਂ ਭਰਤੀ ਸ਼ੁਰੂ ਕਰ ਦਿੱਤੀ। ਉਹਨਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਣ ਵਾਸਤੇ ਬਾਲਣ ਚਾਹੀਦਾ ਸੀ, ਬਾਲਣ ਗੱਭਰੂਆਂ ਦੇ ਰੂਪ ਵਿੱਚ, ਤੇ ਇਹ ਬਾਲਣ ਉਹਨਾਂ ਨੂੰ ਗੱਭਰੂਆਂ ਦੇ ਰੂਪ ਵਿੱਚ, ਤੇ ਇਹ ਬਾਲਣ ਉਹਨਾਂ ਨੂੰ ਹਿੰਦੋਸਤਾਨ ਵਿਚੋਂ ਸਭ ਤੋਂ ਵਧੇਰੇ ਮਿਲ ਰਿਹਾ ਸੀ। ਇਹਦੇ ਵੱਡੇ ਅਖਵਾਉਣ ਵਾਲੇ ਲੋਕਾਂ ਵਿੱਚ ਨੀਵੇਂਪਣ ਦਾ ਅਹਿਸਾਸ ਹੱਦ ਤੱਕ ਵਧ ਚੁੱਕਾ ਸੀ। ਨੇਕਨਾਮੀ ਦੀਆਂ ਸੰਨਦਾਂ ਲੈਣ ਦੇ ਚਾਹਵਾਨਾਂ ਨੇ ਹਰ ਨੀਵੇਂ ਤੇ ਨਾਜਾਇਜ਼ ਢੰਗ ਨਾਲ ਲੋਕਾਂ ਨੂੰ ਭਰਤੀ ਕਰਾਉਣਾ ਸ਼ੁਰੂ ਕਰ ਦਿੱਤਾ। ਬੇਕਾਰ ਤੇ ਭੁੱਖੇ ਗੱਭਰੂਆਂ ਨੂੰ ਤਨਖ਼ਹ ਤੇ ਤਰੱਕੀ ਦੀ ਲਾਲਚ ਦੇ ਕੇ ਇਹ ਝੋਲੀ-ਚੁੱਕ ਜਾਲ ਵਿੱਚ ਫਸਾ ਦੇਂਦੇ।" 1 ਸੋਹਣ ਸਿੰਘ ਸੀਤਲ ਦੇ ਇਸ ਨਾਵਲ ਦਾ ਕੇਂਦਰੀ ਧੁਰਾ ਆਰਥਿਕਤਾ ਦੇ ਚੁੰਗਲ ਵਿਚ ਫਸੀ ਮਨੁੱਖੀ ਮਾਨਸਿਕਤਾ ਵਿਚਲੀ ਕਸ਼ਮਕਸ਼ ਹੈ। ਇਸ ਨਾਵਲ ਦਾ ਮੁੱਖ ਪਾਤਰ ਮਹਿੰਦਰ ਆਰਥਿਕ ਮਜ਼ਬੂਰੀਆਂ ਕਰਕੇ ਫ਼ੌਜ ਵਿਚ ਭਰਤੀ ਹੁੰਦਾ ਹੈ। ਨਾਵਲੀ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਦੂਸਰੇ ਮਹਾਂ ਯੁੱਧ ਸਮੇਂ ਸਰਕਾਰ ਦੇ ਪਿੱਠੂ ਪੰਜਾਬੀ ਨੌਜਵਾਨਾਂ ਦੀ ਆਰਥਿਕ ਮੰਦਹਾਲੀ ਨੂੰ ਢਾਲ ਬਣਾ ਕੇ ਉਹਨਾਂ ਨੂੰ ਲੜਾਈ ਦੇ ਮੈਦਾਨ ਵਿੱਚ ਜਾਣ ਲਈ ਮਜ਼ਬੂਰ ਕਰਦੇ ਸਨ।

ਜਿੱਥੇ ਸੈਨਿਕ ਜੀਵਨ ਬਹਾਦਰੀ, ਸੂਰਮਗਤੀ ਜਿਹੇ ਭਾਵਾਂ ਨੂੰ ਸੰਚਾਰਿਤ ਕਰਨ ਵਾਲਾ ਮੰਨਿਆਂ ਜਾਂਦਾ ਹੈ, ਉਥੇ ਆਰਥਿਕ ਥੁੜਾਂ ਅਤੇ ਗਰੀਬੀ ਕਾਰਨ ਮਾੜੀ ਕਿਸਾਨੀ ਹਾਲਤ, ਜਿਹੀਆਂ ਅਲਾਮਤਾਂ ਪੰਜਾਬੀ ਨੌਜਵਾਨਾਂ ਨੂੰ ਸੈਨਿਕ ਬਣਨ ਲਈ ਮਜ਼ਬੂਰ ਕਰਦੀਆਂ ਹਨ। ਜਸਬੀਰ ਭੁੱਲਰ ਦਾ ਨਾਵਲ 'ਰੇਤ ਵਿੱਚ ਡੁੱਬੀਆਂ ਨਦੀਆਂ' ਆਰਥਕ ਮੰਦਵਾੜੇ ਵਿਚੋਂ ਉਪਜੇ ਸ ਸੰਤਾਪ ਨੂੰ ਹੀ ਪੇਸ਼ ਕਰਦਾ ਹੈ। "ਸਰ! ਮੈਂ ਬੀ.ਏ. ਪਾਰਟ ਟੂ ਵਿੱਚ ਸਾਂ ਜਦੋਂ ਪਿਤਾ ਜੀ ਸੁਰਗਵਾਸ ਹੋ ਗਏ। ਜਮੀਨ ਥੋੜੀ ਸੀ। ਪਿਤਾ ਜੀ ਦੇ ਜਾਣ ਨਾਲ ਉਹਨਾਂ ਦੀ ਨੌਕਰੀ ਦੀ ਆਮਦਨ ਵੀ ਮੁੱਕ ਗਈ। ਪਲੇਅਰ ਹੋਣ ਕਰਕੇ ਕਾਲਜ ਵਿਚ ਮੇਰਾ ਪੜ੍ਹਾਈ ਦਾ ਖ਼ਰਚਾ ਮਾਫ਼ ਸੀ, ਪਰ ਘਰ ਦਾ ਖ਼ਰਚਾ ਕਿਤਰ੍ਹਾਂ ਤੁਰਦਾ। ਭਰਤੀ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ

ਗਿਆ।" 2 ਇਸ ਨਾਵਲ ਵਿਚਲੀ ਸੈਨਿਕ ਜੀਵਨ ਦੀ ਪੇਸ਼ਕਾਰੀ ਮਨੁੱਖ ਦੀਆਂ ਆਰਥਿਕ ਲੋੜਾਂ ਵਿਚੋਂ ਉਪਜੇ ਸੰਕਟ ਨੂੰ ਸਮਝਣ ਲਈ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। 'ਰੇਤ ਵਿੱਚ ਡੁੱਬੀਆਂ ਨਦੀਆਂ' ਵਿਚਲੀ ਪਾਤਰ ਸਰਵਨੀ ਸੈਨਿਕਾਂ ਦੇ ਪਰਿਵਾਰਾਂ ਨੂੰ ਦਰਪੇਸ਼ ਚੁਣੌਤੀਆਂ ਸਾਡੇ ਸਨਮੁਖ ਕਰਦੀ ਹੈ। ਇਹਨਾਂ ਚੁਣੌਤੀਆਂ ਦਾ ਮੂਲ ਆਧਾਰ ਕਮਜ਼ੋਰ ਘਰੇਲੂ ਆਰਥਿਕਤਾ ਹੀ ਹੈ। ਜਿਸ ਕਰਕੇ ਸਾਰਾ ਪਰਿਵਾਰ ਸੰਤਾਪ ਭੋਗਦਾ ਹੈ। ਅਸਲੋਂ ਇਕ ਸੈਨਿਕ ਤਨਖ਼ਾਹ ਅਤੇ ਪੈਨਸ਼ਨ ਦੀ ਖ਼ਾਤਰ ਹੀ ਅਣਚਾਹੀ ਲੜਾਈ ਲੜਦਾ ਹੈ। ਇਸ ਲੜਾਈ ਨੂੰ ਉਹ ਹਮੇਸ਼ਾ ਲਈ ਖ਼ਤਮ ਕਰ ਦੇਣਾ ਚਾਹੁੰਦਾ ਹੈ, ਕਿਉਂਕਿ ਉਸਦੇ ਸਾਹਮਣੇ ਜੰਗ ਨਾਲੋਂ ਜਿਆਦਾ ਜ਼ਰੂਰੀ ਆਪਣੀ ਪਤਨੀ, ਘਰ ਅਤੇ ਬੱਚਿਆਂ ਪ੍ਰਤੀ ਦਰੇਗ ਹੈ।ਪਰਗਟ ਸਿੰਘ ਸਿੱਧੂ ਨੇ ਆਪਣੇ ਨਾਵਲ 'ਰੇਗਿਸਤਾਨ ਦਾ ਸਫ਼ਰ' ਵਿਚ ਵੀ ਆਪਣੇ ਸੈਨਿਕ ਜੀਵਨ ਦੇ ਹੰਢਾਏ ਹੋਏ ਤਜ਼ਰਬਿਆਂ ਨੂੰ ਹੀ ਆਧਾਰ ਬਣਾਇਆ ਹੈ।

ਪੰਜਾਬੀ ਨਾਵਲ ਵਿਚ ਆਏ ਸੈਨਿਕ ਜੀਵਨ ਦੇ ਵੇਰਵਿਆਂ ਰਾਹੀਂ ਫ਼ੌਜ ਦੀ ਭਰਤੀ ਜਿਥੇ ਆਰਥਿਕ ਪੱਖੋਂ ਵਿਅਕਤੀ ਨੂੰ ਆਤਮ ਨਿਰਭਰ ਬਣਾਉਣ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ, ਉਥੇ ਅਜਿਹੇ ਮੌਕੇ ਵੀ ਪੈਦਾ ਕਰਦੀ ਹੈ ਕਿ ਪੰਜਾਬੀ ਬੰਦੇ ਨੂੰ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਫ਼ੌਜ ਵਿਚ ਭਰਤੀ ਹੋਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਬੇ-ਰੁਜ਼ਗਾਰੀ ਅਤੇ ਖੇਤੀ ਸਾਧਨਾ ਦੇ ਘਟਦੇ ਸੋਮਿਆਂ ਕਾਰਨ ਬਿਨਾਂ ਸ਼ੱਕ ਫ਼ੌਜ ਪੰਜਾਬੀ ਜਵਾਨਾਂ ਲਈ ਇਕ ਵੱਡਾ ਪੇਸ਼ੇਵਰ ਬਦਲ ਰਹੀ ਹੈ। ਜਿਸਨੂੰ ਪੰਜਾਬੀ ਦੇ ਕਈ ਨਾਵਲਾਂ ਵਿਚ ਛੋਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਿਹੇ ਨਾਵਲਾਂ ਨੂੰ ਵਾਚਣ ਉਪਰੰਤ ਇਹ ਪਰੰਪਰਾਗਤ ਧਾਰਨਾ ਖਾਰਜ ਹੋ ਜਾਂਦੀ ਹੈ ਕਿ ਸੈਨਿਕ ਸਿਰਫ਼ ਬਹਾਦਰੀ ਅਤੇ ਸੂਰਮਗਤੀ ਦੇ ਪ੍ਰਸੰਗਾਂ ਨੂੰ ਹੀ ਸਿਰਜਦਾ ਹੇ। ਇਸਦੇ ਵਿਪਰੀਤ ਆਰਥਿਕ ਥੁੜ੍ਹਾਂ, ਗਰੀਬੀ ਅਤੇ ਕਿਸਾਨੀ ਦੀ ਬਦਤਰ ਹਾਲਤ ਉਹ ਪ੍ਰਮੁੱਖ ਕਾਰਨ ਹਨ ਜੋ ਨੌਜਵਾਨਾਂ ਦੀ ਫ਼ੌਜ ਵਿਚ ਭਰਤੀ ਲਈ ਜ਼ਿੰਮੇਵਾਰ ਹਨ। ਇਸ ਮਜ਼ਬੂਰੀ ਦਾ ਪ੍ਰਭਾਵ ਨਾ ਸਿਰਫ਼ ਸੈਨਿਕ ਦੇ ਜੀਵਨ ਉਤੇ ਪੈਂਦਾ ਹੈ ਸਗੋਂ ਉਸਦਾ ਪਰਿਵਾਰ ਵੀ ਨਿਰੰਤਰ ਇਸ ਸੰਤਾਪ ਨੂੰ ਭੋਗਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਸੋਹਣ ਸਿੰਘ ਸੀਤਲ, ਜੰਗਾਂ ਜਾਂ ਅਮਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013, ਪੰਨਾ 158.

2. ਜਸਬੀਰ ਭੁੱਲਰ, ਰੇਤ ਵਿੱਚ ਡੁੱਬੀਆਂ ਨਦੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ 28



**ਰਿਸਰਚ ਸਕਾਲਰ**
**ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**


## ਕਿਤਾਬ / ਡਾ. ਸਨੋਬਰ



ਕਿਤਾਬ ਦੂਰ ਕੋਨੇ 'ਚ ਪਈ
ਮੈਨੂੰ ਤਾਂਘ ਰਹੀ ਏ
ਦਿਲ ਤੇ ਦਸਤਕ ਦੇ ਕੇ
ਕੁਝ ਕਹਿਣ ਲਈ ਬੇਤਾਬ ਏ
ਸੂਰਜ ਦੀਆਂ ਕਿਰਨਾਂ ਨਾਲ
ਕੁੱਝ ਖਫ਼ਾ ਜਿਹੀ ਏ
ਕਿਤਾਬ ਉਦਾਸ ਜਿਹੀ ਹੈ
ਸੁਲਗਦੀਆਂ ਪੌਣਾ ਸਫ਼ਿਆਂ ਨੂੰ
ਪਰਤ ਦਰ ਪਰਤ ਖੋਲਦੀਆਂ ਹਨ
ਰਾਤ ਚਾਨਣੀ ਗਮਾਂ ਦਾ
ਨਗਮਾ ਛੇੜਦੀਆਂ ਹਨ
ਵਕਤ ਦੇ ਸਿਤਮ ਨਾਲ ਲਫ਼ਜ਼
ਧੂੜ ਨਾਲ ਕੱਜੇ ਗਏ ਹਨ
ਚਿੰਤਨ 'ਚ ਮਘਦੇ ਦੀਪ
ਸੋਚਾਂ ਵਿੱਚ ਜੀਅ ਰਹੇ ਹਨ
ਕਿਤਾਬ ਚੁੱਪ ਗੁੰਮ-ਸੁੰਮ ਹੈ
ਉਮੀਦ ਦਾ ਸੈਲਾਬ ਸ਼ਾਂਤ ਮਈ ਹੈ
ਕੋਈ ਤਾਂ ਹੈ ਜੋ ਸਪਰਸ਼ ਨਾਲ
ਸਫ਼ਿਆਂ ਨੂੰ ਸਹਿਲਾਏਗਾ
ਸੱਚ ਨੂੰ ਫਿਰ ਜਗਾਵੇਗਾ
ਝੂਠ ਨੂੰ ਮੁੜ ਨਠਾਵੇਗਾ
ਅਲਫ਼ਾਜ਼ਾਂ ਦਾ ਸਾਰਾ ਜਾਦੂ
ਨਵੀਂ ਚੇਤਨਾ ਜਗਾਵੇਗਾ
ਕਿਤਾਬ ਵਿੱਚ ਇਨਕਲਾਬ ਹੈ
ਤਪਸ਼ ਨੂੰ ਝੱਲਣ ਲਈ
ਹਰ ਵਰਕਾ ਤਿਆਰ ਹੈ
ਕਿਤਾਬ ਜਾਗ੍ਰਿਤੀ ਦੀ ਲੋਅ ਦਾ
ਸਦੀਆਂ ਤੋਂ ਬਲਦਾ ਚਿਰਾਗ਼ ਹੈ
ਸਦੀਆਂ ਤੋਂ ਬਲਦਾ ਚਿਰਾਗ਼ ਹੈ।

ਇਤਿਹਾਸ ਅਤੇ ਸਵੈ-ਜੀਵਨੀ ਦਾ ਵਿਸ਼ੇਸ਼ ਸਬੰਧ ਹੈ। ਦੋਵੇਂ ਹੀ ਆਪਣੀ ਸਮੱਗਰੀ ਬੀਤੇ ਸਮੇਂ ਵਿਚੋਂ ਲੈਂਦੇ ਹਨ। ਜਦੋਂ ਕੋਈ ਲੇਖਕ ਆਪਣੀ ਸਵੈ-ਜੀਵਨੀ ਲਿਖ ਰਿਹਾ ਹੁੰਦਾ ਹੈ ਤਾਂ ਸਹਿਜ ਸੁਭਾਅ ਉਸਦੇ ਸਮੇਂ ਦੀਆਂ ਘਟਨਾਵਾਂ ਉਸਦੀ ਰਚਨਾ ਵਿੱਚ ਪ੍ਰਵੇਸ਼ ਕਰ ਜਾਂਦੀਆਂ ਹਨ। ਸਵੈ-ਜੀਵਨੀ ਵਿੱਚ ਇਤਿਹਾਸਿਕ ਤੱਥ ਕਿਥੋਂ ਤੱਕ ਪ੍ਰਵੇਸ਼ ਕਰਦੇ ਹਨ, ਇਸ ਸਬੰਧ ਵਿੱਚ ਕਰਤਾਰ ਸਿੰਘ ਦੁੱਗਲ ਦਾ ਕਥਨ ਇਸ ਧਾਰਨਾ ਨੂੰ ਸਪੱਸ਼ਟ ਕਰਦਾ ਹੈ ਇਹ ਸਵੈ-ਜੀਵਨੀ ਮੇਰੀ ਤੇ ਮੇਰੇ ਜ਼ਮਾਨੇ ਦੀ ਕਹਾਣੀ ਹੈ। ਉਸ ਹੱਦ ਤੱਕ ਜਿਥੋਂ ਤੀਕ ਸਨੇ ਦੇ ਹਾਲਾਤ ਮੇਰੇ ਜੀਵਨ ਵਿੱਚ ਦਖਲ ਰੱਖਦੇ ਸਨ ਜਿਵੇਂ ਅੰਗਰੇਜ਼ ਦੀ ਗੁਲਾਮੀ, ਅਜ਼ਾਦੀ ਨੂੰ ਮਾਣਨਾ, ਸਰਮਾਏਦਾਰੀ ਦੀ ਬਦਜੋਕੀ, ਸਮਾਜ ਦੀ ਕਾਣੀਵੰਡ, ਅਫਸਰਸ਼ਾਹੀ, ਸਿਆਸੀ ਪੈਂਤੜਬਾਜ਼ੀ, ਸਰਕਾਰੀ ਢਾਂਚੇ ਦੀ ਨਿਰਮਾਣਤਾ ਜਿਸਨੇ ਮੇਰੀ ਸਖਸ਼ੀਅਤ ਨੂੰ ਘੜਿਆ, ਭੰਨਿਆ, ਸੰਵਾਰਿਆ, ਮੈਨੂੰ ਉਹ ਕੁਝ ਬਣਨ ਵਿੱਚ ਹਿੱਸਾ ਪਾਇਆ ਜੋ ਕੁਝ ਮੈਂ ਹਾਂ।

ਸਵੈ-ਜੀਵਨੀ ਦਾ ਸਾਹਿਤਿਕ ਤੱਤ ਅਤੀਤ ਦੇ ਤੱਥਾਂ ਦਾ ਨਿਰੋਲ ਸੰਗ੍ਰਹਿ ਸਿਰਫ ਸਵੈ-ਜੀਵਨੀ ਨਹੀਂ ਹੁੰਦੀ । ਇਸ ਵਿੱਚ ਬੀਤੇ ਦੀ ਪੇਸ਼ਕਾਰੀ ਸੁਹਜਮਈ ਤਰੀਕੇ ਨਾਲ ਹੋਣੀ ਚਾਹੀਦੀ ਹੈ। ਉਸਨੂੰ ਸਾਹਿਤਿਕ ਕਲਾਬਾਜ਼ੀਆਂ, ਕਲਪਨਾ ਅਤੇ ਸ਼ਬਦ ਆਡੰਬਰ ਦੀ ਵਰਤੋਂ ਬੜੀ ਸੋਚ ਸਮਝ ਨਾਲ ਕਰਨੀ ਚਾਹੀਦੀ ਹੈ। ਸਾਹਿਤ ਤੇ ਸਵੈ-ਜਵਨੀ ਦੀ ਇੱਕ ਵਿਲੱਖਣ ਸਾਂਝ ਹੈ। ਜਦੋਂ ਅਸੀਂ ਇਹ ਮੰਨ ਕੇ ਚੱਲਦੇ ਹਾਂ ਕਿ ਹਰ ਸਾਹਿਤਿਕ ਸਿਰਜਣਾ ਵਿੱਚ ਸਵੈ-ਜੀਵਨਤਮਕ ਤੱਤ ਹੁੰਦਾ ਹੈ ਤਾਂ ਫਿਰ ਸਵੈ-ਜੀਵਨੀ ਸਾਹਿਤਿਕ ਤੱਤ ਦੀ ਮੇਜ਼ਬਾਨੀ ਤੋਂ ਕਿਵੇਂ ਬੱਚ ਸਕਦੀ ਹੈ? ਆਪਣੇ ਜੀਵਨ ਦਾ ਬਿਆਨ ਤਾਂ ਲੇਖਕ ਨੇ ਕਰਨਾ ਹੀ ਹੁੰਦਾ ਹੈ।

ਸਵੈ-ਜੀਵਨੀ ਆਪਣੇ ਬੀਤੇ ਇਤਿਹਾਸ ਨੂੰ ਆਪਣੀ ਯਾਦ-ਸ਼ਕਤੀ ਰਾਹੀਂ ਸਾਕਾਰ ਕਰਕੇ ਉਸਨੂੰ ਕਲਾਤਮਕ ਢੰਗ ਨਾਲ ਪ੍ਰਸਤੁਤ ਕਰਨ ਦਾ ਹੁਨਰ ਹੈ। ਇਸ ਦਾ ਕੇਂਦਰ ਬਿੰਦੂ ਸਵੈ-ਜੀਵਨੀਕਾਰ ਆਪ ਹੁੰਦਾ ਹੈ। ਸਵੈ-ਜੀਵਨੀ ਨਾਇਕ ਦਾ ਆਪਣੇ ਮੂੰਹੋਂ ਬਿਆਨ ਕੀਤਾ ਆਪਣਾ ਜੀਵਨ ਇਤਿਹਾਸ ਹੈ। ਇਹ ਹੋ ਚੁੱਕੇ, ਲੰਘ ਚੁੱਕੇ ਜੀਵਨ ਦੀ ਪੁਨਰ-ਸਿਰਜਣਾ ਦਾ ਉਪਰਾਲਾ ਹੈ। ਸਵੈ-ਜੀਵਨੀ ਦਾ ਕੇਂਦਰੀ ਧੁਰਾ ਲੇਖਕ ਖੁਦ ਹੁੰਦਾ ਹੈ ਪਰ ਇਸਦਾ ਇਹ ਅਰਥ ਕਦਾਚਿਤ ਨਹੀਂ ਕਿ ਇਸ ਵਿੱਚ ਇਤਿਹਾਸ ਦੀ ਕੋਈ ਦਖਲ ਅੰਦਾਜ਼ੀ ਨਹੀਂ, ਇਤਿਹਾਸ ਤਾਂ ਸਵੈ-ਜੀਵਨੀ ਦੀ ਸਰੰਚਨਾ ਦੀ ਇੱਕ ਲਾਜ਼ਮੀ ਵਰਤੋਂ ਹੈ ਜੀਵਨ ਇਤਿਹਾਸ ਵਿੱਚ ਲੇਖਕ ਦਾ ਸਮਕਾਲੀ ਇਤਿਹਾਸ ਵੀ ਜਜਬ ਹੋ ਜਾਂਦਾ ਹੈ। ਚੰਗੀ ਸਵੈ-ਜੀਵਨੀ ਜਿਥੇ ਲੇਖਕ ਦੇ ਵਿਅਕਤੀ ਬਿੰਬ ਦੀ ਪੁਨਰ-ਸਿਰਜਣਾ ਕਰਦੀ ਹੈ ਉਥੇ ਇਹ ਸਮਕਾਲੀ ਇਤਿਹਾਸ ਨੂੰ ਵੀ ਆਪਣੇ ਕਲਾਵੇ ਵਿੱਚ ਸਮੇਟਣ ਦੀ ਅਥਾਹ ਅਤੇ ਅਧਾਰ ਸਮਰੱਥਾ ਰੱਖਦੀ ਹੈ। ਸਵੈ-ਜੀਵਨੀ ਵਿੱਚ ਪ੍ਰਸਤੁਤ ਇਤਿਹਾਸ ਵੀ ਸ਼ੁੱਧ ਇਤਿਹਾਸ ਲੇਖਕ ਦੇ ਨਾਲ ਇਸ ਤਰ੍ਹਾਂ ਦੋਂਵਾਤਮਕ ਰਿਸ਼ਤੇ ਵਿੱਚ ਬੱਝਾ ਹੁੰਦਾ ਹੈ ਕਿ ਉਸਦੀ ਸ਼ੁੱਧ ਤੇ ਨਿਰਪੱਖ ਹੋਂਦ ਲਗਭਗ ਗਾਇਬ ਹੋ ਜਾਂਦੀ ਹੈ। ਇਸ ਵਿੱਚ ਸਵੈ ਤੇ ਇਤਿਹਾਸ ਇੱਕ ਦੂਜੇ ਨਾਲ ਦੰਦਾਤਮਕ ਰਿਸ਼ਤੇ ਵਿੱਚ ਬੱਝੇ ਇੱਕ ਦੂਜੇ ਨੂੰ ਅਸਲੋਂ ਨਵੀਂ ਸਾਰਥਕਤਾ ਪ੍ਰਦਾਨ ਕਰਦੇ ਹਨ। ਸਵੈ-ਜੀਵਨੀ ਵਿੱਚ ਪ੍ਰਸਤੁਤ ਨਾਇਕ ਕਿਸ ਭਾਂਤ ਦਾ ਹੁੰਦਾ ਹੈ ਜਾਂ ਕਿਸ ਭਾਂਤ ਦਾ ਹੋਣਾ ਚਾਹੀਦਾ ਹੈ? ਆਪ ਤੌਰ ਉੱਪਰ ਸਵੈ-ਜੀਵਨੀ ਦਾ ਨਾਇਕ ਐਸਾ ਵਿਅਕਤੀ ਹੁੰਦਾ ਹੈ ਜਿਸਨੇ ਕਿਸੇ ਵੀ ਖੇਤਰ ਵਿੱਚ ਮਹੱਤਵਪੂਰਨ ਤੇ ਗਿਣਨਯੋਗ ਪ੍ਰਾਪਤੀਆਂ ਕੀਤੀਆਂ ਹੋਣ। ਉਹ ਖੇਤਰ ਚਾਹੇ ਰਾਜਨੀਤੀ ਦਾ ਹੋਵੇ ਧਰਮ ਦਾ, ਕਲਾ ਜਾਂ ਸਾਹਿਤ ਦਾ ਆਪਣੀਆਂ ਇਹਨਾਂ ਪ੍ਰਾਪਤੀਆਂ ਸਦਕਾ ਹੀ ਉਹ ਪ੍ਰਸਿੱਧ ਲੋਕਪ੍ਰਿਅ ਹੁੰਦਾ ਹੈ।

ਅਮੇਰੀਕਨ ਐਨਸਾਈਕਲੋਪੀਡੀਆ ਅਨੁਸਾਰ- ਸਵੈ-ਜੀਵਨੀ ਉਸਨੂੰ ਕਹਿੰਦੇ ਹਨ ਜਿਸ ਵਿੱਚ ਲੇਖਕ ਆਪਣੇ ਸੰਪੂਰਨ ਜੀਵਨ ਦਾ ਵੇਰਵਾ ਪੇਸ਼ ਕਰਦਾ ਹੈ।

ਨਗੇਂਦ੍ਰ ਅਨੁਸਾਰ - ਭਾਰਤੀ ਸਾਹਿਤਿਕ ਕੋਸ਼ ਸਵੈ-ਜੀਵਨੀ ਵਾਰਤਕ ਸਾਹਿਤ ਦਾ ਇੱਕ ਬਿਉਰਾ ਪੇਸ਼ ਕਰਦਾ ਹੈ। ਲੇਖਕ ਆਪਣੀ ਜ਼ਿੰਦਗੀ ਬਾਰੇ ਜਦੋਂ ਆਪ ਲਿਖਦਾ ਹੈ ਤਾਂ ਉਸਨੂੰ ਆਪਣੇ ਆਪ ਉਤੇ ਪੂਰਨ ਵਿਸ਼ਵਾਸ ਹੁੰਦਾ ਹੈ ਕਿਉਂਕਿ ਉਹ ਆਪਣੇ ਬਾਰੇ ਹੋਰ ਲੋਕਾਂ ਤੋਂ ਵੱਧ ਜਾਣਕਾਰੀ ਰੱਖਦਾ ਹੈ। ਇਸ ਕਰਕੇ ਸਵੈ-ਜਵਨੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿੱਚ ਆਪ ਹੰਢਾਏ ਅਤੇ ਭੋਗੇ ਪਲਾਂ ਦੀ ਪੁਨਰ ਉਸਾਰੀ ਹੁੰਦੀ ਹੈ। ਸੰਖੇਪ ਵਿੱਚ ਸਵੈ-ਜੀਵਨੀ, ਸਵੈ-ਪ੍ਰਕਾਸ਼ ਹੈ। ਵਿਸ਼ਵ ਦੇ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਅਤੇ ਚਿੰਤਕਾਂ ਨੇ ਆਪਣੀਆਂ ਸਵੈ-ਜੀਵਨੀਆਂ ਲਿਖੀਆਂ ਹਨ, ਜਿਹਨਾਂ ਦੀਆਂ ਅਦਿਕਾਵਾਂ ਵਿੱਚ ਸਵੈ-ਜੀਵਨੀ ਦੀ ਪ੍ਰਕਿਰਤੀ, ਸਵੈ-ਜੀਵਨੀ ਲਿਖਣ ਦੇ ਕਾਰਨ ਅਤੇ ਸਵੈ-ਜੀਵਨੀ ਦੇ ਮਹੱਤਵ ਆਦਿ ਵਿਸ਼ਿਆਂ ਬਾਰੇ ਵਿਚਾਰ ਕੀਤੀ ਗਈ ਹੈ। ਹਰ ਸਵੈ-ਜੀਵਨੀ ਵਿੱਚ ਲੇਖਕ ਆਪਣੀ ਨਿੱਜੀ ਜ਼ਿੰਦਗੀ ਦੇ ਵੇਰਵਿਆਂ ਨੂੰ ਹੀ ਆਪਣੀ ਰਚਨਾ ਦੀ ਵਸਤੂ-ਸਮੱਗਰੀ ਬਣਾਉਂਦਾ ਹੈ ਪਰ ਤਾਂ ਵੀ ਕਿਸੇ ਖੇਤਰ ਦੇ ਵਿਅਕਤੀ ਦੀ ਸਵੈ-ਜੀਵਨੀ ਕਿਸੇ ਦੂਜੇ ਖੇਤਰ ਦੇ ਵਿਅਕਤੀ ਦੀ ਸਵੈ-ਜੀਵਨੀ ਨਾਲੋਂ ਭਿੰਨ ਹੁੰਦੀ ਹੈ। ਜਿਵੇਂ ਕਿ ਕਿਸੇ ਰਾਜਸੀ ਨੇਤਾ ਦੀ ਸਵੈ-ਜੀਵਨੀ ਵਿੱਚ ਉਸਦੇ ਰਾਜਸੀ ਸੰਘਰਸ਼ ਨਾਲ ਜੁੜੇ ਵੇਰਵੇ ਵਧੇਰੇ ਹੋਣਗੇ, ਇੱਕ ਖਿਡਾਰੀ ਦੀ ਸਵੈ-ਜੀਵਨੀ ਵਿੱਚ ਖੇਡਾਂ ਨਾਲ ਜੁੜੇ ਪੱਖ ਉੱਤਰ ਕੇ ਸਾਹਮਣੇ ਆਉਣਗੇ, ਕਲਾਕਾਰਾਂ ਦੀਆਂ ਸਵੈ-ਜੀਵਨੀਆਂ ਵਿਣ ਕਲਾ ਨਾਲ ਸਬੰਧਿਤ ਸੂਖਮ ਵੇਰਵਿਆਂ ਦੀ ਪੇਸ਼ਕਾਰੀ ਹੋਵੇਗੀ ਅਤੇ

ਸਾਹਿਤਕਾਰਾਂ ਦੀਆਂ ਸਵੈ-ਜੀਵਨੀਆਂ ਉਹਨਾਂ ਦੇ ਸਾਹਿਤ ਸਿਰਜਣਾ ਨਾਲ ਜੁੜੇ ਸਰੋਕਾਰ ਦੀ ਤਫਸੀਲ ਪੇਸ਼ ਕਰਨਗੀਆਂ। ਇੱਕ ਸਾਹਿਤਕਾਰ ਦੀ ਸਵੈ-ਜੀਵਨੀ ਕਈ ਪੱਖਾਂ ਤੋਂ ਵਿਸ਼ੇਸ਼ ਹੁੰਦੀ ਹੈ। ਕਿਸੇ ਸਾਹਿਤਕਾਰ ਦੀ ਸਖਸ਼ੀਅਤ ਦਾ ਪ੍ਰਮੁੱਖ ਲੱਛਣ ਉਸਦੀ ਸੰਵੇਦਨਸ਼ੀਲਤਾ ਹੁੰਦੀ ਹੈ।

ਪੰਜਾਬੀ ਦੇ ਹਰ ਪ੍ਰਮੁੱਖ ਅਤੇ ਪ੍ਰਸਿੱਧ ਸਾਹਿਤਕਾਰ ਨੇ ਆਪਣੀ-ਆਪਣੀ ਸਵੈ-ਜੀਵਨੀ ਲਿਖੀ ਹੈ। ਇਹਨਾਂ ਦੀਆਂ ਸਵੈ-ਜੀਵਨੀਆਂ ਦੀ ਭੂਮਿਕਾ ਵਿੱਚ ਉਹਨਾਂ ਨੇ ਆਪਣਾ-ਆਪਣਾ ਪ੍ਰਯੋਜਨ ਵੀ ਸਪੱਸ਼ਟ ਕੀਤਾ ਹੈ। ਪ੍ਰੋ: ਪੂਰਨ ਸਿੰਘ ਅਨੁਸਾਰ ਸਵੈ-ਜੀਵਨੀ ਬਾਲਪਣ ਅਤੇ ਜਵਾਨੀ ਵਿੱਚ ਲਏ ਸੁਪਨਿਆਂ ਨੂੰ ਮੁੜ ਜਿਊਣ ਦੀ ਇੱਕ ਕੋਸ਼ਿਸ਼ ਮਾਤਰ ਹੁੰਦੀ ਹੈ। ਆਪਣੀ ਸਵੈ-ਜੀਵਨੀ ਵਿੱਚ ਉਹ ਲਿਖਦਾ ਹੈ-ਇਹ ਕਿਤਾਬ ਇੱਕ ਕੋਸ਼ਿਸ਼ ਹੈ, ਬਾਲਪਣ ਵਿੱਚ ਅਤੇ ਜਵਾਨੀ ਵਿੱਚ ਲਏ ਸੁਪਨਿਆਂ ਵਿੱਚ ਮੁੜ ਜਿਉਣ ਦੀ ਹੰਢੀ-ਵਰਤੀ ਅਤੇ ਥੱਕੀ ਟੁੱਟੀ ਬੁੱਧੀ ਦੀਆਂ ਗਿਣਤੀਆਂ ਤੇ ਵਿਉਂਤਾਂ ਭੁਲਾਣ ਦੀ। ਜ਼ਿੰਦਗੀ ਦੇ ਹਿਰਖ ਹੀ ਅਸਲੀਅਤ ਹਨ ਤੇ ਬਾਗ ਵਿੱਚ ਇੱਕ ਕਲੀ ਦਾ ਖਿੜਨ ਤੇ ਜਵਾਨੀ ਦਾ ਜੋਬਨ ਵਿੱਚ ਆਉਣਾ, ਹਮੇਸ਼ਾਂ ਲਈ ਤੇ ਸਭਨਾਂ ਲਈ, ਲੋਇਆਂ ਤੇ ਜਿਉਂਦਿਆਂ ਦੋਹਾਂ ਲਈ, ਮਨਮੱਲਵੇਂ ਵਿਸ਼ੇ ਹਨ।

ਇੱਕ ਸੁਚੱਜੇ ਸਵੈ-ਜੀਵਨੀਕਾਰ ਨੂੰ ਆਪਣੀ ਸਖਸ਼ੀਅਤ, ਸਮਾਜ, ਆਪਣੇ ਸੰਪਰਕ ਵਿੱਚ ਆਉਣ ਵਾਲੇ ਵਿਅਕਤੀ ਵਿਸ਼ੇਸ਼, ਸੁਦ੍ਰਿੜਤਾ ਅਤੇ ਸ਼ਿਲਪ ਨਾਲ ਸਬੰਧਿਤ ਬਹੁਤ ਸਾਰੇ ਤਕਾਜ਼ਿਆਂ ਦੀ ਪੂਰਤੀ ਕਰਨੀ ਪੈਂਦੀ ਹੈ। ਇਹਨਾਂ ਵਿਚੋਂ ਕਿਸੇ ਵੀ ਪੱਖ ਜਾਂ ਤੱਤ ਵੱਲ ਧਾਰਨ ਕੀਤੀ ਲਾਪਰਵਾਹੀ ਉਸਦੀ ਰਚਨਾ ਦੇ ਤਵਾਜ਼ਨ ਨੂੰ ਵਿਗਾੜ ਸਕਦੀ ਹੈ। ਸਵੈ-ਜੀਵਨੀ ਵਿੱਚ ਹੇਠ ਲਿਖੇ ਤੱਤਾਂ ਦਾ ਹੋਣਾ ਜ਼ਰੂਰੀ ਹੈ:-

1. ਸੱਚ ਦਾ ਸਹਿਜ ਪ੍ਰਕਾਸ਼ - ਇਕ ਸੁਚੱਜੀ ਅਤੇ ਪ੍ਰਮਾਣਿਤ ਓਵੈ-ਜੀਵਨੀ ਸੱਚ ਉੱਤੇ ਅਧਾਰਿਤ ਹੋਣੀ ਚਾਹੀਦੀ ਹੈ। ਕਿਸੇ ਵੀ ਸਵੈ-ਜੀਵਨੀਕਾਰ ਲਈ ਇਹ ਉਚਿਤ ਨਹੀਂ ਕਿ ਉਹ ਆਪਣੇ ਆਪ ਨੂੰ ਮਹਿਮਾ ਮੰਡਿਤ ਕਰਨ ਲਈ ਝੂਠੀਆਂ ਜਾਂ ਕਲਪਿਤ ਘਟਨਾਵਾਂ ਨੂੰ ਆਪਣੀ ਸਵੈ-ਜੀਵਨੀ ਵਿੱਚ ਸ਼ਾਮਿਲ ਕਰਦਾ ਫਿਰੇ।

2.ਸਖਸ਼ੀਅਤ ਦਾ ਪ੍ਰਗਟਾਵਾ - ਸਵੈ-ਜੀਵਨੀ ਦੀ ਮੂਲ ਵਸਤੂ ਲੇਖਕ ਦਾ ਆਪਣਾ ਜੀਵਨ ਬਿਰਤਾਂਤ ਹੁੰਦਾ ਹੈ। ਉਸਨੇ ਆਪਣੇ ਹੀ ਜੀਵਨ ਦਾ ਬਿੰਬ ਪੇਸ਼ ਕਰਨਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੀਵਨੀ ਨਾਲੋਂ ਸਵੈ-ਜੀਵਨੀ ਦਾ ਨਾਇਕ ਵਧੇਰੇ ਸਜੀਵ ਅਤੇ ਪ੍ਰਾਣਵਾਨ ਹੁੰਦਾ ਹੈ। ਡਾ: ਰਤਨ ਸਿੰਘ ਜੱਗੀ ਸਵੈ-ਜੀਵਨੀ ਦੇ ਪੱਖ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ ਕਿ ਸਾਹਿਤ ਦੇ ਇਸ ਰੂਪ ਵਿੱਚ ਲੇਖਕ ਆਪਣੇ ਆਪ ਨੂੰ ਪੁਨਰ ਉਪਲਬਧ ਕਰਦਾ ਹੈ। ਇਥੇ ਅਧਿਕਤਰ ਯਾਦ ਸ਼ਕਤੀ ਹੀ ਵਸਤੂ ਸਮੱਗਰੀ ਉਪਲੱਬਧ

**(ਬਾਕੀ ਸਫਾ 48 'ਤੇ)**

## ਮੇਰਾ ਸੋਹਣਾ ਪੰਜਾਬ / ਹਰਦੀਪ ਬਾਵਾ



ਨਸ਼ਿਆਂ ਦਾ ਵਗਦਾ ਦਰਿਆ
ਮਹਿੰਗਾਈ 'ਚ ਕਸਿਆ ਇਨਸਾਨ
ਕੰਜਕਾਂ ਨੂੰ ਦੇਵਣ ਹੱਥੀਂ ਮਾਰ
ਇਹ ਹੈ ਹੁਣ ਮੇਰਾ ਸੋਹਣਾ ਪੰਜਾਬ

ਰੁਜ਼ਗਾਰ ਦੀ ਮੁੱਕੀ ਆਸ
ਕਰਜ਼ੇ ਵਿਚ ਡੁੱਬਿਆ ਕਿਸਾਨ
ਜਿੱਥੇ ਧੀਆਂ ਹੋਵਣ ਬਲਾਤਕਾਰ ਦਾ ਸ਼ਿਕਾਰ
ਇਹ ਹੈ ਹੁਣ ਮੇਰਾ ਸੋਹਣਾ ਪੰਜਾਬ

ਬੇਗਾਨੀ ਤੀਵੀਂ ਦੀ ਬੰਦਾ ਰੱਖੇ ਝਾਤ
ਦਿੰਦਾ ਫਿਰੇ ਆਪਣੀ ਨੂੰ ਦੁਰਕਾਰ
ਦੀਵਾਰਾਂ ਦੇ ਪਿਛੇ ਗੂੰਜਣ
ਅਵਾਜਾਂ ਹਜ਼ਾਰ
ਇਹ ਹੈ ਹੁਣ ਮੇਰਾ ਸੋਹਣਾ ਪੰਜਾਬ

ਨੰਨ੍ਹੀਆਂ ਬੱਚੀਆਂ ਦਾ
ਨੋਚਿਆ ਜਿਸਮ ਜਾਵੇ
ਵਾੜ ਹੀ ਜਿੱਥੇ ਖੇਤ ਨੂੰ ਖਾਵੇ
ਪੈਸੇ ਪਿਛੇ ਵਿਕੇ ਹੁਸਨ ਵਿਚ ਬਾਜ਼ਾਰ
ਇਹ ਹੈ ਹੁਣ ਮੇਰਾ ਸੋਹਣਾ ਪੰਜਾਬ

ਰਾਜਨੀਤੀ ਦਾ
ਪਾਠ ਨਾ ਆਵੇ ਰਾਸ
ਰਿਸ਼ਵਤਖੋਰੀ ਦਾ
ਚੱਲਦਾ ਖੁੱਲ੍ਹਾ ਵਪਾਰ
ਕਿਸ਼ਤਾਂ ਵਿਚ ਮਿਲਣ
ਗਰੀਬਾਂ ਨੂੰ ਦੁੱਖ ਹਜ਼ਾਰ
ਇਹ ਹੈ ਹੁਣ ਮੇਰਾ ਸੋਹਣਾ ਪੰਜਾਬ।

## ਮੇਰੀ ਨੰਨੀ ਲਿਲਾਹ: ਇਕ ਵਿਸ਼ਲੇਸ਼ਣ / ਡਾ. ਅੰਮ੍ਰਿਤਪਾਲ ਕੌਰ

ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਨਾਂ ਪੰਜਾਬੀ ਸਾਹਿਤ ਵਿਚ ਕਿਸੇ ਪਛਾਣ ਦਾ ਮੁਥਾਜ਼ ਨਹੀਂ। ਪੰਜਾਬੀ ਸਾਹਿਤ ਦੇ ਅਨੇਕਾਂ ਰੂਪਾਕਾਰਾਂ (ਨਾਵਲ, ਕਹਾਣੀ, ਨਾਟਕ, ਸਵੈ-ਜੀਵਨੀ, ਵਾਰਤਕ) 'ਤੇ ਇਸ ਪ੍ਰੋੜ੍ਹ ਸਾਹਿਤਕਾਰ ਨੇ ਆਪਣੀ ਕਲਮ ਅਜ਼ਮਾਈ। ਜੇਕਰ ਸਮੁੱਚੇ ਰੂਪ ਵਿਚ ਗੱਲ ਕੀਤੀ ਜਾਵੇ ਤਾਂ ਜ਼ਿੰਦਗੀ ਦੇ ਵਿਸ਼ਾਲ ਕੈਨਵਸ ਵਿਚੋਂ ਛੋਟੀਆਂ – ਛੋਟੀਆਂ ਘਟਨਾਵਾਂ ਵਰਤਾਰਿਆਂ ਅਤੇ ਸਾਧਾਰਣ ਜਪਦੀਆਂ ਗੱਲਾਂ ਨੂੰ ਤਲਾਸ਼ ਕੇ ਉਹਨਾਂ ਨੂੰ ਸਹਿਜ-ਤਾਵੀ ਸੰਦਰਭ ਵਿਚ ਪ੍ਰਸਤੁਤ ਕਰਨਾ ਪ੍ਰੀਤਲੜੀ ਦੀ ਸਾਹਿਤ ਕਲਾ ਦੀ ਖਾਸੀਅਤ ਹੈ। ਇਥੇ ਅਸੀਂ ਉਸਦੀ ਵਾਰਤਕ ਦੀ ਗੱਲ ਹੀ ਕਰਾਂਗੇ। ਉਸਦੀ ਸਮੁੱਚੀ ਵਾਰਤਕ ਦੀ ਬਣਤਰ, ਬਣਤਰ ਅਤੇ ਡੂੰਘਾਈ ਪਰਕ ਅਰਥਾਂ ਵਿਚੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਉਸਦੀ ਵਾਰਤਕ ਰਚਨਾ ਵਿਚਲੇ ਭਾਵਾਂ, ਵਿਚਾਰਾਂ ਦੀ ਭਰਪੂਰਤਾ, ਰਚਨਾ ਦੇ ਸੰਘਣੇ ਸੰਗਠਨ 'ਤੇ ਨਿਰਭਰ ਕਰਦੀ ਹੈ। ਵਾਰਤਕ ਦਾ ਇਹ ਸੰਘਣਾ ਸੰਗਠਨ ਪ੍ਰੀਤਲੜੀ ਦੀ ਵਿਚਾਰਧਾਰਾ ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ, ਦਾ ਸੁੰਦਰ ਪ੍ਰਮਾਣ ਉਸਦੀ ਨਿਬੰਧ ਰਚਨਾ ਮੇਰੀ ਨੰਨੀ ਲਿਲਾਹ ਹੈ।

'ਮੇਰੀ ਨੰਨੀ ਲਿਲਾਹ' ਨਿਬੰਧ ਦੀ ਸਭ ਤੋਂ ਵੱਡੀ ਖਾਸੀਅਤ ਇਸ ਨਿਬੰਧ ਦੀ ਪਾਤਰ ਇਕ ਛੋਟੀ ਬੱਚੀ ਲਿਲਾਹ ਹੈ। ਇਥੇ ਪਾਤਰ ਦੀ ਇਹ ਵਿਲੱਖਣਾ ਹੈ ਕਿ ਪ੍ਰੀਤਲੜੀ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਇਕ ਬਾਲ ਪਾਤਰ ਉੱਪਰ ਨਿਬੰਧ ਦਾ ਵਿਸ਼ਾ ਉਸਾਰਿਆ ਹੈ। ਨਿਬੰਧ ਵਿਚਲਾ ਸੰਕਟ ਇਹਨਾਂ ਬਾਲ ਪਾਤਰਾਂ ਦੇ ਖੇਡਣ ਸਮੇਂ ਲੇਖਕ ਦਾ ਓਧਰ ਪਾਸੇ ਲੰਘਣ ਨਾਲ ਜੁੜਿਆ ਹੋਇਆ ਹੈ। ਕਿਉਂਕਿ ਅਮਰੀਕਾ ਦੇ ਸ਼ਹਿਰ ਯੰਗਸਟਾਊਨ ਵਿਚ ਸਿਰਫ ਲੇਖਕ ਹੀ ਇਕ ਪੱਗੜੀ ਵਾਲਾ ਸਿੱਖ ਹੈ ਅਤੇ ਬਾਲ ਪਾਤਰਾਂ ਦੇ ਮਨ ਵਿਚ ਡਰ ਹੈ ਕਿ ਉਹ ਬੱਚਿਆਂ ਨੂੰ ਚੁੱਕ ਕੇ ਲੈ ਜਾਂਦਾ ਹੈ। ਬਾਲ ਪਾਤਰਾਂ ਦਾ ਲੇਖਕ ਨਾਲ ਗੱਲਬਾਤ ਕਰਨਾ ਸਭ ਤੋਂ ਵੱਡੀ ਚੁਣੌਤੀ ਬਣਦਾ ਹੈ। ਇਕ ਸਿੱਖ ਪਾਤਰ ਨੂੰ ਕਿਸੇ ਬੱਚੇ ਦੁਆਰਾ ਹੱਥ ਲਾਉਣਾ ਜਾਂ ਬੁਲਾਉਣਾ (ਗੱਲਬਾਤ) ਬਾਲ ਪਾਤਰਾਂ ਦੀ ਸਮੁੱਚੀ ਪ੍ਰਕਿਰਿਆ ਅਤੇ ਚੁਣੌਤੀ ਵਿਚ ਹੀ ਨਿਬੰਧ ਵਿਚਲਾ ਸੰਪੂਰਨ ਤਣਾਅ ਅਤੇ ਡਰ ਪਿਆ ਹੈ ਅਤੇ ਇਸ ਡਰ ਉੱਪਰ ਕਾਬੂ ਪਾਉਣ ਲਈ ਬਾਲ ਪਾਤਰਾਂ ਦੁਆਰਾ ਅਪਣਾਈਆਂ ਗਈਆਂ ਜੁਗਤਾਂ ਇਸ ਨਿਬੰਧ ਦੇ ਬਿਰਤਾਂਤ ਦਾ ਆਧਾਰ ਬਣਦੀਆਂ ਹਨ।

ਇਸ ਨਿਬੰਧ ਵਿਚ ਵਾਪਰਦਾ ਕੁਝ ਵੀ ਨਹੀਂ ਸਿਰਫ ਕਿਸੇ ਘਟਨਾ ਦੇ ਵਾਪਰ ਜਾਣ ਦਾ ਖਦਸ਼ਾ ਹੀ ਬਿਰਤਾਂਤਕੀ ਚੱਕਰ ਦੀ ਉਸਾਰੀ ਕਰਦਾ ਹੈ। ਬਾਲ ਪਾਤਰਾਂ ਦੇ ਆਪਸੀ ਸੰਵਾਦ ਵਿਚ ਬਹੁਤ ਕੁਝ ਵਾਪਰਦਾ ਹੈ। ਇਸ ਨਿਬੰਧ ਵਿਚ ਉਤਪੰਨ ਹੋ ਰਿਹਾ ਬਾਲ-ਪਾਤਰਾਂ ਦਾ ਆਪਸੀ ਸੰਵਾਦ ਵੀ ਇਕ ਰਣ ਖੇਤਰ ਨੂੰ ਜਿੱਤਣ ਨਾਲ ਜੁੜਿਆ ਹੋਇਆ ਹੈ ਜੋ ਇਕ ਸਿੱਖ ਆਦਮੀ ਨੂੰ ਹੱਥ ਲਾਉਣ ਨਾਲ ਸੰਬੰਧਿਤ ਹੈ।

ਵੇਖਿਆ ਜੇ, ਮੈਂ ਹੱਥ ਲਾ ਆਈ, ਉਨ੍ਹਾਂ ਮੈਨੂੰ
ਕੁਝ ਵੀ ਨਹੀਂ ਆਖਿਆ।

ਇਸ ਡਰ ਨੂੰ ਪਾਰ ਕਰਕੇ ਮਨੁੱਖੀ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਦੀ ਪ੍ਰਕਿਰਿਆ ਵਿਚ ਪ੍ਰੀਤਲੜੀ ਨਵੀਆਂ ਵਿਚਾਰਧਾਰਾਵਾਂ ਦੀ ਉਸਾਰੀ ਕਰਦਾ ਹੈ।

ਨਿਬੰਧ ਦਾ ਮੈਂ ਪਾਤਰ ਬਿਰਤਾਂਤਕ ਵਕਤਾ ਨਾਲ ਆਤਮਸ਼ਾਂਤੀ ਪ੍ਰਕਿਰਿਆ ਅਧੀਨ ਇਸ ਪੂਰੇ ਨਿਬੰਧ ਦਾ ਬਿਰਤਾਂਤ ਉਲੀਕਦਾ ਹੈ। ਅਮਰੀਕਾ ਦੇ ਸ਼ਹਿਰ ਯੰਗਸਟਾਊਨ ਵਿਚ, ਦਫਤਰੋਂ ਵਿਚ, ਦਫਤਰੋਂ ਘਰ ਮੁੜਦਿਆਂ, ਇਕ ਘਰ ਦੇ ਸਾਹਮਣੇ ਹਰੇ ਚਮਨ ਉਤੇ ਮੈਂ ਕੁਝ ਬਾਲਾਂ ਨੂੰ ਖੇਡਦਿਆਂ ਵੇਖਦਾ ਹੁੰਦਾ ਸਾਂ। ਇਹ ਬਾਲ ਵੀ ਮੈਨੂੰ ਵੇਖਿਆ ਕਰਦੇ ਸਨ, ਕਿਉਂਕਿ ਉਸ ਸ਼ਹਿਰ ਵਿਚ ਮੈਂ ਇਕ ਅਨੋਖੀ ਸੂਰਤ ਸਾਂ। ਅੱਠ ਲੱਖ ਆਦਮੀਆਂ ਵਿਚ ਇਕ ਪੱਗ ਵਾਲਾ ਦਾੜ੍ਹੀ ਵਾਲਾ ਵਾਕ ਨਾਲ ਨਿਬੰਧ ਨੂੰ ਪਿੱਛਲਝਾਤ ਜ਼ਰੀਏ ਲੰਘਾਉਂਦਾ ਹੈ। ਇਸ ਤੋਂ ਬਾਅਦ ਦਾ ਬਿਰਤਾਂਤ ਬਾਲ ਪਾਤਰਾਂ ਦੀ ਮਾਨਸਿਕਤਾ ਵਿਚ ਵਸੇ ਡਰ ਨੂੰ ਨਸ਼ਰ ਕਰਦਾ ਹੈ। ਜਿਸ ਦੀ ਸ਼ੁਰੂਆਤ ਨਿਬੰਧ ਦੇ ਸ਼ੁਰੂ ਵਿਚ ਇਕ ਸਿੱਖ ਪਾਤਰ ਦਾ ਖੇਡ ਰਹੇ ਅੰਗਰੇਜ਼ ਬੱਚਿਆਂ ਕੋਲੋਂ ਲੰਘਣ ਨਾਲ ਪੈਦਾ ਹੋਏ ਡਰ ਤੋਂ ਹੁੰਦੀ ਹੈ। ਪਰ ਇਥੇ ਸਵਾਲ ਖੜ੍ਹਾ ਇਹ ਹੁੰਦਾ ਹੈ ਕਿ ਇਹ ਡਰ ਸਿਰਫ਼ ਪੱਗੜ੍ਹੀਧਾਰੀਆਂ ਦੁਆਰਾ ਬੱਚਿਆਂ ਨੂੰ ਚੁੱਕ ਕੇ ਲੈ ਜਾਣ ਜਾਣ ਨਾਲ ਸੰਬੰਧਿਤ ਹੈ ਜਾਂ ਇਸ ਦੇ ਹੋਰ ਵੀ ਕਾਰਨ ਹੈ। ਇਹ ਡਰ ਸਾਧਾਰਣ ਅਰਥਾਂ ਵਿਚ ਸਿਰਫ ਪੱਗੜੀਧਾਰੀਆਂ ਦੁਆਰਾ ਚੁੱਕ ਕੇ ਲਿਜਾਣ ਨਾਲ ਹੀ ਸੰਬੰਧਿਤ ਨਹੀਂ ਸਗੋਂ ਪੱਗੜੀਧਾਰ ਸ਼ਬਦ ਇਕ ਖਾਸ ਫਿਰਕੇ ਨੂੰ ਸੂਤਰਬੱਧ ਕਰ ਰਿਹਾ ਹੈ। ਜਿਸ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਦੋਵੇਂ (ਬੱਚੇ ਅਤੇ ਪੱਗੜੀਧਾਰ) ਇਕੋ ਫਿਰਕੇ ਨਾਲ ਸੰਬੰਧਿਤ ਨਹੀ। ਇਸ ਕਰਕੇ ਫਿਰਕੇ ਦਾ ਇਹ ਫਰਕ ਵੀ ਉਹਨਾਂ ਦੇ ਡਰ ਨੂੰ ਅਚੇਤ ਹੀ ਵਧਾ ਰਿਹਾ ਹੈ। ਪ੍ਰੰਤੂ ਇਹ ਡਰ ਨਿਬੰਧ ਵਿਚ ਵਿਕਰਾਲ ਰੂਪ ਧਾਰਨ ਨਹੀਂ ਕਰਦਾ ਸਗੋਂ ਛੇਤੀ ਹੀ ਬਾਲ – ਮਨਾਂ ਤੋਂ ਉਤਰ ਜਾਂਦਾ ਹੈ। ਕਿਉਂਕਿ ਲਿਲਾਹ ਦੁਆਰਾ ਪੱਗੜੀਧਾਰ ਨੂੰ ਹੱਥ ਲਗਾ ਕੇ ਆਉਣਾ ਅਤੇ ਪੱਗੜੀਧਾਰ ਦਾ ਪਿਆਰ ਨਾਲ ਲਿਲਾਹ ਨੂੰ ਬੁਲਾਉਣਾ ਸਪੱਸ਼ਟ ਕਰਦਾ ਹੈ ਕਿ ਚਾਹੇ ਬਾਲ – ਪਾਤਰਾਂ ਵਿਚ ਡਰ ਦੇ ਕਾਰਨ ਬਾਰੇ ਦੁਬਿਧਾ ਹੈ ਪਰ ਡਰ ਬਾਰੇ ਨਹੀਂ। ਇਸ ਗੱਲ ਨੂੰ ਜੇਕਰ ਮਨੋਵਿਗਿਆਨਿਕ ਤੌਰ 'ਤੇ ਦੇਖੀਏ ਤਾਂ ਡਰ ਚਾਹੇ ਕਿਸੇ ਚੀਜ ਦਾ ਕਿਸੇ ਵੀ ਕਾਰਨ ਉਪਜਿਆ ਹੋਵੇ ਪਰ ਇਸ ਦਾ ਮਕਸਦ ਵਿਅਕਤੀ ਦੀ ਹੋਂਦ ਦੇ ਖਾਰਜੀਕਰਨ ਨਾਲ

ਜੁੜਿਆ ਹੋਇਆ ਹੈ। ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਅਤੇ ਡਰ 'ਤੇ ਕਾਬੂ ਪਾਉਣ ਲਈ ਵਿਅਕਤੀ ਕੋਈ ਨਾ ਕੋਈ ਹੀਲਾ ਜ਼ਰੂਰ ਕਰਦਾ ਹੈ ਜਿਵੇਂ ਇਸ ਨਿਬੰਧ ਦੇ ਬਾਲ-ਪਾਤਰ ਜੁਗਤ ਨੂੰ ਅਪਣਾਉਂਦੇ ਹਨ। ਇਹ ਜੁਗਤ ਜੋ ਨਿਬੰਧ ਵਿਚ ਬੱਚਿਆਂ ਦੇ ਵਾਰਤਾਲਾਪ ਵਿਚੋਂ ਉਭਰਦੀ ਹੈ ਪ੍ਰੀਤਲੜੀ ਦੀ ਮਾਨਵਵਾਦੀ ਵਿਚਾਰਧਾਰਾ ਨੂੰ ਚਿਹਨੀਕ੍ਰਿਤ ਕਰਦੀ ਹੈ। ਇਸ ਜੁਗਤ ਨੂੰ ਉਪ ਬਿਰਤਾਂਤ ਵੀ ਕਹਿ ਸਕਦੇ ਹਾਂ ਜਿਨ੍ਹਾਂ ਨੇ ਮੁੱਖ ਬਿਰਤਾਂਤ ਵਿਚ ਰਲ ਕੇ ਕਿਸੇ ਖਾਸ ਥੀਮ ਦੀ ਉਸਾਰੀ ਕਰਨੀ ਹੈ।

ਇਥੇ ਨਿਬੰਧਕਾਰ ਆਧੁਨਿਕ ਸਮੇਂ ਵਿਚਲੇ ਮਨੁੱਖ ਕਦਰਿਤ ਤੇ ਮਨੁੱਖ ਦੁਆਰਾ ਸਿਰਜੇ ਸੰਕਟਾਂ, ਸਮੱਸਿਆਵਾਂ ਤੇ ਡਰਾਂ ਨਾਲ ਦੋ-ਚਾਰ ਹੋਣ ਲਈ ਕਿਸੇ ਸਹਾਰੇ ਤੋਂ ਸੰਪੂਰਨ ਤੌਰ 'ਤੇ ਇਨਕਾਰੀ ਹੈ। ਨਿਬੰਧ ਵਿਚਲਾ ਰਹੱਸ ਅਤੇ ਉਤਸੁਕਤਾ ਹੋਰ ਵੀ ਤੀਬਰ ਰੂਪ ਵਿਚ ਪ੍ਰਚੰਡ ਹੋ ਜਾਂਦੀ ਹੈ ਤੇ ਪਾਠਕ ਬੱਚਿਆਂ ਦੇ ਡਰ ਦੇ ਪੂਰਣ ਹੋਣ ਜਾਂ ਖਾਰਜ ਹੋਣ ਦੀ ਅਸਮੰਜਮਤਾ ਵਿਚ ਨਿਬੰਧ ਦੇ ਅਗਲੇ ਚਰਣ ਵਿਚ ਪ੍ਰਵੇਸ਼ ਕਰਦਾ ਹੈ। ਹੁਣ ਤੱਕ ਨਿਬੰਧ ਵਿਚ ਕੁਝ ਨਹੀਂ ਵਾਪਰਿਆ ਸਿਰਫ ਵਾਪਰ ਜਾਣ ਦੀ ਸੰਭਾਵਨਾ ਵਿਚ ਹੀ ਨਿਬੰਧ ਅੱਗੇ ਵੱਧਦਾ ਹੈ। ਨਿਬੰਧ ਦੇ ਅਗਲੇ ਹੀ ਚਰਣ ਵਿਚ ਇਹ ਡਰ ਖਾਰਜ ਹੋ ਜਾਂਦਾ ਹੈ ਜਦੋਂ ਮੈਂ ਪਾਤਰ (ਪੱਗੜੀਧਾਰ) ਲਿਲਾਹ ਨੂੰ ਆਪਣੇ ਕੋਲ ਬੁਲਾਉਂਦਾ ਹੈ:

ਬੱਚੇ ਕੀ ਆਖਦੇ ਸਨ?<br>
ਜੀ ਉਹ ਆਖਦੇ ਸਨ, ਕੀ ਭਾਵੀ ਬਾਨਾਂ ਨੂੰ<br>
ਚੁੱਕ ਲਿਜਾਂਦਾ ਏ।<br>
ਤੇ ਤੂੰ ਕੀ ਆਂਹਦੀ ਸੈਂ?<br>
ਮੈਂ ਆਂਹਦੀ ਸਾਂ, ਇਹ ਨਹੀਂ ਚੁੱਕਦਾ<br>
ਮੈਂ<br>
ਹੱਥ ਲਾ ਕੇ ਦੱਸ ਦਿਆਂਗੀ।<br>
ਚੰਗਾ ਲਿਲਾਹ - ਮੈਨੂੰ ਆਪਣੇ ਸਾਥੀਆਂ<br>
ਨਾਲ ਚਲ ਕੇ ਮਿਲਾ, ਮੈਂ ਉਨ੍ਹਾ ਨੂੰ ਪਿਆਰ ਕਰਾਂਗਾ।

ਇਥੇ ਆ ਕੇ ਨਿਬੰਧ ਵਿਚਲੇ ਬਾਲ - ਪਾਤਰਾਂ ਦੇ ਮਨ ਵਿਚਲਾ ਡਰ ਖਾਰਜ ਹੋ ਜਾਂਦਾ ਹੈ। ਹੁਣ ਬਾਲ ਪਾਤਰ ਵਾਪਰਨ ਵਾਲੀ ਅਣਹੋਣੀ ਤੋਂ ਮੁਕਤ ਹੋ ਕੇ ਮੈਂ ਪਾਤਰ ਨਾਲ ਜੁੜਦੇ ਹਨ ਅਤੇ ਇਥੋਂ ਤੱਕ ਕਿ ਲਿਲਾਹ ਮਿਸਟਰ ਸਿੰਘ ਨਾਲ ਵਾਅਦਾ ਲੈ ਕੇ ਜਾਂਦੀ ਹੈ ਕਿ ਉਹ ਉਹਨਾਂ ਦੇ ਸਕੂਲ ਜ਼ਰੂਰ ਆਵੇਗਾ।

ਨਿਬੰਧ ਵਿਚਲੇ ਬਾਲ ਪਾਤਰਾਂ ਦਾ ਭਾਰਤ ਦੇ ਸੱਪਾਂ ਬਾਰੇ, ਕਿਸਮਤ ਦੱਸਣ ਵਾਲਿਆਂ ਬਾਰੇ, ਮੁੰਡੇ-ਕੁੜੀਆਂ ਦੇ ਸਕੂਲਾਂ ਬਾਰੇ ਪੁੱਛਣਾ ਅੰਗਰੇਜ ਬੱਚਿਆਂ ਦਾ ਭਾਰਤੀ ਲੋਕਧਾਰਾਈ ਪਰੰਪਰਾ ਨਾਲ ਮਾਨਸਿਕ ਤੌਰ 'ਤੇ ਜੁੜੇ ਹੋਣ ਦਾ ਸੂਚਕ ਹੈ। ਭਾਵੇਂ ਇਹ ਲੋਕਧਾਰਾਈ ਮਿੱਥਾਂ ਪੰਜਾਬੀ ਮਾਨਸਿਕਤਾ ਨਾਲ ਜੁੜਿਆ ਜੜ੍ਹਤ-ਬੀੜਤ ਦਾ ਪ੍ਰਪੰਚ ਹੈ ਪਰ ਇਹ ਮਨੁੱਖੀ ਕਾਰਜ ਵਿਚ ਨਿਹਿਤ ਹੈ ਜੋ ਕਿਸੇ ਅਲੌਕਿਕ ਢੋਈ ਦੀ ਜਗ੍ਹਾ ਮਨੁੱਖ ਨੂੰ ਅਹਿਮੀਅਤ ਦਿੰਦਾ ਹੈ।

ਪ੍ਰੀਤਲੜੀ ਨੇ ਸਰਲ ਬਿਰਤਾਂਤ ਜ਼ਰੀਏ ਮਨੁੱਖੀ ਜ਼ਿੰਦਗੀ ਦੀ ਅਸਰਲਤਾ ਨੂੰ ਸਹਿਜੇ ਹੀ ਇਥੇ ਪੇਸ਼ ਕੀਤਾ ਹੈ। ਆਰੰਭ ਵਿਚ ਜਿਥੇ ਬਾਲ-ਪਾਤਰ ਮਿਸਟਰ ਸਿੰਘ ਤੋਂ ਡਰਦੇ ਹਨ ਉਥੇ ਡਰ ਖਤਮ ਹੋਣ ਤੋਂ ਬਾਅਦ ਉਸ ਨਾਲ ਲਗਾਅ ਰੱਖਦੇ ਹਨ ਅਤੇ ਲੇਖਕ ਦੇ ਵਾਪਸ ਜਾਣ ਵਕਤ ਅੱਖਾਂ ਵਿਚ ਅੱਥਰੂ ਵੀ ਸੁੱਟਦੇ ਹਨ।

ਓ ਪ੍ਰੀਤ ਤੂੰ ਮੁਲਕ ਨਹੀਂ ਵੇਖਦੀ<br>
ਕੌਮ ਨਹੀਂ ਵੇਖਦੀ, ਲਹੂ ਨਹੀਂ ਵੇਖਦੀ,<br>
ਉਮਰ ਨਹੀਂ ਵੇਖਦੀ - ਜਿਥੇ ਜੀਅ ਆਈ।<br>
ਜਿਦੇ ਨਾਲ ਜੀਅ ਆਈ। ਆਪਣੀਆਂ ਪੁਸ਼ਪ<br>
ਕੜੀਆਂ ਨਾਲ ਤੂੰ ਮੈਨੂੰ ਕੱਸ ਦੇਨੀ ਏਂ।

ਇਥੇ ਆ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖਤਾ ਤੋਂ ਉੱਪਰ ਕੁਝ ਨਹੀਂ। ਧਰਮ, ਜਾਤ, ਫਿਰਕਾ ਮਾਨਵਵਾਦ ਸਾਹਮਣੇ ਕੋਈ ਅਹਿਮੀਅਤ ਨਹੀਂ ਰੱਖਦਾ। ਦੋ ਵੱਖ-ਵੱਖ ਧਰਮਾਂ, ਫਿਰਕਿਆਂ ਦੇ ਲੋਕਾਂ ਵਿਚ ਸਿਰਜੀ ਗਈ ਰਾਹਤ ਦੀ ਸਥਿਤੀ ਮਨੁੱਖ ਦੇ ਉਸ ਵਿਹਾਰ ਨਾਲ ਪ੍ਰਣਾਈ ਹੈ ਜਿਥੇ ਇਕ ਮਨੁੱਖ ਦਾ ਦੂਸਰੇ ਮਨੁੱਖ ਨਾਲ ਇਕ ਯਥਾਰਥਕ ਹੈ।

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ**
**ਡੀ.ਏ.ਵੀ. ਕਾਲਜ ਫਾੱਰ ਵਿਮੈਨ, ਫਿਰੋਜ਼ਪੁਰ ਛਾਉਣੀ।**

**(ਸਫਾ 46 ਦਾ ਬਾਕੀ)**


ਕਰਵਾਉਂਦੀ ਹੈ।

3. ਇਤਿਹਾਸਕਰਤਾ - ਕੋਈ ਵੀ ਸਵੈ-ਜੀਵਨੀ ਇੱਕ ਸਾਹਿਤਿਕ ਕਿਰਤ ਹੋਣ ਦੇ ਨਾਲ-ਨਾਲ ਇਤਿਹਾਸਿਕ ਦਸਤਾਵੇਜ਼ ਵੀ ਹੁੰਦੀ ਹੈ। ਲੇਖਕ ਨੂੰ ਆਪਣੇ ਜੀਵਨ ਨਾਲ ਸਬੰਧਿਤ ਤੱਥਾਂ ਅਤੇ ਘਟਨਾਵਾਂ ਦੇ ਸਮਾਂਤਰ ਸਮਕਾਲੀ ਇਤਿਹਾਸਿਕ ਘਟਨਾਵਾਂ ਬਾਰੇ ਵੀ ਸੰਕੇਤ ਕਰਦੇ ਰਹਿਣਾ ਚਾਹੀਦਾ ਹੈ।

ਆਪਣੇ ਅਤੀਤ ਦੇ ਪਰਛਾਵੇ ਨੂੰ ਸ਼ਬਦਾ ਦੀ ਜਾਦੂਗਰੀ ਨਾਲ ਪਾਠਕਾ ਦੇ ਅੱਗੇ ਪੇਸ਼ ਕਰਨਾ ਸੱਚਮੁਚ ਇੱਕ ਅਦਾ ਹੈ। ਜ਼ਿੰਦਗੀ ਦਾ ਉਤਾਰ ਚੜਾਵ ਹਰ ਮਨੁੱਖੀ ਕੋਮ ਦਾ ਇੱਕ ਅਹਿਮ ਹਿੱਸਾ ਹੈ ਜਿਸ ਤੋਂ ਬਿਨ੍ਹਾਂ ਕੋਈ ਆਦਮਜਾਤ ਸੰਪੂਰਨ ਨਹੀਂ ਹੋ ਸਕਦਾ। ਕੁੱਛ ਸੰਕੋਚ ਜਾ ਦੁਨਿਆਵੀ ਸ਼ਰਮ ਨਾਲ ਲਬਰੇਜ ਹੋ ਕੇ ਲਕੋ ਲੈਂਦੇ ਹਨ ਤੇ ਕੁੱਛ ਆਮ ਜਹੀ ਗੱਲ ਮਨ ਕੇ ਮਨ ਦੇ ਭਾਵਾਂ ਨੂੰ ਕਲਮ ਦੀ ਮਦਦ ਨਾਲ ਸਵੈਜੀਵਨੀ ਦੇ ਰੂਪ ਵਿੱਚ ਪੇਸ਼ ਕਰ ਦਿੰਦੇ ਹਨ।

**ਰਿਸਰਚ ਸਕਾਲਰ**
**ਪੰਜਾਬੀ ਵਿਭਾਗ, ਦੇਸ਼ ਭਗਤ ਯੂਨੀਵਰਸਿਟੀ,**
**ਮੰਡੀ ਗੋਬਿੰਦਗੜ੍ਹ**


# ਪ੍ਰਤਿਮਾਨ ਦੇ ਲੇਖਕ ਦੋਸਤਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



RNI NO. PUNPUN / 2006 / 16230 Oct. Dec 2021 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ
































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS